ਮਾਸਕ ੴ ਪਤ੍ਰ
ਵਾਹਿਗੁਰੂ ਜੀ ਕੀ ਫ਼ਤਹ॥
# ਸੂਰਾ
ਅੰਮ੍ਰਿਤਸਰ

ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ)
ਜਿਥੇ ਹਰ ਸਾਲ ਵਿਸਾਖੀ ਸਮੇਂ ਸਿਖ ਸੰਗਤ ਭਾਰੀ ਗਿਣਤੀ ਵਿਚ ਪੁਜਦੀਆਂ ਹਨ



www.AKJ.Org

ਅਪ੍ਰੈਲ ੧੯੯੪ * APRIL 1994

# ਤਤਕਰਾ


| | | |
|---|---|---|
| ਵੈਸਾਖੁ ਭਲਾ | ੩ | ਤੁਖਾਰੀ ਬਾਰਹਮਾਹਾ ਮਹਲਾ ੧ |
| —ਅਰਥ ਵਿਆਖਿਆ | ੪ | — — — |
| ਵੈਸਾਖੀ ਤੇ ਅੰਮ੍ਰਿਤ ਸਮਾਗਮ ਰਚਣ ਦਾ ਚੋਜ | ੬ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਅੰਮ੍ਰਿਤ-ਗੁਰ-ਦੀਖਿਆ | ੮ | ਪ੍ਰੋਫੈਸਰ ਸਵਰਨਜੀਤ ਸਿੰਘ ਜੀ |
| ਗੁਰੂ ਗੋਬਿੰਦ ਸਿੰਘ : ਆਪੇ ਗੁਰ ਚੇਲਾ | ੧੧ | ਪ੍ਰੋਫੈਸਰ ਜੋਗਿੰਦਰ ਸਿੰਘ ਜੀ |
| ਗੁਰਬਾਣੀ-ਕੀਰਤਨ ਅਤੇ ਭਾਈ ਰਣਧੀਰ ਸਿੰਘ ਜੀ | ੧੪ | ਡਾਕਟਰ ਸਰਬਜੀਤ ਕੌਰ ਜੀ |
| ਜਾਗਤ-ਜੋਤਿ ਕਿਵੇਂ ਜਗਦੀ ਹੈ ? | ੧੮ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਸਿੱਖੀ ਦੀ ਪਰਖ | ੧੯ | ਪਾਂਧੀ ਨਨਕਾਣਵੀ |
| ਸਮੱਸਿਆ ਸਿਖ ਵਕਾਰ ਦੀ ਬਹਾਲੀ ਦੀ (੨) | ੨੩ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਕਬਿਤ ਸਵੱਯੇ ਭਾਈ ਗੁਰਦਾਸ ਜੀ (੨੫) | ੨੭ | — — — |
| ਭੂਰਿਆਂ ਵਾਲੇ ਰਾਜੇ ਕੀਤੇ (੩੭) | ੩੧ | ਕੈਪਟਨ ਸਵਰਨ ਸਿੰਘ ਜੀ |
| ਮਹਾਨ ਗਤੀਆਤਮਿਕ ਸ਼ਖਸੀਅਤ | ੩੭ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਇਕਨਾ ਨੋ ਸਭ ਸੋਝੀ ਆਈ | ੪੨ | ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ |
| ਗੁਰਸਿਖੀ ਅੰਮ੍ਰਿਤੁ ਬੀਜਿਆ | ੪੭ | ਗਿਆਨੀ ਹਰਿਬੰਸ ਸਿੰਘ ਜੀ ਤੇਗ |
| ਸਪੱਸ਼ਟੀਕਰਨ | ੫੦ | ਜਥੇਦਾਰ ਸਾਹਿਬ |
| ਜਥੇਦਾਰ ਸਾਹਿਬ ਵਲੋਂ ਸੰਗਤੀ ਫ਼ੈਸਲੇ | ੫੧ | ,, ,, |


| | | | |
|---|---|---|---|
| ਸ੍ਰੀ ਗੁਰੂ ਹਰਿ ਰਾਇ ਸਾਹਿਬ ਗੁਰਿਆਈ | ੮ ਅਪ੍ਰੈਲ | ਸ੍ਰੀ ਗੁਰੂ ਅਮਰਦਾਸ ਜੀ ਗੁਰਿਆਈ | ੧੧ ਅਪ੍ਰੈਲ |
| ਸ੍ਰੀ ਗੁਰੂ ਅੰਗਦ ਸਾਹਿਬ ਜੋਤੀ ਜੋਤਿ | ੧੫ ,, | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੋਤੀ ਜੋਤਿ | ੧੬ ,, |
| ਸ੍ਰੀ ਗੁਰੂ ਤੇਗ ਬਹਾਦਰ ਜੀ ਗੁਰਿਆਈ | ੨੪ ,, | ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਜੋਤੀ ਜੋਤਿ | ੨੪ ,, |
| ਸ੍ਰੀ ਗੁਰੂ ਤੇਗ ਬਹਾਦਰ ਜੀ ਅਵਤਾਰ | ੩੦ ,, | ਵੈਸਾਖੀ (ਖਾਲਸੇ ਦਾ ਜਨਮ) | ੧੩ ,, |

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੨. ਹੁਸ਼ਿਆਰਪੁਰ —ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੩. ਪਟਿਆਲਾ— ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਦੂਖ ਨਿਵਾਰਨ ਸਾਹਿਬ
੪. ਚੰਡੀਗੜ੍ਹ ਤੇ ਮੋਹਾਲੀ—ਭਾਈ ਫ਼ੋਜਿੰਦਰ ਸਿੰਘ ਜੀ, ੫੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੫. ਜ਼ਿਲਾ ਸੰਗਰੂਰ—(ੳ) ਸ. ਸੁਖਵਿੰਦਰ ਸਿੰਘ ਭੱਟੀ, ਐਡਵੋਕੇਟ, ਸੰਗਰੂਰ ਕੋਰਟ
(ਅ) ਪਿੰਡ ਉਪੋਕੇ [ਉਪਲ ਖੇੜੀ] ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ
੬. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ
੭. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਜ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੮. ਬਠਿੰਡਾ—ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ
੯ ਮੋਗਾ—ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ. ਟੀ. ਰੋਡ, ਫ਼ੋਨ 43349
੧੦. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 231520

ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੫-੪-੯੪ ਨੂੰ ਪ੍ਰਕਾਸ਼ਤ ਕੀਤਾ



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੇ ਜਾ ਕਾ ਸਤਿਗੁਰੁ ਪੂਰਾ ॥


# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

ਦੇਸ ੩੦-੦੦
ਇਕ ਪਰਚਾ ੩-੦੦

**ਪਰਦੇਸ (ਸਾਰੇ)**
**ਸਾਲਾਨਾ ਚੰਦਾ**

ਸਮੁੰਦਰੀ ਡਾਕ ੮੦-੦੦
ਹਵਾਈ ਡਾਕ ੨੫੦-੦੦

Foreign Subscription
Sea Mail 80-00
Air Mail 250-00

**ਅਮਾਨਤੀ**
**ਲਾਈਫ਼ ਮੈਂਬਰ**

ਦੇਸ ੨੫੦-੦੦

ਪਰਦੇਸ
ਸਮੁੰਦਰੀ ਡਾਕ ੮੦੦-੦੦
ਹਵਾਈ ਡਾਕ ੨੦੦੦-੦੦

## ਅਖੰਡ ਕੀਰਤਨ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੮ ਅਪਰੈਲ ੧੯੯੪ ਅੰਕ ੪


## ਵੈਸਾਖੁ ਭਲਾ

ਵੈਸਾਖੁ ਭਲਾ ਸਾਖਾ ਵੇਸ ਕਰੇ ॥
ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥
ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ ॥
ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ ॥
ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ॥
ਨਾਨਕ ਵੈਸਾਖੀਂ ਪ੍ਰਭੁ ਭਾਵੈ ਸੁਰਤਿ ਸਬਦਿ ਮਨੁ ਮਾਨਾ ॥੬॥

ਭਲਾ—ਸੋਹਣਾ, ਸੁਹਾਵਣਾ। ਸਾਖਾ—ਸ਼ਾਖ਼ਾਂ,ਨਵ-ਫੁਟੀਆਂ ਟਾਹਣੀਆਂ। ਵੇਸ ਕਰੇ—ਸੋਹਣੇ ਵੇਸ ਧਾਰਦੀਆਂ ਹਨ। ਧਨ—ਜੀਵ-ਇਸਤ੍ਰੀ। ਹਰਿ ਦੁਆਰਿ—ਹਰੀ-ਪ੍ਰਭੂ ਦੇ ਦੁਆਰ ਵਲ। ਦਇਆ ਕਰੇ—ਤਰਸ ਕਰ ਕੇ। ਕਰੇ—ਕਰਿ, ਕਰ ਕੇ। ਘਰਿ—ਹਿਰਦੇ ਘਰ ਵਿਚ। ਦੁਤਰ—ਨਾ ਤਰਿਆ ਜਾ ਸਕਣ ਵਾਲਾ, ਸੰਸਾਰ ਸਾਗਰ। ਅਢੁ—ਅੱਧੀ ਕੌਡੀ। ਕੀਮਤਿ ਕਉਣ ਕਰੇ—ਕੀਮਤ ਕੌਣ ਪਾ ਸਕਦੀ ਹੈ? (ਕਉਣ—'ਣ' ਮੁਕਤਾ-ਅੰਤ, ਇਸਤ੍ਰੀ ਲਿੰਗ)। ਤੁਧੁ ਭਾਵਾਂ—ਤੈਨੂੰ ਚੰਗੀ ਲਗ ਜਾਵਾਂ। ਦੇਖਿ—ਦਰਸ਼ਨ ਦੇਖ ਕੇ। ਦਿਖਾਵੈ—ਦਰਸ਼ਨ, ਦਿਖਾ ਦੇਵੇ। ਢੋਲੋ—ਢੋਲੇ ਦਾ, ਪਿਆਰੇ ਦਾ। ਅੰਤਰਿ—ਅੰਤਰ-ਆਤਮੇ। ਮਾਨਾ—ਪ੍ਰਤੀਤ ਕਰ ਲਵਾਂ। ਵੈਸਾਖੀਂ—ਵੈਸਾਖ ਮਹੀਨੇ ਵਿਚ। ਸੁਰਤਿ ਸਬਦਿ ਮਨੁ ਮਾਨਾ—ਸੁਰਤਿ ਸ਼ਬਦ ਵਿਚ ਜੁੜ ਕੇ ਮਨ ਪਤੀਜ ਜਾਂਦਾ ਹੈ।




www.AKJ.Org

# ਅਰਥ ਵਿਆਖਿਆ

**ਅਰਥ** :

ਵੈਸਾਖ ਮਹੀਨਾ ਸੁਹਾਵਣਾ ਹੈ, (ਕਿਉਂਕਿ ਇਸ ਮਹੀਨੇ ਬ੍ਰਿਛਾਂ ਬੂਟਿਆਂ ਦੀਆਂ) ਨਵ-ਫੁੱਟੀਆਂ ਟਾਹਣੀਆਂ ਸੋਹਣੇ ਵੇਸ ਕਰਦੀਆਂ ਹਨ। (ਨਵ-ਮੁਟਿਆਰਾਂ ਵਾਂਗ ਉਨ੍ਹਾਂ ਦੇ ਸੋਹਣੇ ਕੀਤੇ ਵੇਸ ਵੇਖ ਕੇ, ਪ੍ਰਭੂ-ਪਤੀ ਦੇ ਦਰਸ਼ਨਾਂ ਨੂੰ ਤਾਂਘਦੀ ਜੀਵ-ਇਸਤ੍ਰੀ ਦੀ ਪ੍ਰੀਤ ਪ੍ਰਬਲ ਹੋ ਜਾਂਦੀ ਹੈ ਅਤੇ ਉਹ) ਜੀਵ-ਇਸਤ੍ਰੀ ਹਰੀ-ਪ੍ਰਭੂ ਦੇ ਦੁਆਰ ਵਲ (ਬੜੀ ਤਾਂਘ ਨਾਲ) ਵੇਖਦੀ ਹੈ (ਅਤੇ ਤਰਲੇ ਲੈਂਦੀ ਪੁਕਾਰਦੀ ਹੈ, ਮੇਰੇ ਪ੍ਰੀਤਮ ਪ੍ਰਭੂ ਜੀ! ਮੇਰੇ ਹਿਰਦੇ-ਘਰ ਵਿਚ) ਤਰਸ ਕਰ ਕੇ ਆ ਵਸੋ ਜੀ।

ਮੇਰੇ ਪ੍ਰੀਤਮ-ਪ੍ਰਭੂ ਜੀ! ਮੇਰੇ ਹਿਰਦੇ-ਘਰ ਵਿਚ ਆ ਵਸੋ! (ਇਉਂ ਹਿਰਦੇ-ਘਰ ਵਿਚ ਨਾਮ-ਸਿਮਰਨ ਦੇ ਅਨੰਦ-ਬਿਨੋਦੀ ਰੰਗ-ਰਸ ਬਖਸ਼ਦੇ ਹੋਏ) ਮੈਨੂੰ ਔਖੇ ਤਰੇ ਜਾਣ ਵਾਲੇ ਸੰਸਾਰ-ਸਾਗਰ ਤੋਂ ਪਾਰ ਕਰ ਲਵੋ ਜੀ। ਪ੍ਰੀਤਮ-ਪਿਆਰੇ ਜੀ! ਤੇਰੇ (ਦਰਸ਼ਨ-ਮਿਲਾਪ) ਤੋਂ ਬਿਨਾਂ ਮੇਰਾ ਮੁੱਲ ਅੱਧੀ ਕੌਡੀ ਜਿੰਨਾ ਵੀ ਨਹੀਂ ਹੈ।

ਪਰ ਮੇਰੇ ਪਿਆਰੇ ਜੀਉ, (ਜੇ ਪਿਆਰਾ ਸਤਿਗੁਰੂ) ਤੇਰਾ ਦਰਸ਼ਨ ਕਰਦਾ ਹੋਇਆ, ਮੈਨੂੰ ਵੀ ਤੇਰਾ ਦਰਸ਼ਨ ਕਰਾ ਦੇਵੇ ਅਤੇ ਇਉਂ ਤੈਨੂੰ ਚੰਗੀ ਲਗ ਜਾਵਾਂ ਤਾਂ ਫਿਰ ਮੇਰੀ ਕੀਮਤ ਕਿਹੜੀ ਜੀਵ-ਇਸਤ੍ਰੀ ਪਾ ਸਕਦੀ ਹੈ (ਭ ਵ, ਮੇਰੇ ਜਿੰਨੀ ਵਡ-ਭਾਗਣ ਕੋਈ ਜੀਵ-ਇਸਤ੍ਰੀ ਨਹੀਂ ਹੋ ਸਕਦੀ)।

(ਤੇਰੇ ਦਰਸ਼ਨ-ਮਿਲਾਪ ਸਦਕਾ, 'ਸਰਬ ਨਿਵਾਸੀ ਘਟਿ ਘਟਿ ਵਾਸੀ' ਪ੍ਰੀਤਮ-ਪ੍ਰਭੂ) ਮੈਨੂੰ ਕਿਤੇ ਦੂਰ-ਵਸਦਾ ਨਹੀਂ ਦਿਸੇਗਾ, ਸਗੋਂ ਆਪਣੇ ਅੰਤਰ-ਆਤਮੇ ਹੀ ਰਵ ਰਹਿਆ ਪ੍ਰਤੀਤ ਹੋਵੇਗਾ। (ਇਉਂ ਪ੍ਰਭੂ-ਪ੍ਰੀਤਮ ਨਾਲ ਅੰਤਰ-ਆਤਮੇ ਰੰਗ-ਰਸ ਮਾਣਦੀ ਹੋਈ) ਮੈਨੂੰ ਪ੍ਰਭੂ-ਪ੍ਰੀਤਮ ਦੇ ਦਰ-ਘਰ ਦੀ ਸੋਝੀ ਹੋ ਜਾਵੇਗੀ।

'ਨਾਨਕ' ਮੁਹਰ-ਛਾਪ ਹੇਠ ਸਤਿਗੁਰੂ ਜੀ ਫੁਰਮਾਂਦੇ ਹਨ ਕਿ (ਹਰਿਆਵਲੀ ਸੁੰਦਰਤਾ ਵਾਲੇ ਵੈਸਾਖ ਮਹੀਨੇ ਵਿਚ ਜਿਸ ਜੀਵ-ਇਸਤ੍ਰੀ ਦੀ) ਸੁਰਤਿ (ਸਤਿਗੁਰੂ ਦੇ ਬਖਸ਼ੇ) ਸ਼ਬਦ ਵਿਚ, ਨਾਮ ਸਿਮਰਨ ਵਿਚ ਜੁੜ ਕੇ, ਉਸ ਦਾ ਮਨ ਉਸ ਵਿਚ ਪਤੀਜ ਜਾਦਾ ਹੈ, (ਭਾਵ ਇਕ-ਰਸ ਨਾਮ-ਸਿਮਰਨ ਵਿਚ ਗਿਝ ਜਾਂਦਾ ਹੈ), ਉਹ ਜੀਵ-ਇਸਤ੍ਰੀ ਪ੍ਰਭੂ-ਪ੍ਰੀਤਮ ਨੂੰ ਪਿਆਰੀ ਲਗ ਜਾਂਦੀ ਹੈ।

**ਵਿਆਖਿਆ** :

ਚੇਤ ਵਿਚ ਬਸੰਤ ਰੁੱਤ ਆਉਣ ਪਿਛੋਂ ਵੈਸਾਖ ਮਹੀਨੇ ਤਕ ਬ੍ਰਿਛਾਂ ਬੂਟਿਆਂ ਤੇ ਹਰਿਆਵਲ ਆਉਣ ਨਾਲ ਰੌਣਕ ਛਾ ਜਾਂਦੀ ਹੈ। ਜਿਵੇਂ ਸੱਜ-ਵਿਆਹੀਆਂ ਮੁਟਿਆਰਾਂ ਸੋਹਣੇ ਸੋਹਣੇ ਬਸਤਰ ਪਹਿਰਦੀਆਂ ਸ਼ੋਭਦੀਆਂ ਹਨ, ਇਉਂ ਹੀ ਬ੍ਰਿਛਾਂ ਬੂਟਿਆਂ ਦੀਆਂ ਨਵੀਆਂ ਫੁਟੀਆਂ ਟਾਹਣੀਆਂ ਕੁਦਰਤ ਦੇ ਖੇੜੇ ਨਾਲ ਖਿੜੀਆਂ ਨਜ਼ਰ ਆਉਂਦੀਆਂ ਹਨ। ਚੇਤ ਤੇ ਵੈਸਾਖ ਦੇ ਮਹੀਨੇ ਵਿਚ ਨਵੀਆਂ ਕਲੀਆਂ ਤੇ ਨਵੇਂ ਪੱਤਿਆਂ ਨਾਲ ਸਭ ਬਨਾਸਪਤੀ ਪ੍ਰਫੁਲਿਤ ਹੋ ਕੇ ਸੁਖ ਦਾ ਪ੍ਰਗਟਾਵਾ ਕਰ ਰਹੀ ਹੁੰਦੀ ਹੈ—

ਰੁਤਿ ਸਰਸ ਬਸੰਤ, ਮਾਹ ਚੇਤੁ ਵੈਸਾਖੁ ਸੁਖ ਮਾਸ ਜੀਉ ॥੨॥ (ਪੰਨਾ ੯੨੭)

ਕੁਦਰਤ ਦਾ ਅਜਿਹਾ ਸੁਹਾਵਣਾ ਮਾਹੌਲ ਜਗਿਆਸੂ ਜੀਵ-ਇਸਤ੍ਰੀ ਨੂੰ ਵੀ ਉਤਸ਼ਾਹਤ ਕਰਦਾ ਹੈ। ਅਤੇ ਉਸ ਦੇ ਅੰਦਰ ਪ੍ਰਭੂ-ਦਰਸ਼ਨਾਂ ਦੀ ਸਿਕ ਤੀਖਣ ਰੂਪ ਵਿਚ ਆ ਪ੍ਰਗਟਦੀ ਹੈ। ਉਹ ਪ੍ਰਭੂ-ਦਰ ਤੇ ਪੁਕਾਰ ਕਰਦੀ ਹੈ, ਪ੍ਰਭੂ ਜੀਉ, ਮੇਰੀ ਵੀ ਆਸ ਪੂਰੀ ਕਰੋ, ਤਾਕਿ ਮੈਂ ਜਨਮ-ਜਨਮਾਂਤਰਾਂ ਦੀ ਵਿਛੜੀ ਹੋਈ ਦੇ ਸਾਰੇ ਝੋਰੇ ਦੂਰ ਹੋ ਜਾਣ—

ਆਸਾਵੰਤੀ ਆਸ ਗੁਸਾਈ ਪੂਰੀਐ ॥ ਮਿਲਿ ਗੋਪਾਲ ਗੋਬਿੰਦ ਨ ਕਬਹੂ ਝੂਰੀਐ ॥
ਦੇਹੁ ਦਰਸੁ ਮਨਿ ਚਾਉ ਲਹਿ ਜਾਇ ਵਿਸੂਰੀਐ ॥ ਹੋਇ ਪਵਿਤ੍ਰ ਸਰੀਰੁ ਚਰਨਾ ਧੂਰੀਐ ॥
ਪਾਰਬ੍ਰਹਮ ਗੁਰਦੇਵ ਸਦਾ ਹਜੂਰੀਐ ॥੧੩॥ (ਪਉੜੀ, ਜੈਤਸਰੀ ਕੀ ਵਾਰ, ਪੰ. ੭੦੮)


www.AKJ.Org

ਉਹ ਜੀਵ-ਇਸਤ੍ਰੀ ਸਵਾਂਤੀ ਬੂੰਦ ਨੂੰ ਤਰਸਦੇ ਪਪੀਹੇ ਵਾਂਗ ਆਪਣੇ ਪ੍ਰਿਅ-ਪ੍ਰਭੂ ਨੂੰ ਤਾਂਘਦੀ ਪੁਕਾਰਦੀ ਹੈ—

ਆਸ ਪਿਆਸੀ ਪਿਰ ਕੈ ਤਾਈ ਜਿਉ ਚਾਤ੍ਰਿਕ ਬੂੰਦੇਰੇ ॥
ਕਹੁ ਨਾਨਕ ਜੀਅੜਾ ਬਲਿਹਾਰੀ ਦੇਹੁ ਦਰਸੁ ਪ੍ਰਭ ਮੇਰੇ ॥੨॥ (ਤੁਖਾਰੀ ਛੰਤ ਮ: ੫, ੧੧੧੭)

ਪ੍ਰਭੂ-ਦਰਸ਼ਨਾਂ ਤੋਂ ਬਿਨਾਂ ਉਹ ਜਾਣਦੀ ਹੈ ਕਿ ਮੇਰਾ ਜੀਵਨ ਕਿਸੇ ਲੇਖੇ ਨਹੀਂ, ਮੈਂ ਅੱਧੀ ਕੌਡੀ ਦੀ ਵੀ ਨਹੀਂ, ਮੇਰਾ ਕੋਈ ਥਾਂ-ਥਿੱਤਾ ਨਹੀਂ। ਉਸ ਨੂੰ ਖਾਣ-ਪੀਣ ਦੇ ਰਸ-ਕਸ ਭੁਲ ਜਾਂਦੇ ਹਨ ਅਤੇ ਇਕੋ ਦਰਸ਼ਨਾਂ ਦੀ ਲਿੱਲ ਲਗ ਜਾਂਦੀ ਹੈ ;—

ਹਉ ਭਈ ਉਡੀਣੀ ਕੰਤ ਕਉ ਅੰਮਾਲੀ, ਸੋ ਪਿਰੁ ਕਦਿ ਨੈਣੀ ਦੇਖਾ ॥
ਸਭਿ ਰਸ ਭੋਗਣ ਵਿਸਰੇ, ਬਿਨੁ ਪਿਰ ਕਿਤੈ ਨ ਲੇਖਾ ॥੨॥੯॥ (ਪੰਨਾ ੫੬੪)

ਅਤੇ—ਕਰ ਕਾਸਾ ਦਰਸਨ ਕੀ ਭੂਖ ॥ ਮੈ ਦਰਿ ਮਾਗਉ ਨੀਤਾ ਨੀਤ ॥੧॥ (ਕਰ—ਹੱਥ)
ਤਉ ਦਰਸਨ ਕੀ ਕਰਉ ਸਮਾਇ ॥ ਮੈ ਦਰਿ ਮਾਗਤੁ ਭੀਖਿਆ ਪਾਇ ॥੧॥ਰਹਾਉ॥
(ਪੰਨਾ ੭੨੧)

ਜਗਿਆਸੂ-ਇਸਤ੍ਰੀ ਨੂੰ ਇਹ ਸੋਅ ਮਿਲਦੀ ਹੈ ਕਿ ਪੂਰਾ ਸਤਿਗੁਰੂ ਹੀ ਪ੍ਰਭੂ-ਮਿਲਾਪ ਕਰਾਉਣ ਦੇ ਸਮਰੱਥ ਹੈ ਅਤੇ ਸਮਰੱਥ ਗੁਰੂ ਹੀ, ਆਪ ਪਿਆਰੇ ਪ੍ਰਭੂ ਦੇ ਦਰਸ਼ਨਾਂ ਵਿਚ ਸਮਾਇਆ ਹੋਇਆ, ਪ੍ਰਮਾਰਥ ਦੇ ਜਗਿਆਸੂਆਂ ਨੂੰ ਦਰਸ਼ਨ ਕਰਾ ਸਕਦਾ ਹੈ। ਗੁਰਬਾਣੀ ਜੀਵ-ਇਸਤ੍ਰੀ ਦੀ ਭਾਵਨਾ ਨੂੰ ਉਜਾਗਰ ਕਰਦੀ ਹੈ—

ਮੈ ਪ੍ਰਭ ਮਿਲਣ ਪ੍ਰੇਮ ਮਨਿ ਆਸਾ ॥
ਗੁਰੁ ਪੂਰਾ ਮੇਲਾਵੈ ਮੇਰਾ ਪ੍ਰੀਤਮੁ, ਹਉ ਵਾਰਿ ਵਾਰਿ ਆਪਣੇ ਗੁਰ ਕਉ ਜਾਸਾ ॥੧॥ ਰਹਾਉ॥
(ਪੰਨਾ ੫੬੦-੬੧)

ਜਿਸ ਅਲੱਖ ਪ੍ਰਭੂ-ਪ੍ਰੀਤਮ ਨੇ ਖੰਡਾਂ ਮੰਡਲਾਂ ਬ੍ਰਹਮੰਡਾਂ ਦੀ ਰਚਨਾ ਕੀਤੀ ਹੈ ਅਤੇ ਜਿਸ ਇਕ ਤੋਂ ਸਾਰੀ ਸ੍ਰਿਸ਼ਟੀ ਦੀ ਹੋਂਦ ਹੋਈ ਹੈ, ਉਸ ਅਦ੍ਰਿਸ਼ਟ ਪ੍ਰਭੂ ਨੂੰ ਸਤਿਗੁਰੂ ਹੀ ਦੇਖ ਸਕਦਾ ਹੈ ਅਤੇ ਹੋਰਨਾਂ ਨੂੰ ਦਿਖਾ ਸਕਦਾ ਹੈ, ਅਤੇ ਬੁਝੇ ਹੋਏ ਦੀਵਿਆਂ ਨੂੰ ਨਾਮ ਦੀ ਜੋਤੀ ਬਖਸ਼ ਕੇ, ਉਨ੍ਹਾਂ ਦੇ ਅੰਦਰ ਜੋਤਿ ਦਾ ਪ੍ਰਗਾਸ ਕਰ ਦੇਂਦਾ ਹੈ। ਗੁਰ-ਵਾਕ ਹੈ—

ਏਕ ਮਹਿ ਸਰਬ, ਸਰਬ ਮਹਿ ਏਕਾ, ਏਹ ਸਤਿਗੁਰਿ ਦੇਖਿ ਦਿਖਾਈ ॥੫॥
ਜਿਨਿ ਕੀਏ ਖੰਡ ਮੰਡਲ ਬ੍ਰਹਮੰਡਾ, ਸੋ ਪ੍ਰਭੁ ਲਖਨੁ ਨ ਜਾਈ ॥੬॥
ਦੀਪਕ ਤੇ ਦੀਪਕੁ ਪਰਗਾਸਿਆ, ਤ੍ਰਿਭਵਣ ਜੋਤਿ ਜਗਾਈ ॥੭॥
ਸਚੈ ਤਖਤਿ ਸਚ ਮਹਲੀ ਬੈਠਾ, ਨਿਰਭਉ ਤਾੜੀ ਲਾਈ ॥੮॥੮॥
(ਰਾਮਕਲੀ ਮ: ੧, ਪੰਨਾ ੯੦੭)

ਵੈਸਾਖ ਮਹੀਨੇ ਦੇ ਅੰਤ ਵਿਚ ਸਤਿਗੁਰੂ ਜੀ ਨਿਰਣਾ ਕਰ ਕੇ ਦਸ ਰਹੇ ਹਨ ਕਿ ਇਹ ਮਹੀਨਾ ਉਨ੍ਹਾਂ ਲਈ ਹੀ ਸੁਹਾਵਣਾ ਹੈ ਜਿਨ੍ਹਾਂ ਦਾ ਮਨ ਗੁਰੂ ਦੇ ਬਖਸ਼ੇ ਸ਼ਬਦ (ਨਾਮ-ਸਿਮਰਨ) ਵਿਚ ਪਤੀਜ ਜਾਂਦਾ ਹੈ, ਜਿਨ੍ਹਾਂ ਦੀ ਸੁਰਤਿ ਸ਼ਬਦ ਵਿਚ ਲਿਵਲੀਨ ਹੋ ਜਾਂਦੀ ਹੈ। ਸ਼ਬਦ ਨਾਲ ਸੁਰਤ ਜੋੜਿਆਂ ਹੀ ਪ੍ਰਭੂ-ਪ੍ਰੀਤਮ ਨੂੰ ਚੰਗੇ ਲਗ ਸਕਦੇ ਹਾਂ, ਉਸ ਦਾ ਪਿਆਰ ਪ੍ਰਾਪਤ ਕਰ ਸਕਦੇ ਹਾਂ।

ਤਾਂ ਤੇ, ਹਰ ਗੁਰਸਿਖ ਨੂੰ ਪੂਰੇ ਸਤਿਗੁਰੂ ਤੋਂ ਦੀਖਿਆ ਲੈ ਕੇ, ਅੰਮ੍ਰਿਤ ਛਕ ਕੇ, ਨਾਮ-ਸਿਮਰਨ ਵਿਚ ਨਿਤ ਸੁਰਤਿ ਨੂੰ ਜੋੜਨ ਦਾ ਹੁਕਮ ਹੈ। ਭਾਈ ਗੁਰਦਾਸ ਜੀ ਵੀ ਗੁਰਸਿਖ ਨੂੰ ਉਪਦੇਸ਼ਦੇ ਹੋਏ ਫੁਰਮਾਉਂਦੇ ਹਨ—

ਸਬਦ ਸੁਰਤਿ ਪਰਚਾ ਕਰੈ, ਸਤਿਗੁਰ ਪਰਚੈ ਮਨ ਪਰਚਾਏ। (ਵਾਰ ੨੮/੧੫)



www.AKJ.Org

# ਵੈਸਾਖੀ ਤੇ ਅੰਮ੍ਰਿਤ ਸਮਾਗਮ ਰਚਣ ਦਾ ਚੋਜ

(ਗੁਰਪੁਰ,ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ)

ਇਸੇ ਚੋਜ ਦੇ ਰਚਣ ਖ਼ਾਤਰ ਹੀ ਸਤਿਗੁਰੂ ਦਸਮੇਸ਼ ਜੀ ਨੇ, ਨੈਨਾਂ ਦੇਵੀ ਦਾ ਦੰਭ-ਨਿਵਾਰਨੀ-ਪਖੰਡ ਹਿੰਦਵੈਣੀ ਅਚਾਰਜਾਂ ਦਾ ਨਵਿਰਤ ਕਰਨ ਖ਼ਾਤਰ ਹੀ, ਇਹ ਸਾਰਾ ਅਡੰਬਰ ਨੈਣਾਂ ਦੇਵੀ ਦੇ ਪ੍ਰਸਿਧ ਟਿੱਲੇ ਉਤੇ ਰਚਣ ਕੀਤਾ, ਦੇਵੀ ਪ੍ਰਸਿਧ ਕਰਨ ਖ਼ਾਤਰ ਨਹੀਂ ਕੀਤਾ। ਪ੍ਰਿਥਮ ਤਾਂ ਹਿੰਦੂ ਪਖੰਡੀ ਮੱਤ ਦੇ ਅਚਾਰਜਾਂ ਦਾ ਇਹ ਹਮਾਕਤ ਭਰਿਆ ਪਖੰਡ ਦੂਰ ਕੀਤਾ ਅਤੇ ਉਨ੍ਹਾਂ ਪਖੰਡੀਆਂ ਦਾ ਜੋ ਇਹ ਦਾਅਵਾ ਸੀ ਕਿ ਅਸੀਂ ਆਪਣੀ ਜਾਨ ਦੀ ਅਹੂਤੀ ਦੇ ਕੇ ਦੇਵੀ ਪ੍ਰਸਿਧ ਕਰਾਂਗੇ, ਬਹੁਤ ਸਾਰੀ ਸਾਮਿਗ੍ਰੀ ਉਨ੍ਹਾਂ ਨੇ ਇਕੱਤਰ ਕਰਵਾਈ। ਓੜਕ ਜਦ ਉਨ੍ਹਾਂ ਤੋਂ ਕੁਛ ਨਾ ਸਰਿਆ ਤਾਂ ਪਿੱਠ ਦੇ ਕੇ ਭੱਜ ਨਸੇ। ਉਨ੍ਹਾਂ ਦੇ ਭਜ ਨੱਸਣ ਪਸਚਾਤ ਰਹਿੰਦੇ ਖੂੰਹਦ ਸਾਰੀ ਸਾਮਿਗ੍ਰੀ, ਜੋ ਭੱਜ ਨਿਕਲਣ ਵਾਲੇ ਪਖੰਡੀ ਬ੍ਰਾਹਮਣਾਂ ਨੇ ਇਕੱਤਰ ਕਰਵਾਈ ਸੀ, ਸਾਰੀ ਦੀ ਸਾਰੀ ਇਕ-ਦਮ ਹੀ ਪ੍ਰਚੰਡਕਾ ਦੇ ਭੇਟ ਕਰ ਦਿਤੀ, ਜਿਸ ਕਰਕੇ ਬੜਾ ਹੀ ਚਾਨਣਾ ਪ੍ਰਚੰਡ ਹੋ ਗਿਆ, ਜਿਸ ਨੂੰ ਆਮ ਕੁਬੁਧੀ ਵਾਲੇ ਲੋਕ ਦੇਵੀ ਪ੍ਰਗਟ ਹੋਈ ਸਮਝਣ ਲੱਗ ਪਏ। ਸੱਚੇ ਪਾਤਸ਼ਾਹ ਸ੍ਰੀ ਦਸਮੇਸ਼ ਨੇ ਉਸ ਟਿੱਬੇ ਉਤੋਂ ਉਤਰ ਕੇ ਅਤੇ ਵੰਗਾਰ ਕੇ ਆਮ ਲੋਕਾਂ ਨੂੰ ਦਸਿਆ ਕਿ ਖਾਲਸਾ ਜੀ ਦੀ (ਗੁਰੂ ਘਰ ਦੀ) ਇਹੋ ਦੇਵੀ ਸ੍ਰੀ ਸਾਹਿਬ, ਅਥਵਾ ਭਗਉਤੀ ਹੈ, ਹੋਰ ਕੋਈ ਦੇਵੀ ਨਹੀਂ।

ਓਦੂੰ ਪਿਛੋਂ ਸ੍ਰੀ ਦਸਮੇਸ਼ ਜੀ ਨੇ ਦੂਜਾ ਚੋਜ ਇਹ ਰਚਿਆ ਕਿ ਤੰਬੂ ਤਾਣ ਕੇ ਉਸ ਦੇ ਅੰਦਰੋਂ ਅੰਦਰ ਪੰਜਾਂ ਪਿਆਰਿਆਂ ਦਾ ਸੀਸ ਲੈ ਕੇ ਅਤੇ ਉਸ ਤੰਬੂ ਦੇ ਅੰਦਰ ਪੰਜਾਂ ਸਿੰਘਾਂ ਤੋਂ ਖ਼ੁਦ ਅੰਮ੍ਰਿਤ ਛਕ ਕੇ ਸਾਵਧਾਨ ਹੋ ਨਿਕਲੇ। ਇਹ ਇਤਿਹਾਸਕਾਰਾਂ ਦੀ ਬਿਲਕੁਲ ਗਲਤ ਸਟੋਰੀ (ਕਹਾਣੀ) ਪਾਈ ਹੋਈ ਹੈ ਕਿ ਤੰਬੂ ਦੇ ਅੰਦਰ ਪੰਜ ਬੱਕਰੇ ਬੱਧੇ ਗਏ :—

ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭ ਲੋਗਨ ਕਹ ਆਵਤ ਲਾਜਾ ॥੧੪॥ ਬਚਿਤ੍ਰ ਨਾਟਕ, ਅਧਿ: ੫ ਦੇ ਮਹਾਂ ਵਾਕ ਅਨੁਸਾਰ ਗੁਰਮਤਿ ਅਨੁਸਾਰ ਇਹ ਮਹਾਂ ਕੁਕਾਜ ਗਰਦਾਨਿਆ ਜਾ ਸਕਦਾ ਹੈ ਕਿ ਸਤਿਗੁਰੂ ਸ੍ਰੀ ਦਸਮੇਸ਼ ਜੀ ਕਰਨ ਕੁਛ ਤੇ ਦਿਖਾਉਣ ਕੁਛ। ਆਮ ਲੋਕੀ ਇਸ ਕੌਤਕ ਨੂੰ ਦੇਖ ਕੇ ਦੰਗ ਰਹਿ ਗਏ। ਵਰਨ ਆਸ਼ਰਮ ਸਾਰੇ ਮਿਟਾਅ ਕੇ, ਸਤਿਗੁਰੂ ਜੀ ਨੇ ਸਾਰੇ ਵਰਨਾਂ ਦੇ ਸਾਂਝੇ ਪੰਜ ਪਿਆਰੇ ਸੀਸ ਭੇਟਾ ਲੈ ਕੇ ਰਚੇ ਤੇ ਉਨ੍ਹਾਂ ਪੰਜਾਂ ਪਿਆਰਿਆਂ ਪਾਸੋਂ ਉਸੇ ਤੰਬੂ ਅੰਦਰ ਹੀ ਅੰਮ੍ਰਿਤ ਪਾਨ ਕੀਤਾ ਅਤੇ "ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ" ਦੀ ਰੀਤ ਚਲਾਈ। ਇਹ ਇਤਫ਼ਾਕ ਦੀ ਗੱਲ ਸੀ ਕਿ ਉਸ ਸਮੇਂ ਪੰਜ ਪਿਆਰੇ ਜੋ ਨਿਤਰੇ, ਉਹ ਗਿਣਵੇਂ ਪੰਜ ਵਰਨਾਂ ਵਿਚੋਂ ਹੀ ਸਨ। ਇਸ ਦਾ ਇਹ ਭਾਵ ਨਹੀਂ ਕਿ ਇਸਤ੍ਰੀ ਜਾਤੀ ਆਦਿਕ ਹੋਰ ਸਾਰੇ ਵਰਨ ਵਾਂਝੇ ਰਖੇ ਗਏ, ਜੈਸਾ ਕਿ ਝੀਵਰ, ਨਾਈ ਆਦਿਕ ਵਰਨਾਂ ਵਿਚੋਂ ਲਏ ਗਏ। ਪੰਜਾਂ ਪਿਆਰਿਆਂ ਦੀ ਮਿਸਾਲ ਲੈ ਕੇ ਅੱਜ ਕੱਲ੍ਹ ਦੇ ਥੋੜ-ਦਿਲੇ ਵਰਨ-ਆਸ਼ਰਮੀ ਹਮਾਕਤ-ਬਾਜ਼ ਇਹ ਪ੍ਰਗਟ ਕਰਦੇ ਹਨ ਕਿ ਉਨ੍ਹਾਂ ਗਿਣਵੇਂ ਵਰਨ-ਆਸ਼ਰਮ ਹੀ ਪੰਜ ਪ੍ਰਕਾਰੀ ਬੰਦਿਆਂ ਤੋਂ ਬਾਹਰ ਹੋਰ ਕੋਈ ਵਰਨ-ਆਸ਼ਰਮੀ ਬੰਦਾ ਪੰਜਾਂ ਪਿਆਰਿਆਂ ਵਿਚ ਲਿਆ ਹੀ ਨਹੀਂ ਜਾ ਸਕਦਾ।

ਇਸਤ੍ਰੀ ਜਾਤੀ ਨੂੰ ਆਮ ਹਿੰਦਵੈਣੀ ਅਕੀਦੇ ਅਨੁਸਾਰ ਸ਼ੂਦਰ ਜਾਤੀ ਵਿਚ ਸ਼ੁਮਾਰ ਕੀਤਾ ਜਾਂਦਾ ਸੀ, ਜੋ ਅੱਜ ਕਲ੍ਹ ਓਸੇ ਘਟੀਅਲ ਅਕੀਦੇ ਵਾਲੇ ਨਾਈ ਝੀਵਰ ਆਦਿਕ ਪੰਜਾਂ ਪਿਆਰਿਆਂ ਦੀ ਮਿਸਾਲ ਵਾਲੇ ਕੁਸਮਝ ਲੋਗ ਕੁਸਮਝੀ ਬੈਠੇ ਹਨ। ਅਨੇਕਾਂ ਹੀ ਇਸਤ੍ਰੀ ਪੁਰਸ਼ ਆਨ-ਵਰਨ-ਆਸ਼ਰਮਾਂ ਵਿਚੋਂ ਸ੍ਰੀ ਦਸਮੇਸ਼ ਜੀ ਨੇ ਸਿੰਘ ਸਜਾਏ। ਏਥੋਂ ਤਕ ਕਿ ਮੁਹੰਮਦੀਆਂ ਚੋਥੇ ਪੋੜੇ ਵਾਲੇ (ਅਖਾਉਤੀ ਰੰਘਰੇਟੇ) ਨੂੰ ਵੀ ਖੰਡੇ ਦੇ ਅੰਮ੍ਰਿਤ ਦਾ ਬਾਟਾ ਪ੍ਰਦਾਨ ਕਰ ਕੇ ਉਚ ਦੁਮਾਲੜੇ ਵਾਲਾ ਸਿੰਘ ਸਜਾਇਆ।

ਸ੍ਰੀ ਦਸਮੇਸ਼ ਜੀ ਦਾ ਇਹ ਚੋਜ ਨਿਰਾਲਾ ਹੈ। ਕੇਵਲ ਵਿਸਾਖੀ ਵਾਲੇ ਦਿਨ ਹੀ ਇਹ ਚੋਜ ਰਚਿਆ


www.AKJ.Org

ਗਿਆ ਅਤੇ ਅੰਮ੍ਰਿਤ ਦਾ ਖੁੱਲ੍ਹਾ ਬਾਟਾ ਓਸੇ ਤੰਬੂ ਅੰਦਰ ਹੀ ਤਿਆਰ ਕੀਤਾ ਗਿਆ। ਇਹ ਕੈਸੀ ਹਾਸੋ-ਹੀਣੀ ਗੱਲ ਹੈ ਕਿ ਐਡਾ ਵੱਡਾ ਤੰਬੂ ਪੰਜਾਂ ਬਕਰਿਆਂ ਦੀ ਖ਼ਾਤਰ ਹੀ ਤਿਆਰ ਕੀਤਾ ਸੀ ? ਉਸੇ ਤੰਬੂ ਦੇ ਅਸਥਾਨ ਤੇ ਹੀ ਸੀਸ ਭੇਟ ਗੁਰਦਵਾਰਾ ਤਿਆਰ ਹੋਇਆ ਅਤੇ ਉਸੇ ਅਸਥਾਨ ਤੇ ਹੀ ਸ੍ਰੀ ਕੇਸਗੜ੍ਹ ਗੁਰਦਵਾਰਾ ਸਸ਼ੋਭਤ ਹੈ ਅਤੇ ਅੱਜ ਤਾਈਂ ਪ੍ਰਸਿਧ ਹੈ। ਖਾਲਸਾ ਜੀ ਨੂੰ ਮ੍ਰਿਤੂ ਦੇ ਘਾਟ ਤੋਂ ਪਾਰ ਉਤਾਰਨ ਵਾਲੀ ਸ੍ਰੀ ਸਾਹਿਬ (ਭਗਉਤੀ) ਹੀ ਅੰਮ੍ਰਿਤ ਸਰੂਪਾ ਜੀਅ-ਦਾਨ ਬਖਸ਼ਣ ਲਈ ਸਮਰੱਥ ਹੈ। ਹੋਰ ਕੋਈ ਦੇਵੀ ਖ਼ਾਲਸਾ ਪੰਥ ਅੰਦਰ ਗੁਰਮਤਿ ਅਨੁਸਾਰ ਪ੍ਰਮਾਣੀਕ ਹੀ ਨਹੀਂ। ਏਸੇ ਸ੍ਰੀ ਸਾਹਿਬ (ਭਗਉਤੀ)ਨੂੰ ਲੈ ਕੇ ਹੀ ਸ੍ਰੀ ਦਸਮੇਸ਼ ਜੀ ਨੇ ਇਉਂ ਵੰਗਾਰਿਆ :

ਦੁਹੂੰ ਪੰਥ ਮੈ ਕਪਟ ਵਿਦਯਾ ਚਲਾਨੀ ॥ ਬਹੁਰ ਤੀਸਰੋ ਪੰਥ ਕੀਨੋ ਪ੍ਰਧਾਨੀ ॥

ਦਸਮ ਗ੍ਰੰਥ, ਉਗ੍ਰਦੰਤੀ, ਛੱਕਾ ੫

'ਦੁਹੂੰ ਪੰਥ' ਦਾ ਭਾਵ ਇਥੇ ਹਿੰਦੂ ਮੱਤ ਅਤੇ ਤੁਰਕ ਮੱਤ (ਬੇਦ ਕਤੇਬੀ ਮੱਤ) ਦਾ ਹੈ, 'ਤੀਸਰੋ ਪੰਥ' ਤੋਂ ਖ਼ਾਲਸੇ ਦਾ ਮਤਲਬ ਹੈ। ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ :—

ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥...੪॥੩॥੭॥

ਗੋਂਡ ਨਾਮਦੇਉ ਜੀਉ, ਪੰਨਾ ੮੭੫

ਇਥੇ ਗਿਆਨੀ ਦਾ ਭਾਵ ਖਾਲਸਾ ਹੈ। ਸ੍ਰੀ ਦਸਮੇਸ਼ ਜੀ ਨੇ ਇਹ ਖਾਲਸਾ ਪੰਥ ਕੇਵਲ ਹਿੰਦੂਆਂ ਨੂੰ ਹੀ ਤਾਰਨ ਲਈ ਨਹੀਂ ਰਚਿਆ, ਬਲਕਿ ਤੁਰਕਾਂ ਮੁਹੰਮਦੀਆਂ ਦਾ ਇੱਕ-ਸਾਰ ਹੀ ਹੱਕ ਰਖਿਆ ਗਿਆ ਹੈ। ਤਾਂ ਤੇ ਇਹ ਗੱਲ ਕਹਿਣੀ ਸ੍ਰੀ ਦਸਮੇਸ਼ ਜੀ ਦੇ ਪੰਥ ਨੂੰ ਛੁਟਿਆਉਣ ਵਾਲੀ ਗੱਲ ਹੈ ਕਿ ਖਾਲਸਾ ਪੰਥ ਕੇਵਲ ਹਿੰਦੂਆਂ ਨੂੰ ਤਾਰਨ ਖ਼ਾਤਰ ਹੀ ਰਚਿਆ ਗਿਆ ਹੈ। ਹਿੰਦੂਆਂ ਤੁਰਕਾਂ ਅਤੇ ਮਲੇਛਾਂ ਲਈ ਇਹ ਸਾਂਝਾ ਉਪਦੇਸ਼ ਹੀ ਗੁਰੂ ਦਸਮੇਸ਼ ਜੀ ਨੇ ਪਹਿਲੇ ਸਮੱਗਰ ਗੁਰੂ ਸਾਹਿਬਾਨ ਦੀ ਤਾਈਦੀ ਪੇਸ਼ਕਸ਼ ਅਨੁਸਾਰ ਹੀ ਰਚਿਆ ਅਤੇ ਖ਼ੂਬ ਨਿਆਰਾ ਰਖਣ ਦੀ ਸਾਜਨਾ ਵਿਚ ਸਾਜਿਆ। ਪਹਿਲੀਆਂ ਸਮੱਗਰ ਗੁਰੂ ਪਾਤਸ਼ਾਹੀਆਂ ਨੂੰ ਵੀ ਇਹੋ ਹੀ ਮਨਜ਼ੂਰ ਸੀ। ਸ੍ਰੀ ਦਸਮੇਸ਼ ਜੀ ਨੇ ਕੋਈ ਨਵੀਨ ਘਾੜਤ ਨਹੀਂ ਘੜੀ। ਹਾਂ, ਇਸ ਵਿਸਾਖੇ ਦਾ ਪਵਿੱਤਰ ਦਿਹਾੜਾ ਸਰਬੱਤ੍ਰ ਮੱਤ ਮਤਾਂਤਰੀ ਭੇਖਾਂ ਅੰਦਰ ਅੰਮ੍ਰਿਤ ਦਾ ਸਾਂਝਾ ਖੰਡਾ ਖੜਕਾਉਣ ਵਾਸਤੇ, ਖ਼ਾਸ ਮਖ਼ਸੂਸ ਤੌਰ ਤੇ ਇਸ ਵਿਸਾਖੇ ਦੇ ਗੁਰਪੁਰਬ ਨੂੰ ਹੀ ਨਿਆਰਾ ਕਰਕੇ ਪ੍ਰਗਟ-ਪਹਾਰਾ ਦਿਤਾ ਤਾਂ ਸ੍ਰੀ ਦਸਮੇਸ਼ ਜੀ ਨੇ ਹੀ ਦਿਤਾ।

ਤਾਂ ਤੇ ਇਸ ਵਿਸਾਖੇ ਦੇ ਦਿਹਾੜੇ ਦੀ ਬਜ਼ੁਰਗੀ ਅਤੇ ਮਹੱਤਤਾ ਇਸੇ ਗੱਲ ਕਰਕੇ ਹੈ ਕਿ ਇਸ ਦਿਨ ਖੰਡੇ ਦੇ ਅੰਮ੍ਰਿਤ ਦਾ ਖੁੱਲ੍ਹਾ ਬਾਟਾ ਤਿਆਰ ਕੀਤਾ ਜਾਵੇ। ਪਰ ਇਹ ਗੱਲ ਬਿਲਕੁਲ ਗੁਰਮਤਿ ਤੋਂ ਹੀਣੀ ਹੈ ਕਿ ਆਮ ਅਨਮਤਿ ਸ਼੍ਰੇਣੀ ਦੀ ਮਜਲਸ ਵਿਖੇ ਹੀ ਇਹ ਬਾਟਾ ਤਿਆਰ ਕੀਤਾ ਜਾਵੇ। ਤਾਂ ਤੇ ਇਹ ਅੰਮ੍ਰਿਤ ਦਾ ਬਾਟਾ ਪਰੰਪਰਾ ਤੋਂ ਹੀ, ਅਰਥਾਤ, ਸ੍ਰੀ ਦਸਮੇਸ਼ ਜੀ ਦੇ ਸਮੇਂ ਤੋਂ ਹੀ ਗੁਰਮਤਿ ਲੁਪਤ ਮੰਡਲਾਂ ਵਿਚ ਹੀ ਤਿਆਰ ਕੀਤਾ ਜਾਂਦਾ ਹੈ। ਅਨਮਤਿ ਦ੍ਰਿਸ਼ਟੀ ਦੀ ਲੇਪ ਛੇਪ ਤੋਂ ਨਿਆਰਾ ਅਤੇ ਅਛੇਪ ਰਖਣ ਲਈ ਹੀ ਅੰਮ੍ਰਿਤ ਮਰਯਾਦਾ ਗੁਹਜ ਰਤਨਾਗਰੀ ਰੱਖੀ ਗਈ ਹੈ।

"ਬਧੇ ਪੰਥ ਪਰ ਧਰਮ ਨ ਹੋਇ" ਵਾਲੀ ਗੱਲ ਹੀ ਨਹੀਂ ਕੀਤੀ ਗਈ; ਨਾ ਹੀ ਇਹ ਹਰੀ ਅੰਗੂਰੀ ਕੇਵਲ ਹਿੰਦਵੈਣ ਨਮਿਤ ਹੀ ਸ੍ਰੀ ਦਸਮੇਸ਼ ਜੀ ਨੇ ਤਿਆਰ ਕੀਤੀ ਹੈ। ਇਹ ਖ਼ਿਆਲ ਕੇਵਲ ਢਿੱਲੜ ਹਿੰਦਵੈਣ ਮਤੀ ਕੁਬੁਧਿ ਮਤੀਸਰਾਂ ਦਾ ਹੀ ਹੈ। ਖ਼ਾਲਸਾ ਪੰਥ ਵਿਚ ਇੱਤਰ ਜ਼ਾਤ ਪਾਤ ਸਮੱਗਰ ਪੁਰਸ਼ ਹੀ ਸ਼ਾਮਲ ਹੋ ਸਕਦੇ ਹਨ।

ਸ੍ਰੀ ਦਸਮੇਸ਼ ਜੀ ਦੀ ਹਰ ਪ੍ਰਕਾਰ ਦੀ ਪ੍ਰਚਲਤ ਕੀਤੀ ਗੁਰ-ਮਰਯਾਦਾ ਹੀ ਲੇਖੇ ਪੈਂਦੀ ਹੈ। ਇਹ ਗੱਲ ਬਿਲਕੁਲ ਬੇਬੁਨਿਆਦ ਹੈ ਕਿ ਸ੍ਰੀ ਦਸਮੇਸ਼ ਜੀ ਦੇ ਸਮੇਂ ਦਾ ਅੰਮ੍ਰਿਤ ਤਿਆਰ ਕਰਵਾਉਣ ਵਾਲਾ ਖੰਡਾ ਹੀ ਸਾਰੀਆਂ ਸਿੱਧਾਂ ਨੂੰ ਪੂਰਿਆਂ ਸਿੱਧ ਕਰ ਸਕਦਾ ਹੈ। ਇਹ ਸ੍ਰੀ ਦਸਮੇਸ਼ ਜੀ ਦੇ ਪਵਿੱਤਰ ਹੱਥਾਂ ਦਾ ਖੰਡਾ ਅਪਵਿੱਤਰ ਹੱਥਾਂ ਵਿਚ ਆ ਕੇ ਹੋਰ ਵੀ ਹੀਣਤਾ ਵਾਲੀ ਗੱਲ ਹੋ ਜਾਂਦੀ ਹੈ, ਜੈਸਾ ਕਿ ਅਨੇਕਾਂ ਅਸਥਾਨਾਂ ਤੇ ਹੋਈ ਹੈ। ਬੇਸ਼ਕ

 [ਬਾਕੀ ਦੇਖੋ ਸਫ਼ਾ ੧੦ ਹੇਠ] 

www.AKJ.Org

# ਅੰਮ੍ਰਿਤ-ਗੁਰ-ਦੀਖਿਆ

(ਪ੍ਰੋਫੈਸਰ ਸਵਰਨਜੀਤ ਸਿੰਘ ਜੀ, ਗੁਰਮਤਿ ਕਾਲਜ, ਪਟਿਆਲਾ)

ਸਿੱਖ ਧਰਮ ਵਿਚ ਗੁਰ-ਦੀਖਿਆ ਦੀ ਅਵਸ਼ੱਕਤਾ ਇਸ ਵਿਚਾਰ ਤੇ ਅਧਾਰਤ ਹੈ ਕਿ ਮਨੁੱਖ ਸਵੈ-ਯਤਨਾਂ ਦੁਆਰਾ ਆਪਣੇ ਅਧਿਆਤਮਕ ਜੀਵਨ ਦੇ ਰਹੱਸ ਨੂੰ ਪ੍ਰਾਪਤ ਨਹੀਂ ਕਰ ਸਕਦਾ। ਉਸ ਦਾ ਸਮੁੱਚਾ ਜੀਵਨ ਤਾਂ ਹੀ ਸਕਾਰਥ ਹੁੰਦਾ ਹੈ, ਜੇ ਉਹ ਗੁਰ-ਦੀਖਿਆ ਲੈ ਕੇ ਗੁਰੂ ਵਾਲਾ ਬਣੇ ਤੇ ਆਪਣੇ ਅੰਤਰ-ਆਤਮੇ ਪ੍ਰਭੂ-ਜੋਤਿ ਨੂੰ ਰੋਸ਼ਨ ਕਰੇ। ਗੁਰ-ਦੀਖਿਆ ਰਹਿਤ ਮਾਨਵ ਦਾ ਜੀਵਨ ਪਸ਼ੂ-ਤੁਲ ਦੱਸਿਆ ਗਿਆ ਹੈ। ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥੩੬॥ (ਪੰਨਾ ੧੩੫੬-੫੭)

ਅੰਮ੍ਰਿਤ-ਗੁਰ-ਦੀਖਿਆ ਦਾ ਭਾਵ ਗੁਰੂ ਤੋਂ ਗੁਰ-ਮੰਤ੍ਰ ਦਾ ਉਪਦੇਸ਼ ਪ੍ਰਾਪਤ ਕਰਨ ਜਾਂ ਗੁਰ-ਦੀਖਸ਼ਤ ਹੋਣਾ ਹੈ। ਇਸ ਦਾ ਅਧਿਆਤਮਕ ਮਹੱਤਵ ਇਤਨਾ ਹੈ ਕਿ ਇਸ ਤੋਂ ਬਿਨਾਂ ਦੈਵੀ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਬਿਨੁ ਗੁਰ ਦੀਖਿਆ ਕੈਸੇ ਗਿਆਨੁ ॥੫॥੧੯॥ (ਪੰਨਾ ੧੧੬੦)

ਇਸ ਤੋਂ ਇਲਾਵਾ ਅੰਮ੍ਰਿਤ-ਗੁਰ-ਦੀਖਿਆ, ਭਾਵ, ਗੁਰੂ ਰਾਹੀਂ ਅਜਿਹੇ ਉਪਦੇਸ ਜਾਂ ਜੀਵਨ ਦੀ ਪ੍ਰਾਪਤੀ ਹੈ, ਜਿਸ ਦੇ ਸਦਕਾ ਮੋਇਆ ਹੋਇਆ ਮਨੁੱਖ ਜੀਅ ਉਠਦਾ ਹੈ। ਉਸ ਦੀ ਪ੍ਰਭੂ ਨਾਲ ਆਤਮਕ ਗੰਢ ਪੈਂਦੀ ਹੈ।

ਸ਼ਬਦ 'ਅੰਮ੍ਰਿਤ' ਗੁਰਬਾਣੀ ਵਿਚ ਇਕ ਤਕਨੀਕੀ ਸ਼ਬਦ ਹੈ। ਸਿਧਾਂਤਕ ਪੱਖ ਤੋਂ ਇਹ ਸ਼ਬਦ 'ਨਾਮ' ਤੇ 'ਸ਼ਬਦ' ਦਾ ਸਮਾਨ-ਅਰਥਕ ਹੈ। ਗੁਰਮਤਿ ਦੁਆਰਾ ਨਾਮ ਤੇ ਸ਼ਬਦ ਦੀ ਪ੍ਰਾਪਤੀ ਹੁੰਦੀ ਹੈ। ਜਿਵੇਂ ਫ਼ੁਰਮਾਨ ਹੈ–

–ਅੰਮ੍ਰਿਤੁ ਏਕੋ ਸਬਦੁ ਹੈ, ਨਾਨਕ ਗੁਰਮੁਖਿ ਪਾਇਆ ॥੨॥੪॥ (ਪੰਨਾ ੬੪੪)
–ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ, ਅੰਮ੍ਰਿਤੁ ਗੁਰਮਤਿ ਪਾਏ ਰਾਮੁ ॥੧॥੨॥ (ਪੰਨਾ ੫੪੮)

ਭਾਰਤੀ ਤੇ ਸ਼ਾਮੀ ਵਿਚਾਰਧਾਰਾ ਅਨੁਸਾਰ ਅੰਮ੍ਰਿਤ ਸਮੁੰਦਰ ਤੇ ਕੌਸਰ ਚਸ਼ਮੇ ਵਿਚ ਹੈ, ਪਰ ਗੁਰਮਤਿ ਨੇ ਇਸ ਵਿਚਾਰ ਦੇ ਉਲਟ ਇਕ ਨਵਾਂ ਵਿਚਾਰ ਦਿੱਤਾ ਤੇ ਇਸ ਨੂੰ ਸਰੀਰ-ਰੂਪੀ ਸਮੁੰਦਰ ਵਿਚ ਦੱਸਿਆ। ਸਮੁੰਦਰ-ਸਰੀਰ ਨੂੰ ਵਿਰੋਲਣ ਦੁਆਰਾ ਹੀ ਇਸ ਅਨੂਪਮ ਵਸਤੂ ਦੀ ਪ੍ਰਾਪਤੀ ਗੁਰੂ-ਕਿਰਪਾ ਦੁਆਰਾ ਦੱਸੀ। ਗੁਰਬਾਣੀ ਦਾ ਫੁਰਮਾਨ ਹੈ—

ਨਾਨਕ ਅੰਮ੍ਰਿਤੁ ਮਨੈ ਮਾਹਿ, ਪਾਈਐ ਗੁਰ ਪਰਸਾਦਿ ॥੧॥੪॥ (ਪੰਨਾ ੧੨੩੮)

ਗੁਰੂ ਅਰਜਨ ਦੇਵ ਜੀ ਦਾ ਕਥਨ ਹੈ–

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥੧॥੨੩॥(ਪੰਨਾ ੨੯੩)

ਇਸ ਦੀ ਪ੍ਰਾਪਤੀ ਸਮੁੰਦਰ ਨੂੰ ਰਿੜਕਣ ਤੋਂ ਨਹੀਂ ਹੁੰਦੀ ਤੇ ਨਾ ਹੀ ਕਿਸੇ ਨਾ-ਮਲੂਮ ਕੌਸਰ ਚਸ਼ਮੇ ਤੋਂ। ਇਸ ਦੀ ਪ੍ਰਾਪਤੀ ਦਾ ਸਪੱਸ਼ਟ ਮਾਰਗ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਇਉਂ ਦੱਸਿਆ ਹੈ–

ਰਸਨਾ ਨਾਮੁ ਜਪਹੁ ਤਬ ਮਥੀਐ, ਇਨ ਬਿਧਿ ਅੰਮ੍ਰਿਤੁ ਪਾਵਹੁ ॥੨॥੧॥ (ਪੰਨਾ ੭੨੮)

ਇਸ ਤਰ੍ਹਾਂ ਸਿਧਾਂਤਕ ਪੱਖੋਂ ਅੰਮ੍ਰਿਤ 'ਨਾਮ' ਹੈ, ਤੇ ਇਸ ਦਾ ਸਥਾਨ ਮਨੁੱਖੀ ਮਨ ਹੈ। ਗੁਰੂ-ਕਿਰਪਾ ਦੁਆਰਾ ਮਨੁੱਖ, ਗੁਰੂ ਦੀ ਦੱਸੀ ਹੋਈ ਵਿਧੀ ਦੁਆਰਾ ਅੰਦਰੋਂ ਹੀ ਪ੍ਰਾਪਤ ਕਰ ਲੈਂਦਾ ਹੈ। ਇਹ ਕਰਤਾਰ ਦਾ ਨਾਮ ਹੈ, ਜਿਹੜਾ ਮਨੁੱਖ ਨੂੰ ਆਤਮਿਕ ਜੀਵਨ ਦਿੰਦਾ ਹੈ।

ਗੁਰਮਤਿ ਵਿਚ ਗੁਰ-ਦੀਖਿਆ ਜਾਂ ਅੰਮ੍ਰਿਤ ਸੰਸਕਾਰ ਸਿਰਫ ਇਕ ਰਸਮ ਨਹੀਂ ਹੈ। ਇਸ ਦਾ ਇਕ ਰਹੱਸ-ਮਈ ਭਾਵ ਵੀ ਹੈ, ਜਿਸ ਨੂੰ ਚਿੰਨ੍ਹਾਂ ਦੁਆਰਾ ਸਾਕਾਰ ਕੀਤਾ ਗਿਆ ਹੈ। ਇਸ ਸੰਸਕਾਰ ਦੁਆਰਾ ਮਨੁੱਖ ਨੂੰ


www.AKJ.Org

ਗੁਰੂ ਜੀਅ-ਦਾਨ (*Life impuls*) ਜਾਂ ਦੈਵੀ ਜੀਵਨ (*Divine Life*) ਦਾ ਦਾਨ ਵੀ ਬਖਸ਼ਿਸ਼ ਕਰਦਾ ਹੈ, ਮਨੁੱਖ ਦਾ ਦੂਜਾ ਜਨਮ ਹੁੰਦਾ ਹੈ ਤੇ ਇਸ ਨੂੰ ਪ੍ਰਾਪਤ ਕਰ ਕੇ ਉਹ ਆਵਾ ਗਵਨ ਮਿਟਾ ਦਿੰਦਾ ਹੈ—

ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥੨੦॥ (ਪੰਨਾ ੯੪੦)

ਅੰਮ੍ਰਿਤ-ਗੁਰ-ਦੀਖਿਆ ਦੀ ਪ੍ਰਾਪਤੀ ਨੂੰ ਆਤਮਿਕ ਜੀਵਨ ਦੀ ਜਾਗ ਕਿਹਾ ਜਾਂਦਾ ਹੈ। ਇਸ ਦੁਆਰਾ ਇਕ ਸਰਬ-ਪੱਖੀ ਤੇ ਸਰਬ-ਗੁਣ-ਸੰਪੰਨ ਸ਼ਖਸੀਅਤ ਦੀ ਉਸਾਰੀ ਦੀ ਪ੍ਰਕ੍ਰਿਆ ਦਾ ਅਰੰਭ ਹੁੰਦਾ ਹੈ, ਇਸ ਲਈ ਇਹ ਨਵ-ਜੀਵਨ ਦੀ ਉਸਾਰੀ ਦਾ ਅਰੰਭ ਹੈ, ਅੰਤ ਨਹੀਂ। ਅੰਤਮ ਮਨੋਰਥ 'ਪ੍ਰਭੂ ਅਭੇਦਤਾ' ਦੀ ਪ੍ਰਾਪਤੀ ਦਾ ਅਰੰਭ ਹੈ।

ਮਾਨਵਵਾਦੀ ਦ੍ਰਿਸ਼ਟੀ ਤੋਂ ਅੰਮ੍ਰਿਤ-ਗੁਰ-ਦੀਖਿਆ ਸਿੱਖ ਧਰਮ ਵਿਚ ਹਰ ਕਿਸਮ ਦੀ ਗੁਲਾਮੀ ਤੋਂ ਸੁਤੰਤਰਤਾ ਹੈ। ਇਹ **ਚਿੰਨ੍ਹ ਹੈ—ਭੈ, ਗੁਲਾਮੀ, ਊਚ-ਨੀਚ, ਅਮੀਰੀ-ਗਰੀਬੀ ਤੇ ਮੈਂ-ਤੂੰ ਦੇ ਨਾਸ ਦਾ।**

ਜਥੇਬੰਦੀ ਦੇ ਪੱਖੋਂ ਇਹ ਮਨੁੱਖ ਨੂੰ ਇਕ ਵਿਸ਼ਵ ਸ਼ਹਿਰੀ ਤੇ ਵਿਸ਼ਵ ਭਾਈਚਾਰੇ ਦਾ ਮੈਂਬਰ ਬਣਾਉਂਦੀ ਹੈ ਤੇ ਉਸ ਦੇ ਲਈ "**ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨਿ**"* ਦਾ ਉਦੇਸ਼ ਨਿਸਚਿਤ ਕਰਦੀ ਹੈ। ਇਸ ਵਿਸ਼ਵ ਭਾਈਚਾਰੇ ਦੀ ਸਥਿਰਤਾ ਲਈ ਪੰਜ-ਕਕਾਰੀ ਰਹਿਤ ਤੇ ਪੰਜ ਬਾਣੀਆਂ ਦਾ ਵਿਧਾਨ ਹਰ ਸਿੱਖ ਨੂੰ ਦਿੰਦੀ ਹੈ।

ਅੰਮ੍ਰਿਤ-ਗੁਰ-ਦੀਖਿਆ ਦੀ ਇਤਿਹਾਸਕਾਰਤਾ 'ਚਰਣਾਮ੍ਰਿਤ ਤੋਂ ਖੰਡੇ ਦੇ ਪਾਹੁਲ' ਤੱਕ ਦੀ ਹੈ, ਗੁਰੂ ਤੋਂ ਪੰਜਾਂ ਪਿਆਰਿਆਂ ਤੱਕ ਦੀ ਹੈ। ਗੁਰੂ ਨਾਨਕ ਦੇਵ ਜੀ ਚਰਨਾਂ ਦੇ ਅੰਮ੍ਰਿਤ ਦੁਆਰਾ ਹਰ ਮਨੁੱਖ ਨੂੰ ਗੁਰ-ਦੀਖਸ਼ਤ ਕਰਦੇ ਸਨ। ਭਾਈ ਗੁਰਦਾਸ ਜੀ ਦਾ ਫੁਰਮਾਨ ਹੈ :—

ਚਰਨ ਧੋਇ ਰਹਰਾਸਿ ਕਰਿ, ਚਰਣਾਮ੍ਰਿਤੁ ਸਿਖਾ ਪੀਲਾਇਆ। (ਵਾਰ ੧/੨੩)

੩੦ ਮਾਰਚ, ੧੬੯੯ ਈ: ਨੂੰ ਦਸਮ ਪਾਤਸ਼ਾਹ ਨੇ ਚਰਣਾਮ੍ਰਿਤ ਨੂੰ ਖੰਡੇ ਦੀ ਪਾਹੁਲ ਦੇ ਰੂਪ ਵਿਚ ਬਦਲ ਦਿਤਾ। ਇਹ ਕੋਈ ਨਵਾਂ ਸਿਧਾਂਤ ਨਹੀਂ ਸੀ। ਇਸ ਵਿਚਾਰ ਦੀ ਪ੍ਰੋੜ੍ਹਤਾ ਕਰਦੇ ਹੋਏ ਸ. ਕਪੂਰ ਸਿੰਘ ਆਪਣੀ ਪੁਸਤਕ 'ਵੈਸਾਖੀ ਆਫ਼ ਗੁਰੂ ਗੋਬਿੰਦ ਸਿੰਘ' ਵਿਚ ਲਿਖਦੇ ਹਨ—

'ਖੰਡੇ ਦਾ ਅੰਮ੍ਰਿਤ ਭਾਵੇਂ ਪ੍ਰੀਵਰਤਨ ਭਾਵ ਸੀ, ਪਰ ਕੋਈ ਨਵਾਂ ਸਿਧਾਂਤ ਨਹੀਂ ਸੀ, ਜਿਸ ਦੀ ਵਰਤੋਂ ਪਹਿਲੇ ਸਿੱਖ ਨਹੀਂ ਕਰਦੇ ਆ ਰਹੇ ਸਨ।'

'Although the Baptism of the Double-edged sword was in the nature of a modification of and not innovation on" (Baisakhi of Guru Gobind Singh, p. 7)

ਅਜਿਹਾ ਪ੍ਰੀਵਰਤਨ ਸਮੇਂ ਅਨੁਸਾਰ ਤੇ ਉਸ ਸਮੇਂ ਦੀ ਨਿਘਰੀ ਮਨੁੱਖਤਾ ਦੀ ਸਥਿਤੀ ਦੇ ਪ੍ਰਸੰਗ ਵਿਚ ਯੋਗ ਸੀ। ਚਰਨ-ਸ਼ਕਤੀ ਦੀ ਥਾਂ ਖੰਡੇ ਨੇ ਲੈ ਲਈ। ਗੁਰੂ ਗੋਬਿੰਦ ਸਿੰਘ ਜੀ ਨੇ ਭਗਤੀ ਤੇ ਸ਼ਕਤੀ ਨੂੰ ਅੰਮ੍ਰਿਤ-ਗੁਰ-ਦੀਖਿਆ ਦੀ ਪ੍ਰਕ੍ਰਿਆ ਵਿਚ ਸੰਯੁਕਤ ਕਰ ਦਿਤਾ। ਖੰਡੇ ਦੀ ਪਾਹੁਲ ਨੇ ਨਿਰਮਲ ਪੰਥ ਨੂੰ ਖਾਲਸਾ ਪੰਥ ਦਾ ਰੂਪ ਦਿਤਾ ਤੇ ਇਹ ਪਰੰਪਰਾਗਤ ਸੰਤ ਮਾਰਗ ਤੋਂ ਬਿਲਕੁਲ ਵਖਰਾ ਹੋ ਗਿਆ। ਇਕ ਤੀਸਰੇ ਪੰਥ ਦਾ ਨਿਰਮਾਣ ਹੋਇਆ। ਕਵੀ ਸੈਨਾਪਤਿ, ਕਵੀ ਗੁਰਦਾਸ ਭਾਈ ਦੇਸਾ ਸਿੰਘ, ਕੇਸਰ ਸਿੰਘ ਛਿੱਬਰ, ਸਰੂਪ ਦਾਸ ਭੱਲਾ ਆਦਿ ਨੇ ਪਾਹੁਲ ਸ਼ਬਦ ਦੀ ਵਰਤੋਂ ਕੀਤੀ ਹੈ। ਪਾਹੁਲ ਦਾ ਅਰਥ ਹੈ, ਦਰਵਾਜ਼ਾ। ਪਾਹੁਲ ਛਕਣ ਦਾ ਭਾਵ ਹੈ, ਗੁਰੂ ਦੇ ਜੀਵਨ ਦਰ ਵਿਚੋਂ ਗੁਜ਼ਰਨਾ।

ਦੇ ਖੰਡੇ ਦੀ ਪਾਹੁਲ ਤੇਜ ਬਢਾਇਆ। (ਸੈਨਾਪਤਿ)

ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ। (ਭਾਈ ਗੁਰਦਾਸ(ਦੂਜਾ), ਵਾਰ ੪੧/੧)

**ਸੰਸਾਰ ਦੇ ਪ੍ਰਸਿੱਧ ਧਰਮਾਂ ਵਿਚ ਗੁਰ-ਦੀਖਿਆ ਦੀ ਕ੍ਰਿਆ ਪੈਗੰਬਰ, ਅਵਤਾਰ ਤੇ ਗੁਰੂ ਦੁਆਰਾ**

* ਬਚਿਤ੍ਰ ਨਾਟਕ, ਅਧਿ. ੬, ਅੰਕ ੪੩



www.AKJ.Org

**ਕੀਤੀ ਜਾਂਦੀ ਸੀ, ਪਰ ਸਿੱਖ-ਧਰਮ ਵਿਚ ਪੰਜਾਂ ਸਿੱਖਾਂ (ਪਿਆਰਿਆਂ) ਦੁਆਰਾ ਗੁਰ-ਦੀਖਿਆ ਦਾ ਵਿਚਾਰ, ਗੁਰ-ਦੀਖਿਆ ਦੇ ਇਤਿਹਾਸ ਇਕ ਵਿਲੱਖਣ ਤੱਥ ਹੈ। ਇਹ ਵਿਚਾਰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਪ੍ਰਚਲਤ ਹੋਇਆ।**

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਮਰਯਾਦਾ ਨੂੰ ਹੋਰ ਸੁਧਰੇ ਰੂਪ ਵਿਚ ਪਰਪੱਕ ਕੀਤਾ ਤੇ ਪੰਜਾਂ ਪਿਆਰਿਆਂ ਪਾਸੋਂ ਆਪ ਅੰਮ੍ਰਿਤ ਛਕ ਕੇ ਇਸ ਨਿਯਮ ਦੀ ਮਹਾਨਤਾ ਨੂੰ ਸਪੱਸ਼ਟ ਰੂਪ ਵਿਚ ਦ੍ਰਿੜ੍ਹ ਕਰਵਾਇਆ ਤੇ ਦੂਸਰੀ ਕਿਸਮ ਦੀ ਵਿਧੀ ਦੁਆਰਾ ਅੰਮ੍ਰਿਤ-ਗੁਰ-ਦੀਖਿਆ ਪ੍ਰਾਪਤ ਕਰਨ ਤੋਂ ਸਿੱਖਾਂ ਨੂੰ ਮਨ੍ਹਾ ਕੀਤਾ। ਭਾਈ ਦੇਸਾ ਸਿੰਘ ਜੀ ਨੇ ਰਹਿਤਨਾਮੇ ਵਿਚ ਇਸ ਸੰਬੰਧੀ ਇਉਂ ਕਥਨ ਕੀਤਾ ਹੈ—

ਪ੍ਰਥਮ ਰਹਤ ਯਹ ਜਾਨ ਖੰਡੇ ਕੀ ਪਾਹੁਲ ਛਕੇ।
ਸੋਈ ਸਿੰਘ ਪ੍ਰਧਾਨ ਅਵਰ ਨ ਪਾਹੁਲ ਜੋ ਲਏ।੬।

**ਅੰਮ੍ਰਿਤ-ਗੁਰ-ਦੀਖਿਆ ਦੀ ਦਾਤਿ ਪਿਆਸਿਆਂ ਨੂੰ ਦੇਣੀ ਚਾਹੀਦੀ ਹੈ। ਬੌਧਿਕ ਤੌਰ ਤੇ ਚੇਤੰਨ ਅਤੇ ਆਤਮਿਕ ਤੌਰ ਤੇ ਅਭਿਲਾਖੀ ਮਾਨਵਾਂ ਨੂੰ ਇਹ ਦਾਤਿ ਮਿਲਣੀ ਚਾਹੀਦੀ ਹੈ। ਅਜਿਹੇ ਮਾਨਵ ਹੀ ਗੁਰੂ ਪ੍ਰਤੀ ਆਤਮ ਸਮਰਪਣ ਕਰ ਸਕਦੇ ਹਨ। ਗੁਰੂ ਨਾਨਕ ਸਾਹਿਬ ਤੇ ਗੁਰੂ ਅਰਜਨ ਪਾਤਸ਼ਾਹ ਦੁਆਰਾ ਮਰਨ ਕਬੂਲ ਕਰਨ ਤੇ ਸਿਰ ਤਲੀ** ਤੇ ਰੱਖਣ ਦੀ ਸ਼ਰਤ, ਅਜਿਹੇ ਮਾਨਵ ਹੀ ਪੂਰੀ ਕਰ ਸਕਦੇ ਹਨ। ਇਸ ਲਈ ਗੁਰੂ ਸਾਹਿਬਾਨ ਨੇ ਇਹ ਦਾਤਿ ਦੇਣ ਤੋਂ ਪਹਿਲਾਂ ਇਹ ਕਬੂਲ ਕਰਨ ਲਈ ਕਿਹਾ—

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥੧॥੨੩॥ (ਸਲੋਕ ਮ: ੫, ਪੰਨਾ ੧੧੦੨)
ਸਿਰੁ ਧਰਿ ਤਲੀ ਗਲੀ ਮੇਰੀ ਆਉ ॥੨੦॥ (ਮ: ੧, ਪੰਨਾ ੧੪੧੨)

ਖੰਡੇ ਦੀ ਪਾਹੁਲ ਹੀ ਪ੍ਰਥਮ ਰਹਿਤ ਹੈ। ਇਸ ਨੂੰ ਪ੍ਰਾਪਤ ਕਰ ਕੇ ਹੀ ਮਨੁੱਖ ਗੁਰੂ ਵਾਲਾ ਬਣ ਸਕਦਾ ਹੈ। **ਹੁਣ ਸਹਿਜੇ-ਸਹਿਜੇ ਸਿੰਘ ਬਣਨ ਦੀ ਕੋਈ ਗੁੰਜਾਇਸ਼ ਨਹੀਂ ਹੈ। ਇਹ ਸਹਿਜ ਦੀ ਪ੍ਰਕ੍ਰਿਆ ੧੪੬੯ ਤੋਂ ੧੬੯੯ ਤਕ ਪੂਰੀ ਹੋ ਚੁੱਕੀ ਹੈ।** ਸਿੱਖ ਗੁਰੂ ਸਰੂਪ ਹੈ, ਖਾਲਸਾ ਗੁਰੂ ਗੋਬਿੰਦ ਸਿੰਘ ਜੀ ਦਾ ਰੂਪ ਹੈ ਤੇ ਖਾਲਸੇ ਵਿਚ ਹੀ ਉਹ ਵਸਦਾ ਹੈ। ਸਿੰਘ ਜਾਂ ਖਾਲਸਾ ਤਾਂ ਹੀ ਬਣਦਾ ਹੈ ਜੇ ਉਹ ਗੁਰੂ ਦੇ ਖੰਡੇ ਦੀ ਪਾਹੁਲ ਪ੍ਰਾਪਤ ਕਰਦਾ ਹੈ ਤੇ ਰਹਿਤ ਬਹਿਤ ਵਿਚ ਪਰਪੱਕ ਰਹਿੰਦਾ ਹੈ। ਇਸੀ ਲਈ ਕਿਹਾ ਗਿਆ ਹੈ ਕਿ **ਗੁਰੂ ਨੂੰ ਰਹਿਤ ਪਿਆਰੀ ਹੈ, ਸਿਖ ਨਹੀਂ। ਜੋ ਰਹਿਤ ਰਖਦਾ ਹੈ. ਉਹੀ ਗੁਰੂ ਦਾ ਸਿਖ ਹੈ।**

ਉਪਰੋਕਤ ਵਿਚਾਰ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਧਰਮ ਵਿਚ ਗੁਰ-ਦੀਖਿਆ ਦੇ ਵਿਚਾਰ ਦਾ ਮਹੱਤਵ ਨਿਰਾ-ਅਧਿਆਤਮਕ ਹੀ ਨਹੀਂ, ਸਗੋਂ ਮਾਨਵੀ ਤੇ ਭਾਈਚਾਰਕ ਵੀ ਹੈ। ਇਹ ਜਿਥੇ ਮਨੁੱਖ ਨੂੰ ਆਪਣੇ ਅੰਤਮ ਉਦੇਸ਼ ਦੀ ਪ੍ਰਾਪਤੀ ਦਾ ਰਾਹ ਖੋਲ੍ਹਦਾ ਹੈ, ਉਥੇ ਇਹ ਸੁਤੰਤਰ ਮਾਨਵ ਦੇ ਤੌਰ 'ਤੇ ਮਨੁੱਖੀ ਭਾਈਚਾਰੇ ਦਾ ਮੈਂਬਰ ਵੀ ਬਣਾਉਂਦਾ ਹੈ। ਇਹ ਮਿਸ਼ਨ ਸਰਬ-ਪੱਖੀ ਸੰਪੂਰਨ ਭਾਈਚਾਰਾ, ਖਾਲਸੇ ਦਾ ਭਾਈਚਾਰਾ ਹੈ, ਜਿਸ ਦਾ ਉਦੇਸ਼ ਸਮੱਸਤ ਮਨੁੱਖਤਾ ਦਾ ਕਲਿਆਣ ਹੈ।

---

[ਸਫ਼ਾ ੭ ਦੀ ਬਾਕੀ]

ਭਾਵੇਂ ਲੱਖਾਂ ਨਰਾਂ ਪ੍ਰਾਣੀਆਂ ਨੂੰ ਕੇਵਲ ਇਸ ਖੰਡੇ ਦੁਆਰਾ ਅੰਮ੍ਰਿਤ ਛਕਾਇਆ ਜਾਵੇ, ਪਰੰਤੂ ਜਦ ਤਕ ਸ੍ਰੀ ਦਸਮੇਸ਼ ਜੀ ਦੀ ਦਰਸਾਈ ਅਤੇ ਦ੍ਰਿੜ੍ਹਾਈ ਰਹਿਤ ਬਹਿਤ ਧਾਰਨ ਨਾ ਕਰਵਾਈ ਜਾਵੇ, ਉਸ ਵਕਤ ਤੱਕ ਲੱਖਾਂ ਦੀਆਂ ਲੱਖਾਂ ਭੇਡਾਂ ਹੀ ਰਹਿ ਜਾਂਦੀਆਂ ਹਨ, ਜੈਸੇ ਕਿ ਲੰਗੋਟੀਆਂ ਵਾਲੇ ਮਾਹਣੂੰ ਹੀ ਰਹਿ ਗਏ ਹੋਏ ਹਨ।

ਤਾਂ ਤੇ ਸ੍ਰੀ ਦਸਮੇਸ਼ ਜੀ ਦਾ ਕੇਵਲ ਵਿਸਾਖੇ ਦੇ ਸਮਾਗਮ ਸਮੇਂ ਖੰਡੇ-ਧਾਰ ਅੰਮ੍ਰਿਤ ਦਾ ਬਾਟਾ ਤਿਆਰ ਕਰਨਾ ਇਸ ਗੱਲ ਦੀ ਪ੍ਰਸਿਧ ਦਲੀਲ ਸਾਬਤ ਹੋ ਗਈ ਕਿ ਖ਼ਾਲਸਾ ਸੋ ਹੈ ਜੋ ਸਰਬੱਤ੍ਰ ਗੁਰਮਤਿ ਗੁਣਾਂ ਸਹਿਤ ਪ੍ਰਬੀਨ ਹੋਵੇ।

('ਗੁਰਮਤਿ ਵਿਚਾਰ' ਪੁਸਤਕ ਵਿਚੋਂ
'ਸੂਰਾ' ਅੰਮ੍ਰਿਤਸਰ, ਅਪਰੈਲ ੧੯੯੪



www.AKJ.Org

# ਗੁਰੂ ਗੋਬਿੰਦ ਸਿੰਘ : ਆਪੇ ਗੁਰ ਚੇਲਾ

(ਪ੍ਰੋਫੈਸਰ ਜੋਗਿੰਦਰ ਸਿੰਘ ਜੀ, ਮੈਂਬਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ)

(੧)

ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤਿਭਾ ਬਹੁ-ਪੱਖੀ ਵੀ ਹੈ ਅਤੇ ਹਰ ਪੱਖੋਂ ਸੰਪੂਰਨਤਾ ਦੀ ਪ੍ਰਤੀਕ ਵੀ ਹੈ। ਗੁਰੂ ਗੋਬਿੰਦ ਸਿੰਘ ਜੀ ਨਾਲ ਹੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਤੇ ਸਰੂਪ, ਜੀਵਨ ਤੇ ਕਾਰਜ, ਚਿੰਤਨ ਤੇ ਉਦੇਸ਼, ਬੋਲ ਤੇ ਬਾਣੀ, ਸਿੱਖ ਲਹਿਰ ਤੇ ਸਿੱਖ ਸੰਗਤ, ਪ੍ਰਾਪਤੀ ਤੇ ਪ੍ਰਮਾਣੀਕਤਾ ਨੂੰ ਸੰਪੂਰਨ ਹੋਣ ਦਾ ਮਾਣ ਪ੍ਰਾਪਤ ਹੁੰਦਾ ਹੈ। ਜੇ ਗੁਰੂ-ਜੋਤਿ ਦਾ ਆਦਿ ਰੂਪ ਗੁਰੂ ਨਾਨਕ ਦੇਵ ਜੀ ਹਨ ਤੇ ਅੰਤ੍ਰਿਮ ਰੂਪ ਗੁਰੂ ਗੋਬਿੰਦ ਸਿੰਘ ਜੀ ਹਨ। ਗੁਰੂ ਗੋਬਿੰਦ ਸਿੰਘ ਜੀ ਆਦਿ ਗੁਰੂ ਦਾ ਹੀ ਸਹਿਜ-ਸੁਭਾ ਵਿਸਤਾਰ ਹਨ। ਦਿੱਸਣ ਜਾਂ ਦੇਖਣ ਨੂੰ 'ਕਾਇਆਂ' ਬੇਸ਼ਕ ਹਰ ਇਕ ਗੁਰੂ ਦੀ ਵੱਖਰੀ ਹੈ, ਪਰ ਅਧਿਆਤਮਿਕ ਭਾਵਨਾ, ਸਦਾਚਾਰਕ ਤੇ ਸਮਾਜਕ ਦ੍ਰਿਸ਼ਟੀ, ਸਭਿਆਚਾਰਕ ਤੇ ਰਾਜਨੀਤਕ ਸੋਚ ਵਿਚ ਬੁਨਿਆਦੀ ਕੋਈ ਫ਼ਰਕ ਜਾਂ ਬਦਲ ਨਹੀਂ। ਸਾਰੇ ਹੀ ਬਾਣੀ-ਸਿਰਜਣਹਾਰ ਗੁਰੂ ਆਪਣੇ ਆਪ ਨੂੰ 'ਨਾਨਕ' ਅਖਵਾਂਦੇ ਹਨ : ਸ੍ਰੀ ਗੁਰੂ ਗ੍ਰੰਥ ਸਾਹਿਬ ਵੀ 'ਦੱਸਾਂ ਪਾਤਿਸ਼ਾਹੀਆਂ ਦਾ ਸਰੂਪ' ਹੈ, ਸੰਗਤ 'ਖਾਲਸਾ' ਹੋ ਗਈ ਹੈ, ਸਿੱਖ ਲਹਿਰ ਦਾ ਜਥੇਬੰਦਕ ਰੂਪ 'ਪੰਥ' ਦਾ ਰੂਪ ਗ੍ਰਹਿਣ ਕਰ ਗਿਆ ਹੈ। ਗੁਰੂ ਗ੍ਰੰਥ ਵਿਚ ਨਿਰਗੁਣ ਗੁਰੂ-ਜੋਤਿ ਹੈ ਅਤੇ ਗੁਰੂ-ਪੰਥ ਵਿਚ ਸਰਗੁਣ ਗੁਰੂ-ਜੋਤਿ ਹੈ।

ਗੁਰੂ-ਪ੍ਰੰਪਰਾ ਤੇ ਗੁਰੂ-ਸੰਸਥਾ ਵਿਚ ਬੁਨਿਆਦੀ ਜਾਂ ਪ੍ਰਥਮ ਤੱਤ ਗੁਰੂ-ਜੋਤਿ ਦਾ ਹੈ। ਚੂੰਕਿ 'ਗੁਰੂ-ਜੋਤਿ' ਸਦਾ ਤੇ ਨਿਰੰਤਰ ਸੰਪੂਰਨ ਹੈ, ਇਸ ਲਈ ਗੁਰੂ ਨਾਨਕ ਦੇਵ ਜੀ ਵਲੋਂ ਧਰਮ ਦੇ ਸੰਕਲਪ, ਸਰੂਪ, ਸਿਧਾਂਤ, ਸਾਰਥਿਕਤਾ ਤੇ ਸੰਪੂਰਨਤਾ ਨੂੰ ਉਜਾਗਰ ਕਰਨ ਵਾਸਤੇ ਜਿਨ੍ਹਾਂ ਬੁਨਿਆਦਾਂ ਨੂੰ ਆਧਾਰ ਬਣਾ ਕੇ ਉਲੀਕਿਆ ਗਿਆ ਸੀ, ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਤੱਕ ਅੱਠਾਂ ਗੁਰੂ ਸਾਹਿਬਾਨ ਨੇ ਉਹਨਾਂ ਬੁਨਿਆਦਾਂ ਦੀ ਦਿਸ਼ਾ ਵਿਚ ਹੀ ਸਿੱਖ ਧਰਮ, ਸਿੱਖ ਗ੍ਰੰਥ, ਸਿੱਖ ਪੰਥ ਤੇ ਸਿੱਖ ਗੌਰਵ ਨੂੰ ਸਿਰਜਿਆ ਹੈ। ਇਹ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤਿਭਾ ਦੀ ਵਾਹੁ ਵਾਹੁ, ਵਿਸ਼ੇਸ਼ਤਾ ਤੇ ਵਿਲੱਖਣਤਾ ਹੈ ਕਿ ਉਹਨਾਂ ਨੇ ਬਾਦਸ਼ਾਹ ਤੇ ਦਰਵੇਸ਼ ਹੁੰਦਿਆਂ, ਜਿਥੇ ਸੰਤ ਤੇ ਸਿਪਾਹੀ, ਰਾਜ ਤੇ ਜੋਗ, ਧਰਮ ਤੇ ਯੁੱਧ, ਪਿਆਰ ਤੇ ਸੰਘਾਰ ਦੇ ਕਰਤੱਵਾਂ ਨੂੰ ਬੜੀ ਸਫਲਤਾ ਨਾਲ ਨਿਬਾਹਿਆ ਹੈ, ਉਥੇ ਸਮਰਪਿਤ, ਸੇਵਾ, ਸਹਜ ਤੇ ਸਿਰਜਨਾ ਦੇ ਬਹੁ-ਪੱਖੀ ਖੇਤਰ ਵਿਚ ਵੀ ਸੰਪੂਰਨਤਾ ਦੀਆਂ ਛੋਹਾਂ ਪ੍ਰਦਾਨ ਕਰ ਕੇ, ਹਰ ਪੱਖੋਂ, ਏਕਤਾ, ਬਰਾਬਰਤਾ ਤੇ ਸਦਭਾਵਨਾ ਦੇ ਪੰਥਕ ਆਦਰਸ਼ਾਂ ਨੂੰ ਜਿਵੇਂ ਉਚਿਆਇਆ ਅਤੇ ਵਡਿਆਇਆ ਹੈ, ਉਸਦਾ ਸਿੱਟਾ ਹੀ ਹੈ ਕਿ ਸਮਕਾਲੀ ਭਾਈ ਗੁਰਦਾਸ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤਿੱਭਾ ਨੂੰ 'ਵਾਹੁ ਵਾਹੁ' ਦੀ ਸਿਮ੍ਰਤੀ ਨਾਲ ਯਾਦ ਕਰਦਾ ਹੈ। ਭਾਈ ਗੁਰਦਾਸ ਸਿੰਘ ਜੀ ਨੂੰ ਏਕਤਾ, ਬਰਾਬਰਤਾ ਤੇ ਸਦਭਾਵਨਾ ਦੇ ਪ੍ਰਸੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ 'ਆਪੇ ਗੁਰ ਚੇਲਾ' ਵਾਲਾ ਕੀਤਾ ਅਦੁੱਤੀ ਕਾਰਨਾਮਾ ਵੀ ਬੜਾ ਵਾਹੁ ਵਾਹੁ ਵਾਲਾ ਦ੍ਰਿਸ਼ਟੀਗੋਚਰ ਹੁੰਦਾ ਹੈ। 'ਆਪੇ ਗੁਰ ਚੇਲਾ' ਵਾਲਾ ਅਦੁੱਤੀ ਕਾਰਨਾਮਾ ਨਿਸਚੇ ਹੀ ਇੰਨਾ ਵੱਡਾ, ਸਿਰਜਨਾਤਮਿਕ, ਪ੍ਰਭ ਵਸ਼ਾਲੀ ਤੇ ਵਿਲੱਖਣ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤਿੱਭਾ ਨੂੰ 'ਵਾਹੁ ਵਾਹੁ' ਕਹਿਣਾ ਬਿਲਕੁਲ ਯੋਗ ਲੱਗਦਾ ਹੈ।

(੨)

'ਆਪੇ ਗੁਰ' ਪ੍ਰਤੀਕ ਹੈ ਗੁਰੂ ਗੋਬਿੰਦ ਸਿੰਘ ਜੀ ਦਾ ਤੇ 'ਚੇਲਾ' ਵੀ ਪ੍ਰਤੀਕ ਹੈ ਗੁਰੂ ਗੋਬਿੰਦ ਸਿੰਘ ਜੀ ਦਾ। ਭਾਰਤੀ ਬੋਲੀ ਤੇ ਸੰਸਕ੍ਰਿਤੀ ਵਿਚ 'ਗੁਰੂ' ਸਦਾ 'ਗੁਰੂ' ਰਿਹਾ ਹੈ ਅਤੇ 'ਚੇਲਾ' ਸਦਾ 'ਚੇਲਾ' ਰਿਹਾ ਹੈ। ਸਿੱਖ ਸੰਕਲਪ ਵਿਚ 'ਗੁਰੂ' ਦਾ ਭਾਵ ਹੈ—ਜਿਸ ਦਾ ਅੰਗ ਅੰਗ ਹਰਿ-ਜੋਤ ਦੇ ਪ੍ਰਕਾਸ਼ ਨਾਲ ਸ਼ਿੰਗਾਰਿਆ ਹੋਇਆ ਵੀ ਹੈ ਅਤੇ ਹਰਿ-ਜੋਤਿ ਦੇ ਪ੍ਰਕਾਸ਼ ਨਾਲ ਆਪਣੇ ਸਿੱਖ-ਚੇਲਾ ਨੂੰ ਇਕਸੁਰ ਤੇ ਇਕਰੂਪ ਕਰ ਕੇ, ਬਿਲਕੁੱਲ ਆਪਣੇ ਵਰਗਾ, ਇਕ ਹੋਰ 'ਜੋਤਿ-ਸਰੂਪ' ਵੀ ਸਿਰਜ ਸਵਾਰ ਸਕੇ। ਗੁਰੂ-ਪ੍ਰੰਪਰਾ ਵਿਚ ਆਦਿ ਤੇ



www.AKJ.Org

ਸਥਾਪਿਤ 'ਗੁਰੂ' ਕੇਵਲ ਗੁਰੂ ਨਾਨਕ ਦੇਵ ਜੀ ਹਨ, ਪਰ ਬਾਕੀ ਨੌ ਗੁਰੂ ਰੂਪ ਪਹਿਲਾਂ 'ਗੁਰੂ'–'ਸਿੱਖ' (ਚੇਲਾ) ਸਨ। ਜਦੋਂ ਗੁਰੂ ਵਿਚਾਰ ਦੁਆਰਾ ਸਿੱਖੀ-ਸਿੱਖਿਆ ਵਿਚ 'ਸਿੱਖ-ਚੇਲਾ' ਪਰਵਾਨ ਹੋ ਗਿਆ, ਗੁਰੂ ਸ਼ਬਦ ਸੱਚ ਵਿਚ ਸਮਾ ਗਿਆ, ਨਦਰਿ-ਨਿਹਾਲ ਦੀ ਖੁਸ਼ੀ ਤੇ ਪਾਤਿਸ਼ਾਹੀ ਪ੍ਰਾਪਤ ਕਰ ਗਿਆ, ਤਾਂ ਉਹ 'ਸਿੱਖ ਚੇਲਾ', 'ਨਾਨਕ ਰਾਜ' ਦਾ ਅਧਿਕਾਰ ਪ੍ਰਾਪਤ ਕਰ ਕੇ, ਬਿਲਕੁਲ ਆਪਣੇ ਗੁਰੂ ਵਰਗਾ ਰੂਪ-ਸਰੂਪ ਗ੍ਰਹਿਣ ਕਰ ਕੇ 'ਕੁਦਰਤੀ ਨੂਰ' ਵੀ ਬਣ ਜਾਂਦਾ ਹੈ ਅਤੇ ਗੁਰੂ ਸਿੰਘਾਸਨ ਉਤੇ ਵੀ ਬੈਠ ਜਾਂਦਾ ਹੈ। ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਹਰ ਗੁਰੂ ਨੂੰ ਸਿੱਖੀ-ਸਿੱਖਿਆ ਦੀ ਘਾਲਿ-ਕਮਾਈ ਕਰਨੀ ਹੀ ਪਈ। ਘਾਲਿ-ਕਮਾਈ ਦਾ ਰੂਪ ਭਾਵੇਂ ਆਪਾ ਸਮਰਪਿਤ ਕਰਨਾ ਸੀ, ਜਾਂ ਸਾਧਨਾ ਸੀ, ਜਾਂ ਸਹਜ ਤੇ ਸ਼ਹੀਦ ਦੀ ਕ੍ਰਿਆ ਵਿਚ ਜੀਊਣਾ ਸੀ, ਜਾਂ ਗੁਰੂ-ਹੁਕਮ ਪਾਲਣਾ ਸੀ, ਜਾਂ ਮੀਰੀ-ਪੀਰੀ ਦੇ ਸ਼ਸਤਰਾਂ ਨਾਲ ਆਪਣੇ ਆਪ ਨੂੰ ਸ਼ਿੰਗਾਰ ਕੇ ਪਤਿ ਸੇਤੀ-ਅਧਿਕਾਰ ਨੂੰ ਪ੍ਰਾਪਤ ਕਰਨਾ ਸੀ, ਜਾਂ ਸਿੱਖ ਲਹਿਰ ਨੂੰ ਜਥੇਬੰਦ ਕਰ ਕੇ 'ਸੱਚ-ਰਾਜ' ਦੀ ਸਥਾਪਿਤੀ ਲਈ ਕੌਮੀ-ਬੱਲ ਨੂੰ ਪ੍ਰਚੰਡ ਕਰਨਾ ਸੀ, ਜਾਂ ਸਰਬੰਸ ਵਾਰ ਕੇ ਵੀ ਗੁਰੂ ਪੰਥ ਦੇ ਆਦਰਸ਼ਾਂ ਨੂੰ ਉਚਾ ਤੇ ਬੁਲੰਦ ਰੱਖਣਾ ਸੀ, ਪਰ ਇਹ ਅਧਿਆਤਮਕ ਤੇ ਇਤਿਹਾਸਕ ਸੱਚ ਹੈ ਕਿ ਹਰ ਸਿੱਖ-ਚੇਲੇ ਨੂੰ 'ਗੁਰੂ' ਬਣਨ ਦਾ ਮੌਕਾ ਤੇ ਮਾਣ ਪ੍ਰਾਪਤ ਸੀ। ਸਿੱਖ-ਚੇਲਾ ਉਹ 'ਗੁਰੂ' ਬਣ ਸਕਿਆ, ਜਿਸ ਨੇ ਗੁਰੂ ਹੁਕਮ ਨੂੰ ਪਾਲ ਕੇ, ਹਉਮੈ-ਹਨੇਰਾ ਛੱਡ, ਘਾਲਿ-ਕਮਾਈ ਵਿਚ ਗੁਰੂ ਨਾਮ ਨੀਸਾਣ ਦੀ ਪ੍ਰਾਪਤੀ ਕੀਤੀ। ਗੁਰੂ-ਜੋਤਿ ਤੋਂ 'ਜੋਤਿ-ਗੁਰੂ' ਬਣਨ ਤੇ ਜਗਾਣ ਦੀ ਪ੍ਰੰਪਰਾ ਵੀ ਸਿੱਖ ਧਰਮ ਵਿਚ ਵਿਲੱਖਣ ਹੈ ਤੇ ਪਹਿਲਾਂ ਗੁਰੂ ਬਣ ਕੇ, ਫਿਰ ਜੀਊਂਦਿਆਂ ਹੀ 'ਗੁਰੂ' ਰੂਪ ਛੱਡ ਕੇ, ਸਿੱਖ ਚੇਲਾ ਬਣ ਕੇ, ਗੁਰੂ ਦੀ ਜੈਕਾਰ ਕਰਨ ਦੀ ਭਾਵਨਾ ਵੀ ਸਿੱਖ ਧਰਮ ਵਿਚ ਬੜੀ ਪ੍ਰਚੰਡ ਹੈ। ਪਹਿਲਾਂ ਗੁਰੂ ਹੋਣਾ, ਫਿਰ 'ਚੇਲਾ' ਬਣ ਜਾਣਾ, ਚੇਲੇ ਨੂੰ 'ਗੁਰੂ' ਬਣਾ ਦੇਣਾ, ਤੇ ਫਿਰ ਗੁਰੂ ਤੋਂ ਚੇਲਾ ਬਣ ਜਾਣਾ, ਇਹ ਸੰਕਲਪ ਅਤੇ ਕਰਮ ਗੁਰੂ-ਪ੍ਰੰਪਰਾ, ਸਿੱਖ ਧਰਮ ਤੇ ਸਿੱਖ ਇਤਿਹਾਸ ਦਾ ਮੌਲਿਕ ਤੇ ਵਿਲੱਖਣ ਹਸਤਾਖਰ ਵੀ ਹੈ ਅਤੇ ਸਿੱਖ ਕੌਮ ਦੇ ਮੁੱਖ ਨੂੰ ਸਦਾ ਮਾਨਵਵਾਦੀ, ਸਦਭਾਵਨਾ ਵਾਲਾ ਤੇ ਸੁਤੰਤਰਤਾ-ਪੱਖੀ ਰੱਖਣ ਵਾਲਾ ਵੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਆਨੰਦਪੁਰ ਦੀ ਧਰਤੀ ਉਤੇ, ੩੦ ਮਾਰਚ ੧੬੯੯ ਈ: ਨੂੰ 'ਆਪੇ ਗੁਰੁ ਚੇਲਾ' ਦਾ ਜਿਹੜਾ ਬਚਿੱਤਰ ਨਾਟਕ ਖੇਡਿਆ, ਇਹ ਬਿਲਕੁਲ ਗੁਰੂ ਨਾਨਕ ਦੇਵ ਜੀ ਦੇ ਸੰਕਲਪ ਅਤੇ ਕਰਮ ਦੀ ਹੀ ਇਕ ਸਪੱਸ਼ਟ ਤੇ ਸ਼ਾਨਦਾਰ ਲੜੀ ਹੈ।

'ਆਪੇ ਗੁਰ ਚੇਲਾ' ਦਾ ਨਾਟਕੀ ਤੇ ਵਚਿੱਤਰ ਪ੍ਰਦਰਸ਼ਨ ਸਪੱਸ਼ਟ ਰੂਪ ਵਿਚ, ਪਹਿਲੀ ਵਾਰੀ ੩੦ ਮਾਰਚ ੧੬੯੯ ਈ. ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉਤੇ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਦਿਖਾਇਆ ਹੈ। ਵੈਸਾਖੀ ਦਾ ਦਿਵਸ ਹੈ, ਦੀਵਾਨ ਸਜਿਆ ਹੋਇਆ ਹੈ। ਗੁਰੂ ਦਰਸ਼ਨ ਦੀਦਾਰ ਲਈ ਤੇ ਗੁਰੂ ਫੁਰਮਾਨ ਸੁਣਨ ਲਈ ਪੰਜਾਬ ਤੋਂ ਹੀ ਨਹੀਂ, ਸਾਰੇ ਭਾਰਤ ਵਿਚੋਂ 'ਸਿਖ' ਸੰਗਤ ਰੂਪ ਵਿਚ ਜੁੜੇ ਹੋਏ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਹਸਤ ਕਮਲ ਵਿਚ ਨੰਗੀ ਤਲਵਾਰ ਫੜੀ ਹੋਈ ਹੈ ਅਤੇ ਬੜੀ ਵਚਿੱਤਰਤਾ ਨਾਲ ਸਟੇਜ ਉਤੇ ਆ ਖੜੇ ਹੁੰਦੇ ਹਨ। ਬੜੇ ਪਿਆਰ ਅਤੇ ਜਲਾਲੀ ਵੰਗਾਰ ਨਾਲ ਫੁਰਮਾਨ ਕਰਦੇ ਹਨ ਕਿ ਮੈਨੂੰ ਇਕ ਸਿੱਖ ਚਾਹੀਦਾ ਹੈ। ਚੂੰਕਿ ਫੁਰਮਾਨ ਬਚਿੱਤਰ ਸੀ, ਤੇ ਪਹਿਲੀ ਵਾਰੀ ਪ੍ਰਕਾਸ਼ ਹੋਇਆ ਸੀ, ਇਸ ਲਈ ਅਸਚਰਜਤਾ ਦਾ ਸਹਜ ਸੁਭਾ ਪ੍ਰਗਟ ਹੋਣਾ ਲਾਜ਼ਮੀ ਸੀ। ਐਸਾ ਪ੍ਰਗਟ ਹੋਇਆ ਵੀ, ਪਰ ਜਿਹੜੇ ਸਿੱਖ 'ਸਿੱਖੀ' ਨਾਲ ਜੁੜੇ ਹੋਣ ਕਰਕੇ ਸਦਾ ਹੀ ਤਨ, ਮਨ ਤੇ ਧਨ ਗੁਰੂ-ਹੁਕਮ ਲਈ ਸਮਰਪਿਤ ਰੱਖਦੇ ਸਨ, ਪਹਿਲਾਂ ਉਹਨਾਂ ਵਿਚੋਂ ਇਕ 'ਦਇਆ ਰਾਮ' ਉਠਿਆ ਤੇ ਕਹਿਣ ਲੱਗਾ, ਹਜ਼ੂਰ, ਮੇਰਾ ਸੀਸ ਹਾਜ਼ਰ ਹੈ। ਗੁਰੂ ਗੋਬਿੰਦ ਸਿੰਘ ਜੀ 'ਦਇਆ ਰਾਮ' ਨੂੰ ਨਾਲ ਲਗੇ ਤੰਬੂ ਵਿਚ ਲੈ ਗਏ। ਜਦੋਂ ਵਾਪਿਸ ਦੀਵਾਨ ਵਿਚ ਆਏ ਤਾਂ ਚੇਹਰੇ ਉਤੇ ਜਾਹੁ ਜਲਾਲ ਸੀ ਅਤੇ ਤਲਵਾਰ ਲਹੂ ਨਾਲ ਭਿੱਜੀ ਹੋਈ ਸੀ। ਫਿਰ ਫੁਰਮਾਨ ਪ੍ਰਕਾਸ਼ ਹੋਇਆ ਕਿ ਇਕ ਹੋਰ ਸਿੱਖ ਦਾ ਸੀਸ ਚਾਹੀਦਾ ਹੈ, ਫਿਰ ਵਾਰੀ ਵਾਰੀ ਤਿੰਨ ਵਾਰੀ ਹੋਰ ਸੀਸ ਮੰਗੇ। ਇਸ ਤਰ੍ਹਾਂ ਭਾਈ ਦਇਆ ਰਾਮ, ਭਾਈ ਧਰਮ ਦਾਸ, ਭਾਈ ਹਿੰਮਤ ਚੰਦ, ਭਾਈ ਮੋਹਕਮ ਦਾਸ ਤੇ ਭਾਈ ਸਾਹਿਬ ਚੰਦ ਜੀ ਨੇ ਸੀਸ ਭੇਟ ਕੀਤੇ। ਫੁਰਮਾਨ ਨੂੰ ਮੰਨਣਾ,


www.AKJ.Org

ਮੰਨਣ ਵਿਚ 'ਸੀਸ' ਤਲੀ ਉਤੇ ਰੱਖ ਕੇ ਭੇਟ ਕਰਨਾ, ਇਹ ਪ੍ਰੇਮ ਦਾ ਪ੍ਰਗਟਾਵਾ ਕਰਨਾ ਵੀ ਸੀ। ਸਹੀ ਅਰਥਾਂ ਵਿਚ ਗੁਰੂ ਦਾ ਸਿਖ ਬਣਨਾ ਵੀ ਸੀ, ਵਿਸ਼ੇਸ਼ ਤੌਰ ਤੇ ਸਿੱਖੀ ਵਿਚ ਪਰਵਾਨ ਹੋਣਾ ਵੀ ਸੀ। ਇਹੀ ਕਾਰਨ ਹੈ ਕਿ ਜਦੋਂ ਸੱਚ-ਰੰਗ, ਨਾਮ-ਰੰਗ, ਸ਼ਬਦ-ਰੰਗ, ਸਹਜ-ਰੰਗ ਤੇ ਗੁਰੂ-ਰੰਗ ਵਿਚ ਰੰਗ ਕੇ ਪੰਜਾਂ ਸਿੱਖਾਂ ਨੂੰ ਤੰਬੂ ਤੋਂ ਬਾਹਰ ਤੇ ਸੰਗਤ ਵਿਚ ਲਿਆਂਦਾ ਗਿਆ, ਤਾਂ ਵਾਹੁ ਵਾਹੁ ਗੋਬਿੰਦ ਸਿੰਘ ਜੀ ਨੇ ਬੜੀ ਗਰਜਵੀਂ ਤੇ ਨਿੱਘ ਨਾਲ ਸ਼ਿੰਗਾਰੀ ਆਵਾਜ਼ ਵਿਚ ਕਿਹਾ ਕਿ ਇਹ ਸਿੱਖ ਮੇਰੇ ਪੰਜ ਪਿਆਰੇ ਹਨ। ਜਿਵੇਂ ਗੁਰੂ ਨਾਨਕ ਦੇਵ ਜੀ ਨੂੰ ਸਿੱਖਾਂ-ਪੁੱਤਰਾਂ ਵਿਚੋਂ ਕੇਵਲ ਭਾਈ ਲਹਿਣਾ ਹੀ ਪਿਆਰਾ ਤੇ ਪਹਿਲਾ ਪਰਵਾਨ ਸਿੱਖ ਲੱਗਾ ਸੀ, ਤੇ ਉਹਨਾਂ ਆਪਣੇ ਅੰਗ ਨਾਲ ਲਾ ਕੇ ਭਾਈ ਲਹਿਣਾ ਜੀ ਨੂੰ ਇੰਨਾ ਪਿਆਰ ਕੀਤਾ ਕਿ ਪਿਆਰ-ਭੇਟ ਵਾਲੇ ਨੂੰ ਨਾਨਕ ਰਾਜ ਦੀ 'ਗੁਰਤਾ' ਪ੍ਰਦਾਨ ਕਰ ਦਿੱਤੀ ਸੀ, ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ ਸ਼ਬਦ-ਗੁਰੂ ਦੀ ਤਾਬਿਆ ਬਿਠਾ, ਅੰਮ੍ਰਿਤ ਛਕਾ ਕੇ, ਸਿੰਘ ਰੂਪ ਵਿਚ ਸਜਾ-ਸੰਵਾਰ ਕੇ 'ਗੁਰੂ-ਰੂਪ' ਹੋਣ ਦਾ ਅਮਰ ਮਾਣ-ਵਰਦਾਨ ਬਖਸ਼ ਦਿੱਤਾ। ਜਦੋਂ ਪੰਜੇ ਸਿੱਖ ਪਿਆਰੇ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਅੰਮ੍ਰਿਤ ਪ੍ਰਾਪਤ ਕਰ ਰਹੇ ਸਨ, ਤਾਂ ਗੁਰੂ ਗੋਬਿੰਦ ਸਿੰਘ ਜੀ ਦਸਵੇਂ ਨਾਨਕ ਦੇ ਰੂਪ ਵਿਚ 'ਗੁਰੂ' ਤੇ ਜਦੋਂ ਗੁਰੂ ਰੂਪ ਪੰਜਾਂ ਸਿੱਖਾਂ-ਪਿਆਰਿਆਂ ਦੇ ਸਨਮੁੱਖ ਖੜੇ ਹੋ ਕੇ, ਗੁਰੂ ਗੋਬਿੰਦ ਸਿੰਘ ਜੀ ਗੁਰੂ 'ਕ੍ਰਿਪਾ' ਦੁਆਰਾ ਪ੍ਰਾਪਤ ਕੀਤੀ 'ਅੰਮ੍ਰਿਤ' ਦੀ ਦਾਤਿ ਮੰਗਦੇ ਹਨ, ਤਾਂ ਉਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਦਾ ਰੂਪ ਸਿੱਖ-ਚੇਲਾ ਦਾ ਰੂਪ ਹੈ। ਸਿੱਖ-ਚੇਲਾ ਨੇ ਜਦ 'ਗੁਰੂ' ਕੋਲੋਂ ਹੀ ਅੰਮ੍ਰਿਤ ਛਕਣਾ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਸਚ-ਅੰਮ੍ਰਿਤ, ਨਾਮ-ਅੰਮ੍ਰਿਤ, ਸ਼ਬਦ-ਅੰਮ੍ਰਿਤ, ਬਾਣੀ-ਅੰਮ੍ਰਿਤ, ਸਹਜ-ਅੰਮ੍ਰਿਤ, ਤਾਂ ਸਾਰੇ ਗੁਰੂ ਪਾਤਿਸ਼ਾਹਾਂ ਕੋਲ ਸੀ, ਅੰਮ੍ਰਿਤ ਜੀਵਨ ਗੁਰੂ ਦਾ ਸੀ ਜਾਂ ਸਿੱਖ ਦਾ ਸੀ, ਉਹ ਜਿਥੇ ਵੀ ਜਾਂਦਾ ਜਾਂ ਰਹਿੰਦਾ ਸੀ, ਆਲੇ-ਦੁਆਲੇ ਆਤਮਕ ਪੱਧਰ ਉਤੇ ਅਬਿਚਲ ਨਗਰ, ਬੇਗਮਪੁਰਾ, ਸਚਖੰਡ, ਸੱਚੀ ਦਰਗਾਹ, ਨਿਰੰਕਾਰ ਦਾ ਦੇਸ਼ ਤੇ ਅਨੰਦ-ਪੁਰ ਸਿਰਜ ਲੈਂਦਾ ਸੀ। ਦੱਸਾਂ ਗੁਰੂ ਪਾਤਿਸ਼ਾਹਾਂ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਦੀ ਵਿਸ਼ੇਸ਼ਤਾ ਤੇ ਵਿਲੱਖਣਤਾ ਇਹ ਹੈ ਕਿ ਉਹਨਾਂ ਨੇ ਧਰਤੀ ਉਤੇ ਸਾਕਾਰ ਰੂਪ ਵਿਚ 'ਅਨੰਦਪੁਰ' ਵੀ ਸਿਰਜਿਆ, ਪ੍ਰੇਮ ਕਰਨ ਨੂੰ 'ਸੀਸ ਦੇਣ' ਦੇ ਬਿੰਬ ਵਿਚ ਵੀ ਸਿਰਜਿਆ, ਅੰਮ੍ਰਿਤ-ਜੀਵਨ ਨੂੰ ਖੰਡੇ ਬਾਟੇ ਤੇ ਬਾਣੀ ਦੁਆਰਾ ਤਿਆਰ ਕੀਤਾ। ਅੰਮ੍ਰਿਤ (ਇਤਿਹਾਸਕ ਪ੍ਰਸੰਗ ਵਿਚ) ਪ੍ਰਦਾਨ ਕਰ ਕੇ ਸਦਾ ਅਮਰ ਰਹਿਣ ਦਾ ਸਰੋਤ ਵੀ ਸਿਰਜਿਆ, ਸਿੱਖਾਂ ਨੂੰ ਸਿੰਘ, ਸੰਗਤ ਨੂੰ ਖਾਲਸਾ, ਗ੍ਰੰਥ ਤੇ ਪੰਥ ਨੂੰ 'ਗੁਰੂ' ਵੀ ਸਿਰਜਿਆ।

(ੳ)

ਗੁਰੂ ਨਾਨਕ ਦੇਵ ਜੀ ਦੀ ਸਾਰੀ ਸਿਰਜਨਾ ਅਰੰਭਕ ਤੇ ਬੁਨਿਆਦੀ ਨੀਹਾਂ ਵਾਲੀ ਸੀ। ਪਰ ਗੁਰੂ ਗੋਬਿੰਦ ਸਿੰਘ ਜੀ ਦੀ ਸਾਰੀ ਸਿਰਜਨਾ ਅੰਤ੍ਰਿਮ ਅਤੇ ਬੁਨਿਆਦੀ ਨੀਹਾਂ ਨੂੰ ਸੰਪੂਰਨਤਾ ਦਾ ਪ੍ਰਦਾਨ ਕਰਨ ਵਾਲੀ ਹੈ। ਅਨੰਦਪੁਰ, ਅੰਮ੍ਰਿਤ, ਸਿੰਘ, ਖਾਲਸਾ, ਗ੍ਰੰਥ ਤੇ ਪੰਥ ਇਹ ਸਾਰੇ ਚੂੰਕਿ 'ਸ਼ਬਦ-ਗੁਰੂ' ਕੇਂਦਰਿਤ ਹਨ, ਇਸ਼ ਲਈ ਜਦੋਂ 'ਸ਼ਬਦ-ਗੁਰੂ' ਸੰਪੂਰਨ ਹੈ, ਇਸੇ ਤਰ੍ਹਾਂ ਇਹ ਸਾਰੇ ਕੌਮੀ-ਬੋਲ ਤੇ ਬਿੰਬ ਵੀ ਸੰਪੂਰਨਤਾ ਦੇ ਹੀ ਪ੍ਰਤੀਕ ਹਨ। ਜੋ ਸੰਪੂਰਨਤਾ ਦੀਆਂ ਮੁਹਰਾਂ ਗੁਰੂ ਗੋਬਿੰਦ ਸਿੰਘ ਜੀ ਨੇ ਸਥਾਪਿਤ ਕੀਤੀਆਂ ਹਨ, ਖਾਸ ਕਰਕੇ 'ਆਪੇ ਗੁਰ ਚੇਲਾ' ਰਾਹੀਂ ਧਰਮ ਦੀ ਏਕਤਾ ਦਾ ਜੋ ਸੰਪੂਰਨ ਆਦਰਸ਼ ਸਿਰਜਿਆ ਤੇ ਸਥਾਪਿਤ ਕੀਤਾ ਹੈ, ਉਸ ਦੇ ਅਭਿਨੰਦਨ ਵਜੋਂ ਹੀ ਭਾਈ ਗੁਰਦਾਸ ਸਿੰਘ ਗੁਰੂ ਗੋਬਿੰਦ ਸਿੰਘ ਜੀ ਨੂੰ ਕਦੀ 'ਵਾਹੁ ਵਾਹੁ' ਕਹਿ ਕੇ ਯਾਦ ਕਰਦਾ ਹੈ ਅਤੇ ਕਦੀ 'ਆਪੇ ਗੁਰ ਚੇਲਾ' ਕਹਿ ਕੇ ਉਹਨਾਂ ਦੀ ਵਡਿਆਈ ਨੂੰ ਪ੍ਰਚੰਡ ਕਰਦਾ ਹੈ। ਨਿਸਚੇ ਹੀ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤਿੱਭਾ ਬਹੁ-ਪੱਖੀ ਹੁੰਦੀ ਹੋਈ ਵੀ,ਹਰ ਪੱਖੋਂ ਬੜੀ ਪ੍ਰਚੰਡ ਅਤੇ ਸੰਪੂਰਨਤਾ ਦੀ ਪ੍ਰਤੀਕ ਹੈ। ਸੰਪੂਰਨ ਹੋਣਾ ਹੀ ਗੁਰੂ-ਜੋਤਿ ਦੀ ਪ੍ਰਥੱਮ ਤੇ ਪ੍ਰਮਾਣੀਕ ਪਛਾਣ ਵੀ ਹੈ ਅਤੇ ਵਿਲੱਖਣ ਪ੍ਰਾਪਤੀ ਵੀ ਹੈ।



www.AKJ.Org

# ਗੁਰਬਾਣੀ-ਕੀਰਤਨ ਅਤੇ ਭਾਈ ਰਣਧੀਰ ਸਿੰਘ ਜੀ

[ ਡਾਕਟਰ ਸਰਬਜੀਤ ਕੌਰ, ਗੌਰਮਿੰਟ ਕਾਲਜ ਫ਼ਾਰ ਵੂਮੈਨ, ਲੁਧਿਆਣਾ ]

ਗੁਰਬਾਣੀ ਨੂੰ ਸੰਗੀਤ-ਬੱਧ ਕਰਕੇ ਗਾਉਣਾ ਕੀਰਤਨ ਹੈ । ਸੰਸਾਰ ਦੇ ਮਹਾਨ ਚਿੰਤਕਾਂ ਤੇ ਮਨੋਵਿਗਿਆਨੀਆਂ ਨੇ ਸੰਗੀਤ ਦੀ ਸ਼ਕਤੀ ਨੂੰ ਮਹਿਸੂਸਦਿਆਂ ਇਸ ਨੂੰ ਉਤੇਜਿਤ ਮਨੋਭਾਵਾਂ ਨੂੰ ਸ਼ਾਂਤ ਕਰਨ ਦਾ ਸਾਧਨ ਮੰਨਿਆ ਹੈ । ਸੰਗੀਤ ਵਿਚ ਵਹਿਸ਼ੀ ਮਨਾਂ ਨੂੰ ਠੰਢਾ ਕਰਨ, ਪੱਥਰਾਂ ਨੂੰ ਨਰਮ ਕਰਨ ਅਤੇ ਅਝੁੱਕ ਪਰਬਤਾਂ ਨੂੰ ਝੁਕਾ ਦੇਣ ਦੀ ਸ਼ਕਤੀ ਹੈ । ਸੰਗੀਤ ਨਾਲ ਮਨ ਦ੍ਰਵਦਾ ਹੈ, ਝੂਮਦਾ ਹੈ, ਰਸ ਤੇ ਮਸਤੀ ਵਿਚ ਆਉਂਦਾ ਹੈ । ਗੱਡੀ ਜਾਂ ਬੱਸ ਵਿਚ ਬੈਠਿਆਂ ਪਹੀਆਂ ਦੀ ਖੜ-ਖੜ ਵਿਚੋਂ ਪੈਦਾ ਹੋਣ ਵਾਲਾ ਸੰਗੀਤ ਸਾਨੂੰ ਮਸਤ ਕਰ ਦਿੰਦਾ ਹੈ । ਪਾਣੀ ਦੇ ਚਲਣ ਦੀ ਮਿੱਠੀ-ਮਿੱਠੀ ਅਵਾਜ਼ ਅਜਿਹਾ ਸੰਗੀਤ ਪੈਦਾ ਕਰਦੀ ਹੈ ਕਿ ਮਨ ਸਰੂਰ ਵਿਚ ਆ ਜਾਂਦਾ ਹੈ । ਮਨੋਵਿਗਿਆਨੀਆਂ ਦਾ ਮੱਤ ਹੈ ਕਿ ਲਗਾਤਾਰ ਹੋ ਰਿਹਾ ਕੋਈ ਵੀ 'ਨਾਦ' ਸਾਡੇ ਅਮੋੜ 'ਸੁਚੇਤ ਮਨ' ਨੂੰ ਆਪਣੀ ਭੱਜ ਦੌੜ ਤੋਂ ਢਿੱਲਾ ਕਰ ਕੇ ਮਨੁੱਖੀ ਜੀਵਨ ਦੇ ਅਟੁੱਟ ਅੰਗ 'ਅਚੇਤ ਮਨ' ਨੂੰ ਕਿਰਿਆਸ਼ੀਲ ਕਰਦਾ ਹੈ । ਅਜਿਹੇ ਸਮੇਂ 'ਅਚੇਤ ਮਨ' ਨੂੰ ਕੀਤੀ ਕੋਈ ਵੀ ਪ੍ਰੇਰਨਾ (ਚੰਗੀ ਜਾਂ ਮਾੜੀ) ਮਨੁੱਖੀ ਜੀਵਨਵਿਚ ਪਲਟਾ ਲੇ ਆਉਂਦੀ ਹੈ ।

ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਗੀਤ ਦੇ ਇਸ ਮਨੋਵਿਗਿਆਨਕ ਪਹਿਲੂ ਨੂੰ ਦੇਖਦਿਆਂ ਗੁਰਬਾਣੀ ਅਤੇ ਰਾਗ ਦਾ ਸੁਮੇਲ ਕਰਕੇ 'ਕੀਰਤਨ' ਦੀ ਪਰੰਪਰਾ ਅਰੰਭੀ । ਰਾਗ ਇਕ ਸੁੰਦਰ ਭਾਂਡਾ ਹੈ ਅਤੇ ਇਸ ਭਾਂਡੇ ਵਿਚ ਜਦੋਂ ਗੁਰੂ ਦਾ ਸ਼ਬਦ ਪੈਂਦਾ ਹੈ ਤਾਂ ਉਹ ਕੀਰਤਨ ਬਣ ਜਾਂਦਾ ਹੈ । ਕੀਰਤਨ ਅਮੋੜ ਮਨ ਦੀਆਂ ਮਾਰਾਂ ਦਾ ਇਕ ਸਾਦਾ ਤੇ ਕਾਰੀ ਇਲਾਜ ਹੈ । ਇਤਿਹਾਸ ਨੂੰ ਗਹੁ ਨਾਲ ਵਿਚਾਰਿਆਂ ਇਕ ਗੱਲ ਸਪਸ਼ਟ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਸਾਰੇ ਗੁਰੂ ਸਾਹਿਬਾਨ ਦੀਆਂ ਨਜ਼ਰਾਂ ਵਿਚ ਕੀਰਤਨ ਦਾ ਬਹੁਤ ਮਹੱਤਵ ਸੀ । ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਪ੍ਰਭੂ ਦਰ ਦਾ ਢਾਡੀ ਕਿਹਾ :

ਹਉ ਢਾਡੀ ਵੇਕਾਰੁ ਕਾਰੈ ਲਾਇਆ ॥੨੭॥ (ਵਾਰ ਮਾਝ ਮਹਲਾ ੧, ਪੰਨਾ ੧੫੦)

ਮਰਦਾਨਾ ਜੀ ਪਾਸੋਂ ਕੀਰਤਨ ਸੁਣ ਕੇ ਹੀ ਆਪ ਨੇ ਉਹਨਾਂ ਨੂੰ 'ਭਾਈ ਮਰਦਾਨਾ' ਦੀ ਪਦਵੀ ਦਿੱਤੀ ਸੀ । ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਵੀ ਕੀਰਤਨ ਹੋਇਆ ਕਰਦਾ ਸੀ । ਪੰਚਮ ਪਾਤਸ਼ਾਹ ਸਮੇਂ ਜਦੋਂ ਗੁਰੂ ਘਰ ਦੇ ਕੀਰਤਨੀਏ ਸੱਤਾ ਤੇ ਬਲਵੰਡ ਨਰਾਜ਼ ਹੋ ਕੇ ਚਲੇ ਗਏ ਤਾਂ ਗੁਰੂ ਸਾਹਿਬ ਆਪ ਉਹਨਾਂ ਨੂੰ ਮਨਾਉਣ ਲਈ ਗਏ । ਦਸਮ ਪਾਤਸ਼ਾਹ ਦੇ ਸਮੇਂ ਜਦੋਂ ਇਕ ਸਿੰਘ ਨੇ ਕੀਰਤਨੀਏ ਸਿੰਘਾਂ ਦੀ ਸ਼ਿਕਾਇਤ ਕੀਤੀ ਕਿ ਉਹਨਾਂ ਨੇ ਪਾਠ ਕਰਦੇ ਹੀ ਬਿਰਤੀ ਤੋੜੀ ਹੈ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਸਾਧਾਰਨ ਪਾਠ ਤਾਂ ਵਗਦੇ ਖੂਹ ਦੀ ਆਡ ਸਮਾਨ ਹੈ, ਪਰ ਕੀਰਤਨ ਵਰਖਾ ਦਾ ਦਰਜਾ ਰੱਖਦਾ ਹੈ । ਸੋ ਸਾਰੇ ਗੁਰੂ ਸਾਹਿਬਾਨ ਨੇ ਹੀ ਕੀਰਤਨ ਨੂੰ ਉੱਚ ਦਰਜਾ ਦੇ ਕੇ ਸਤਿਕਾਰਿਆ ਹੈ ।

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਅਜਿਹਾ ਉੱਤਮ ਦਰਜਾ ਰੱਖਣ ਵਾਲੇ ਕੀਰਤਨ ਨੂੰ ਕਰਨ ਦਾ ਅਧਿਕਾਰੀ ਕੌਣ ਹੈ ? ਅਕਾਲ ਪੁਰਖ ਗੁਣਾਂ ਦਾ ਸਾਗਰ ਹੈ, ਕੀਰਤੀ ਦਾ ਮਾਲਕ ਹੈ । ਉਸ ਦੀਆਂ ਸਿਫਤਾਂ ਦਾ ਅੰਤ ਨਹੀਂ ।

ਅੰਤੁ ਨ ਸਿਫਤੀ ਕਹਣਿ ਨ ਅੰਤੁ ॥੨੪॥ (ਜਪੁ ਜੀ ਸਾਹਿਬ)

ਸਿਫਤੀ ਦੇ ਭੰਡਾਰੇ ਮਾਲਕ-ਪ੍ਰਭੂ ਦੀ ਕੀਰਤੀ ਕਰਨ ਦਾ ਅਧਿਕਾਰ ਵੀ ਉਸੇ ਨੂੰ ਹੈ ਜੋ ਆਪਣੇ ਅੰਦਰ ਨਿਰਭਉ ਨਿਰਵੈਰ ਪ੍ਰਭੂ ਦੇ ਗੁਣ ਸਮੋ ਲਵੇ. ਕਿਉਂਕਿ

'ਗੁਣ ਕਹਿ ਗੁਣੀ ਸਮਾਵਣਿਆ' ॥੧॥੨੨॥(ਪੰਨਾ ੧੨੨)

ਕੀਰਤਨ ਕਰਨ ਦਾ ਅਧਿਕਾਰੀ ਬਣਨ ਲਈ ਸਾਜ਼ਾਂ ਦੇ ਨਾਲ ਨਾਲ ਆਪਣੇ ਜੀਵਨ ਰੂਪੀ ਸਾਜ਼ ਨੂੰ ਵੀ



www.AKJ.Org

ਸੁਰ ਕਰਨਾ ਜ਼ਰੂਰੀ ਹੈ। ਗਿਆਨੀ ਸੰਤ ਸਿੰਘ ਮਸਕੀਨ ਆਪਣੀ ਪੁਸਤਕ 'ਗੁਰੂ ਚਿੰਤਨ' ਵਿਚ ਲਿਖਦੇ ਹਨ, "ਵਾਜੇ ਜਾਂ ਸਿਤਾਰ ਦੀ ਇਕ ਸੁਰ ਬੇਸੁਰੀ ਹੋਵੇ ਤਾਂ ਸਿਆਣੇ ਰਾਗੀ ਦਾ ਗਾਉਣਾ ਅਤਿ ਕਠਿਨ ਹੈ। ਜੀਵਨ ਇਕ ਵਾਜਾ ਹੈ, ਇਸ ਵਿਚ ਪੰਜ ਸੁਰਾਂ ਬੇਸੁਰੀਆਂ ਹਨ। ਯਾਦ ਰੱਖਣ ਵਾਲੀ ਗੱਲ ਹੈ ਕਿ ਤਾਰ ਸਿਤਾਰ ਵਿਚੋਂ ਕੱਢਣੀ ਨਹੀਂ ਹੈ, ਸੁਰ ਕਰਨੀ ਹੈ। ਇਸ ਸਰੀਰ ਵਿਚੋਂ ਕਾਮ, ਕਰੋਧ, ਲੋਭ, ਮੋਹ, ਹੰਕਾਰ ਕੱਢਣਾ ਨਹੀਂ ਹੈ, ਸੁਰ ਵਿਚ ਕਰਨਾ ਹੈ। ਜੇਕਰ ਕੱਢਣਾ ਚਾਹੀਏ ਤਾਂ ਕੱਢ ਵੀ ਨਹੀਂ ਸਕਾਂਗੇ। ਕਾਮ ਜਦ ਸੁਰ ਵਿਚ ਹੁੰਦਾ ਹੈ ਤਾਂ ਸ਼ਰਮ ਹਯਾ ਦਾ ਚੋਲਾ ਪਹਿਨ ਸੀਮਾ ਦੇ ਅੰਦਰ ਰਹਿੰਦਾ ਹੈ। ਕਰੋਧ ਧੀਰ ਰਸ ਬਣ ਜਾਂਦਾ ਹੈ। ਮੋਹ ਪ੍ਰੇਮ ਤੇ ਲੋਭ ਸੰਤੋਖ ਦੀ ਸ਼ਕਲ ਧਾਰਨ ਕਰ ਲੈਂਦਾ ਹੈ। ਹੰਕਾਰ ਅਣਖ ਸਵੈਮਾਨ ਦਾ ਰੂਪ ਬਣ ਜਾਂਦਾ ਹੈ। ਇਸ ਤਰ੍ਹਾਂ ਇਹ ਬੇਸੁਰੇ ਤਾਰ ਜਦ ਸੁਰ ਵਿਚ ਹੋ ਕੇ ਰੱਬੀ ਜਸ ਗਾਉਂਦੇ ਹਨ ਤਾਂ ਇਕ ਅਜੀਬ ਅਨੰਦ ਦੀ ਵਰਖਾ ਹੁੰਦੀ ਹੈ ਜਿਸ ਨਾਲ ਸਰੀਰ ਦਾ ਰੋਮ ਰੋਮ ਖੇੜੇ ਵਿਚ ਆ ਜਾਂਦਾ ਹੈ :

ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ ॥
ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ ॥੨॥ (ਰਾਮਕਲੀ ਮ: ੫, ਪੰਨਾ ੮੮੫)

ਪੰਜ ਗਿਆਨ ਇੰਦਰੇ ਤੇ ਇਕ ਮਨ, ਇਕ ਬੁੱਧੀ ਇਹਨਾਂ ਸੱਤਾਂ ਸੁਰਾਂ ਤੇ ਇਕ ਦਾ ਅਲਾਪ ਕਰੇ ਤਾਂ ਕੰਨ, ਨੇਤਰ, ਮਨ, ਬੁੱਧ, ਨਾਸਕਾ ਉਸੇ ਇਕ ਦੀ ਧੁਨ ਵਿਚ ਲੀਨ ਹੋਵਣ। ਜੇਕਰ ਐਸਾ ਅਡੋਲ ਕੀਰਤਨ ਇਕ ਛਿਨ ਵੀ ਹੋ ਜਾਵੇ ਤਾਂ ਜਨਮ-ਜਨਮਾਂਤਰਾਂ ਦੇ ਬੰਧਨ ਟੁੱਟ ਜਾਂਦੇ ਹਨ :

ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥੫੦॥
(ਸੂਹੀ ਮਹਲਾ ੫, ਪੰਨਾ ੭੪੭)

ਐਸਾ ਅਡੋਲ ਕੀਰਤਨ ਕਰਨ ਵਾਲੇ ਕੀਰਤਨੀਏ ਨੂੰ ਗੁਰੂ ਅਰਜਨ ਦੇਵ ਜੀ ਨੇ ਭਲਾ ਕੀਰਤਨੀਆ ਆਖਿਆ ਹੈ : ਭਲੋ ਭਲੋ ਰੇ ਕੀਰਤਨੀਆ ॥

ਰਾਮ ਰਮਾ ਰਾਮਾ ਗੁਨ ਗਾਉ ॥ ਛੋਡਿ ਮਾਇਆ ਕੇ ਧੰਧ ਸੁਆਉ ॥ਰਹਾਉ॥੮॥
(ਰਾਮਕਲੀ ਮਹਲਾ ੫, ਪੰਨਾ ੮੮੫)

ਠਾਕੁਰ ਦੀ ਪ੍ਰਸੰਨਤਾ ਦਾ ਪਾਤਰ ਬਣ, ਕੀਰਤਨੀਆ ਕਰੋੜਾਂ ਵਿਚੋਂ ਇਕ ਅੱਧ ਹੀ ਹੁੰਦਾ ਹੈ :

ਜੇ ਕੋ ਅਪੁਨੇ ਠਾਕੁਰ ਭਾਵੈ ॥ ਕੋਟਿ ਮਧਿ ਏਹੁ ਕੀਰਤਨੁ ਗਾਵੈ ॥੪॥੮॥(ਪੰਨਾ ੮੮੫)

ਅਜਿਹੇ ਵਿਰਲੇ ਕੀਰਤਨੀਆਂ ਵਿਚੋਂ ਹੀ ਵੀਹਵੀਂ ਸਦੀ ਵਿਚ ਹੋਏ ਇਕ ਕੀਰਤਨੀਏ ਸਨ—ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ। ਕੀਰਤਨ ਇਲਾਹੀ ਦਾਤਿ ਹੈ। ਇਹ ਦਾਤਿ ਗੁਰੂ ਨਾਨਕ ਨੇ ਆਪ ਅਰਸ਼ਾਂ ਤੋਂ ਲਿਆਂਦੀ। ਮਰਦਾਨੇ ਹੱਥ ਰਬਾਬ ਫੜਾ ਆਪ ਇਲਾਹੀ ਬਾਣੀ ਨੂੰ ਰੰਗਾਂ ਵਿਚ ਸਮੋ ਕੇ ਐਸੇ ਰੱਬੀ ਰੰਗਾਂ ਵਿਚ ਅਲਾਪੀ ਕਿ ਸੁਣਨ-ਹਾਰਿਆਂ ਦੇ 'ਲੋਕ ਸੁਖੀਏ ਪਰਲੋਕ ਸੁਹੇਲੇ' ਹੋ ਗਏ। ਗੁਰੂ ਨਾਨਕ ਦੇ ਸਾਥੀ ਭਾਈ ਮਰਦਾਨੇ ਤੋਂ ਅਰੰਭ ਹੋ ਕੇ ਕੀਰਤਨ ਦੀ ਇਹ ਕਲਾ ਸੱਤੇ ਬਲਵੰਡ ਤਕ ਚਲਦੀ ਰਹੀ, ਪਰ ਜਦੋਂ ਰਾਗ-ਸੁਰ ਦੇ ਅਭਿਮਾਨ ਵਿਚ ਸੱਤੇ ਬਲਵੰਡ ਨੇ ਗੁਰੂ ਤੋਂ ਮੁੱਖ ਮੋੜਿਆ ਤਾਂ ਗੁਰੂ ਸਾਹਿਬ ਨੇ ਉਹਨਾਂ ਦਾ ਹੰਕਾਰ ਤੋੜਨ ਲਈ ਆਮ ਸਿੱਖ ਨੂੰ ਕੀਰਤਨ ਦੀ ਦਾਤਿ ਬਖਸ਼ੀ। ਭਾਈ ਰਣਧੀਰ ਸਿੰਘ ਜੀ ਆਪਣੀ ਪੁਸਤਕ 'ਗੁਰਮਤਿ ਲੇਖ' ਵਿਚ ਲਿਖਦੇ ਹਨ :

"ਰਾਗ-ਸੁਰ-ਤਾਲੀਏ ਸੱਤੇ ਬਲਵੰਡ ਹੋਰੀਂ ਆਪਣੀ ਤਰਬ ਤਾਨਾਰੀਰੀ ਦੇ ਹੁਨਰ ਦੀ ਹੈਂਕੜ ਵਿਚ ਸਤਿਗੁਰੂ ਤੋਂ ਆਕੀ ਹੋ ਬੈਠੇ। ਸਤਿਗੁਰਾਂ ਨੇ ਉਹਨਾਂ ਦਾ ਹੰਕਾਰ ਦਮਨ ਕਰਨ ਲਈ ਆਪਣੇ ਸੂਧੇ ਸਾਦੇ ਸਿੱਖਾਂ ਹਿਤ ਸਰੋਦ-ਅਗੰਮੀ ਸਰੰਦੇ ਦਾ ਨਵ-ਤਰੰਗੀ ਸਾਜ਼ ਈਜਾਦ ਕਰ ਦਿੱਤਾ ਅਤੇ ਆਪਣੇ ਇਕੋ ਨਦਰ-ਕਰੰਮੀ ਕਟਾਖਸ਼ ਦੁਆਰਾ ਸ਼ਬਦ ਜੋਤਿ ਬਿਗਾਸੀ ਗੁਰਸਿੱਖਾਂ ਨੂੰ ਸਰੋਦ-ਸਰੰਦੀ-ਕੀਰਤਨ-ਕਲਾ ਦਾ ਮਾਹਰ ਬਣਾ ਦਿੱਤਾ। ਗੁਰੂ ਤੋਂ ਬੇਮੁਖ ਹੋਣ ਕਰਿ ਸੱਤੇ ਬਲਵੰਡ ਦਾ ਕੀਰਤਨ-ਕਮਾਲ ਖੁੱਸ ਗਿਆ। ਨਿਰੇ ਰਾਗ ਹੀ ਰਾਗ ਦੀ ਥੋਥੀ


www.AKJ.Org

ਤਾਨਾਗੀਰੀ ਰਹਿ ਗਈ।"

ਰਾਗ ਕੀਰਤਨ ਨਹੀਂ ਬਣ ਸਕਦਾ, ਪਰ ਪ੍ਰੇਮਾ ਭਗਤੀ ਵਿਚ ਰੰਗੇ, ਰਾਗ ਰਸ ਮੱਤੇ ਗੁਰਸਿੱਖਾਂ ਅੱਗੇ ਰਾਗ ਨਾਦ ਹੱਥ ਬੰਨ੍ਹੀ ਫਿਰਦੇ ਹਨ। ਕੀਰਤਨ-ਅਹਾਰੀ ਭਾਈ ਰਣਧੀਰ ਸਿੰਘ ਸੰਗੀਤ ਵਿਦਿਆ ਤੋਂ ਲਗਪਗ ਅਨਜਾਣ ਹੀ ਸਨ। ਪਰ ਜਦੋਂ ਰੱਬੀ ਰੰਗਾਂ ਵਿਚ ਰੰਗੇ ਆਪ ਹਾਰਮੋਨੀਅਮ ਫੜ ਕੀਰਤਨ ਅਰੰਭ ਕਰਦੇ ਤਾਂ ਸੰਗੀਤ ਆਪੇ ਫੁੱਟ ਫੁੱਟ ਪੈਂਦਾ। ਰਾਗ ਪਾਣੀ ਭਰਦੇ ਤੇ ਤਾਲ ਪੱਖਾ ਫੇਰਦੇ। 'ਹਰਿ ਕੀਰਤਨ' ਨਾਮੀ ਲੇਖ ਵਿਚ ਆਪਣੀ ਹੱਡ ਬੀਤੀ ਸੁਣਾਂਦਿਆਂ ਆਪ ਲਿਖਦੇ ਹਨ :

"ਇਕ ਵਾਰ ਦਾ ਜ਼ਿਕਰ ਹੈ ਕਿ ਅਸੀਂ ਸੂਧੇ ਸਾਦੇ ਕੀਰਤਨ ਦੇ ਚਾਉ-ਚਈਲੇ ਸਮੂਹ ਕੀਰਤਨੀ ਸਿੰਘਾਂ ਸੰਯੁਕਤ ਪਿੰਡ ਧਾਂਦਰੇ ਜ਼ਿਲ੍ਹਾ ਲੁਧਿਆਣਾ ਵਿਖੇ ਸ਼ਬਦ-ਅਭਿਆਸ ਆਨੰਦ-ਮਸਤ ਹੋਏ ਕੀਰਤਨ ਕਰ ਰਹੇ ਸੀ ਕਿ ਜੋੜੀ ਵਜਾਵਣਹਾਰਾ ਰਾਗ ਵਿਦਿਆ ਦਾ ਪ੍ਰਬੀਨ ਸੂਰਮਾ ਸਿੰਘ ਕਿਧਰੋਂ ਆ ਕੇ ਜੋੜੀ ਵਜਾਉਣ ਲਗ ਗਇਆ। ਅਸੀਂ ਉਦੋਂ ਢੋਲਕੀ ਨਾਲ ਹੀ ਕੰਮ ਸਾਰ ਲੈਂਦੇ ਸੀ ਤੇ ਹੁਣ ਵੀ ਏਵੇਂ ਹੀ ਸਾਰ ਲੈਂਦੇ ਹਾਂ। ਰਾਗ ਦੇ ਘਰ ਦੀ ਸਾਨੂੰ ਕੁਛ ਸੂਝ ਬੂਝ ਨਹੀਂ ਸੀ ਤੇ ਨਾ ਹੀ ਹੁਣ ਹੈ। ਐਵੇਂ ਵੇਹਲੀ ਡੀਂਗ ਮਾਰੀਏ ਤਾਂ ਕੀ ਫਾਇਦਾ। ਕੀਰਤਨ ਦੇ ਬਾਲ-ਸੁਭਾਈ ਚਾਉ ਵਿਚਿ ਗੁਰਬਾਣੀ ਗਾਵਣੀ ਆਪਣਾ ਸੁਭਾਗ ਸਮਝਦੇ ਸਾਂ ਅਤੇ ਨਿਰੋਲ ਗੁਰਬਾਣੀ ਦਾ ਕੀਰਤਨ ਹੀ ਮੁੱਢ ਤੋਂ ਮੁੱਖ ਰਖਿਆ। ਗੁਰੂ ਮਹਾਰਾਜ ਦੀ ਕਿਰਪਾ ਦੁਆਰਾ ਐਨਾ ਜ਼ਰੂਰ ਮਹਿਸੂਸ ਹੋ ਜਾਂਦਾ ਕਿ ਕੀਰਤਨ ਦਾ ਰਸ ਬੱਝ ਗਿਆ। ਰਸ ਬੱਝੇ ਦਾ ਅਹਿਸਾਸ ਪ੍ਰਤੀਤ ਹੋਏ ਬਿਨਾਂ ਅਸੀਂ ਕੀਰਤਨ ਲੇਖੇ ਲਗਿਆ ਨਹੀਂ ਸਾਂ ਸਮਝਦੇ। ਅਤੇ ਕੀਰਤਨ ਕਰਦੇ ਭੀ ਆਤਮ-ਰਸ ਲੈਣ ਲਈ, ਲੋਕਾਂ ਨੂੰ ਦਿਖਾਵਣ ਰੀਝਾਵਣ ਦਾ ਕੋਈ ਤਾਤਪਰਜ ਨਹੀਂ ਸੀ ਹੁੰਦਾ, ਨਾ ਅੱਜ ਤਕ ਹੋਇਆ ਹੈ। ਰਸ ਪ੍ਰਾਇਣ ਹੁੰਦੇ ਹੋਇਆਂ ਘੰਟਿਆਂ ਬੱਧੀ ਅਤੇ ਕਈ ਕਈ ਪਹਿਰ ਕੀਰਤਨ ਕਰੀ ਜਾਣਾ, ਥੱਕਣਾ ਹੀ ਨਾ। ਕੀਰਤਨ ਦੇ ਰੰਗ ਦੂਣ ਸਵਾਏ ਖਿੜੀ ਜਾਣੇ। ਏਸ ਖਿੜਾਉ ਦੀ ਟੀਸੀ ਵਿਚ ਕੀਰਤਨੀ ਜੱਥਾ ਝੂਮ ਝੂਮ ਕੇ ਕੀਰਤਨ ਕਰ ਰਹਿਆ ਸੀ, ਜਦ ਉਹ ਰਾਗ-ਪ੍ਰਬੀਨ ਜੋੜੀ ਵਜਾਉਣ ਵਾਲਾ ਸੂਰਮਾ ਆਇਆ। ਖੂਬ ਕੀਰਤਨ ਹੋਇਆ ਅਤੇ ਉਸ ਨੇ ਜੋੜੀ ਭੀ ਬੜੀ ਬੜ੍ਹ ਚੜ੍ਹ ਕੇ ਵਜਾਈ। ਉਸਦੀ ਹੈਰਾਨੀ ਦੀ ਕੋਈ ਹੱਦ ਨ ਰਹੀ, ਜਦ ਉਸ ਨੇ ਜਥੇ ਨੂੰ ਸੁਰ ਤਾਲ ਦੇ ਪੂਰੇ ਦੇਖਿਆ। ਕੀਰਤਨ ਸਮਾਪਤ ਹੋਣ ਪਸਚਾਤ ਉਸ ਨੇ ਇਕ ਰਾਗ ਦੇ ਜਾਣੂ ਕੀਰਤਨ-ਸਰੋਤੇ ਨਾਲ ਕੀਰਤਨ ਦੀ ਸ਼ਲਾਘਾ ਕਰਨੀ ਅਰੰਭੀ। ਉਸ ਨੂੰ ਇਹ ਪਤਾ ਨਹੀਂ ਸੀ ਕਿ ਜਥੇ ਵਿਚੋਂ ਕੋਈ ਕੀਰਤਨੀਆ ਸੱਜਣ ਉਸ ਦੀ ਇਹ ਕੀਰਤਨ-ਸ਼ਲਾਘਾ ਵਾਲੀ ਗੱਲ ਸੁਣ ਰਹਿਆ ਸੀ। ਬੜੀ ਹੈਰਾਨ ਕਰਨ ਵਾਲੀ ਗੱਲ ਉਸ ਨੇ ਇਹ ਕਹੀ ਕਿ 'ਰਾਗ ਵਿਦਿਆ-ਹੰਕਾਰੀ ਕਈ ਰਾਗੀਆਂ ਤੋਂ ਇਹ ਸੁਣਿਆ ਗਇਆ ਸੀ ਕਿ ਇਹ ਜਥਾ ਸੰਘ ਪਾੜਨ ਹੀ ਜਾਣਦਾ ਹੈ, ਰਾਗ ਦੇ ਘਰ ਦੀ ਇਹਨਾਂ ਨੂੰ ਕੋਈ ਸੂਝ ਬੂਝ ਨਹੀਂ, ਪਰ ਅੱਜ ਬਿਲਾਵਲ ਰਾਗ ਦੇ ਸ਼ਬਦ ਬਿਲਾਵਲ ਦੇ ਤਰੰਗ-ਤਰਾਨਿਆਂ ਵਿਚ ਇਸ ਜਥੇ ਤੋਂ ਸੁਣ ਕੇ ਉਹ ਅਨੰਦ ਆਇਆ ਜਿਹੜਾ ਅੱਗੇ ਕਦੇ ਕਿਸੇ ਰਾਗੀ ਤੋਂ ਸੁਣ ਕੇ ਨਹੀਂ ਆਇਆ। ਬੜੀ ਖ਼ੂਬੀ ਇਹ ਕਿ ਵਕਤ ਵੇਲਾ ਵੀ ਬਿਲਾਵਲ ਰਾਗ ਦੇ ਅਲਾਪ ਦਾ ਸੀ।' ਸੁਣ ਸੁਣ ਕੇ ਆਪਣੇ ਮਨ ਅੰਦਰ ਅਸੀਂ ਹੱਸੀਏ ਅਤੇ ਹੈਰਾਨ ਹੋਈਏ, ਕਿਉਂਕਿ ਸਾਨੂੰ ਤਾਂ ਇਹ ਭੀ ਪਤਾ ਨਹੀਂ ਸੀ ਕਿ ਬਿਲਾਵਲ ਰਾਗ ਕਿਹੜਾ ਹੈ ਅਤੇ ਕਿਵੇਂ ਗਾਈਦਾ ਹੈ ਅਤੇ ਕਿਸ ਵੇਲੇ ਗਾਈਦਾ ਹੈ। ਅਸੀਂ ਕਿਸੇ ਨੇ ਭੀ ਕਿਸੇ ਰਾਗ-ਵਿਦਿਆ ਦੀ ਟਕਸਾਲ ਤੋਂ ਰਾਗ ਅਲਾਪਣਾ ਭੀ ਨਹੀਂ ਸਿਖਿਆ ਸੀ। ਉਸ ਨੇ ਪੁੱਜ ਕੇ ਰਾਗ-ਪ੍ਰਬੀਨਤਾ ਦੀ ਸ਼ਲਾਘਾ ਕੀਤੀ। ਉਸ ਦੇ ਭਾਦਾ ਸਾਰਾ ਜਥਾ ਕਿਸੇ ਖਾਸ ਰਾਗ-ਪ੍ਰਬੀਨ ਰਾਗ-ਵਿਦਿਆ ਟਕਸਾਲ ਵਿਖੇ ਰਾਗ-ਵਿਦਿਆ ਸਿਖ ਕੇ ਆਇਆ ਹੈ। ਪਰ ਸਾਨੂੰ ਯਕੀਨ ਸੀ ਕਿ ਅਸਾਡੇ ਵਿਚ ਰਾਗ-ਵਿਦਿਆ ਦਾ ਕੋਈ ਭੀ ਗੁਣ ਨਹੀਂ ਸੀ, ਨਾ ਹੀ ਹੁਣ ਹੈ, ਸਗੋਂ ਸਾਨੂੰ ਇਹ ਨਿਸਚਿਤ ਹੋਇਆ ਅਤੇ ਪਹਿਲੇ ਦਿਨ ਇਸ ਗੱਲ ਉਤੇ ਭਰੋਸਾ ਬੱਝਾ ਕਿ ਆਪਣਾ ਕੀਰਤਨ ਸਤਿਗੁਰੂ ਆਪ ਕਲਾ ਵਰਤਾਇ ਕੇ ਕਰਾਉਂਦਾ ਹੈ। ਪ੍ਰੇਮ-ਰਸ ਵੈਰਾਗੀਆਂ ਦੇ ਕੀਰਤਨ ਵਿਚ ਸਤਿਗੁਰੂ ਆਪ ਸਹਾਈ ਹੁੰਦਾ ਹੈ ਅਤੇ ਅਨਾਚਿਤ ਹੀ ਰਾਗਾਂ ਨਾਦਾਂ ਦੀ ਗਿਆਤ ਸਫੁਰ ਆਉਂਦੀ ਹੈ। ਲੱਖ ਲੱਖ ਸ਼ੁਕਰ ਹੈ ਗੁਰੂ ਅੰਤਰ-



www.AKJ.Org

ਜਾਮੀ ਦਾ ਕਿ ਆਪਣੇ ਸੇਵਕਾਂ ਤੋਂ ਆਪੇ ਹੀ ਕਲਾ-ਕੀਰਤਨੀ-ਸੇਵਾ ਲੈਂਦਾ ਹੈ। ਅਸੀਂ ਮੂਰਖ ਮੁਗਧ ਅੰਜਾਣ ਭੀ ਨਦਰ ਦ੍ਰਿਸ਼ਟਿ ਦੇ ਪਾਤਰ ਬਣ ਗਏ। ਧੰਨਿ ਸਤਿਗੁਰ ਨਾਨਕ ਨਿਰੰਕਾਰੀ ਧੰਨ।"

ਗੁਰਬਾਣੀ ਦੇ ਭਾਵਾਂ ਨਾਲ ਇਕ-ਸੁਰ ਹੋ ਕੇ ਕੀਰਤਨੀਏ ਅੰਦਰ ਅਜਿਹੀ ਕਲਾ ਵਰਤਦੀ ਹੈ ਕਿ ਉਹ ਆਪ ਤਾਂ ਰਸ-ਗੜੂੰਦ ਹੁੰਦਾ ਹੀ ਹੈ, ਸੁਣਨਹਾਰਿਆਂ ਨੂੰ ਵੀ ਉੱਚ ਆਤਮਿਕ ਮੰਡਲਾਂ ਵਿਚ ਲੈ ਜਾਂਦਾ ਹੈ। ਨਾਮ ਸਿਮਰਨ ਦੀ ਅਖੰਡਾਕਾਰ ਕਮਾਈ ਸਦਕਾ ਭਾਈ ਸਾਹਿਬ ਕੀਰਤਨ ਕਰਦੇ ਕਦੀ ਥਕਦੇ ਨਹੀਂ ਸਨ। ਆਪ ਚਵ੍ਹੀ ਚਵ੍ਹੀ ਘੰਟੇ ਲਗਾਤਾਰ ਕੀਰਤਨ ਸੁਣਦੇ ਅਤੇ ਕਈ ਕਈ ਘੰਟੇ ਲਗਾਤਾਰ ਕੀਰਤਨ ਕਰਦੇ ਤੇ ਉਹ ਵੀ ਪੰਚਮ ਦੀਆਂ ਸੁਰਾਂ ਵਿਚ, ਜਿਥੇ ਵੱਡੇ ਵੱਡੇ ਰਾਗੀ ਵੀ ਥੋੜ੍ਹੀ ਦੇਰ ਬਾਅਦ ਥੱਕ ਜਾਂਦੇ ਸਨ। ਇਕ ਵਾਰ ਇਕ ਸੱਜਣ ਨੇ ਆਪ ਨੂੰ ਪੁੱਛਿਆ, "ਭਾਈ ਸਾਹਿਬ ਇਤਨੀ ਉੱਚੀ ਸੁਰ 'ਚ ਕੀਤਾ ਕੀਰਤਨ ਆਪ ਦੇ ਦਿਮਾਗ ਨੂੰ ਨਹੀਂ ਚੜ੍ਹਦਾ?" ਤਾਂ ਆਪ ਦਾ ਜੁਆਬ ਸੀ, "ਜਿਉਂ ਜਿਉਂ ਕੀਰਤਨ ਉੱਪਰ ਚੜ੍ਹਦਾ ਹੈ ਇਤ੍ਰੇ ਪ੍ਰਤੀਤ ਹੁੰਦਾ ਹੈ, ਜਿਵੇਂ ਘਿਉ ਦੇ ਛੱਟੇ ਛੱਕ ਰਹੇ ਹੋਈਏ।" ਅਜਿਹਾ ਸੀ ਅਨੁਭਵੀ ਅਨੰਦ, ਜੋ ਭਾਈ ਸਾਹਿਬ ਕੀਰਤਨ-ਆਹਾਰ ਵਿਚੋਂ ਮਾਣਦੇ ਰਹੇ।

ਭਾਈ ਰਣਧੀਰ ਸਿੰਘ ਜੀ ਨੇ ਗੁਰਮਤਿ ਦੇ ਪਾਂਧੀ ਬਣ ਕੇ ਬੜੀ ਕਰੜੀ ਆਤਮਿਕ ਘਾਲਣਾ ਘਾਲੀ। ਜੇਲ੍ਹ ਦੀਆਂ ਕਾਲ-ਕੋਠੜੀਆਂ ਵਿਚ ਰਹਿੰਦਿਆਂ ਵੀ ਗੁਰਮਤਿ ਮਾਰਗ ਤੋਂ ਮੂੰਹ ਨਹੀਂ ਮੋੜਿਆ। ਗੁਰਮਤਿ ਆਦਰਸ਼ਾਂ ਦੀ ਪੂਰਤੀ ਲਈ ਚਾਲ੍ਹੀ ਚਾਲ੍ਹੀ ਦਿਨ ਲੰਗਰ ਮਸਤਾਨੇ ਰਖੇ, ਪਰ ਰਤੀ ਭਰ ਡੋਲੇ ਨਹੀਂ। ਭੈਭੀਤ ਵਾਤਾਵਰਨ 'ਚ ਕੋਠੀ ਬੰਦ ਹੋ ਕੇ ਵਰ੍ਹਿਆਂ ਬੱਧੀ ਸਮਾਂ ਬਿਤਾਇਆ, ਪਰ ਚਿਹਰੇ ਤੇ ਜਲਾਲ ਉਵੇਂ ਦਾ ਉਵੇਂ ਰਿਹਾ, ਕਿਉਂਕਿ ਆਪ ਨੂੰ ਦ੍ਰਿੜ੍ਹ ਵਿਸ਼ਵਾਸ ਹੀ ਨਹੀਂ ਸਗੋਂ ਜੀਉਂਦਾ ਜਾਗਦਾ ਅਨੁਭਵ ਸੀ ਕਿ 'ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥'* ਸੋਲ੍ਹਾਂ ਸਾਲ ਦਾ ਲੰਮਾ ਸਮਾਂ ਜੇਲ੍ਹਾਂ 'ਚ ਬਿਤਾਇਆ, ਪਰ ਚਿੱਤ ਬ੍ਰਿਤੀ ਆਤਮਕ ਰੰਗ ਵਿਚ ਹੀ ਰਹੀ। ਜੇਲ੍ਹ ਵਿਚ ਰਹਿੰਦਿਆਂ ਕਈ ਸਾਥੀਆਂ ਨੂੰ ਬਾਣੀ ਦੀ ਚੇਟਕ ਲਾਈ, ਨਾਮ ਦੇ ਰੰਗ ਵਿਚ ਰੰਗਿਆ, ਕੀਰਤਨ-ਅਖਾੜੇ ਰਚਾਏ ਅਤੇ ਹਥਕੜੀਆਂ ਨੂੰ ਛੈਣਿਆਂ ਦਾ ਰੂਪ ਦੇ ਕੇ ਜੰਗਲ ਵਿਚ ਮੰਗਲ ਬਣਾ ਵਿਖਾਇਆ। ਆਪ ਦੀਆਂ ਨਜ਼ਰਾਂ ਵਿਚ ਗੁਰਬਾਣੀ ਦਾ ਗਾਵਣਾ ਅਤਿ ਉੱਤਮ ਸ੍ਰੇਸ਼ਟ ਕਰਮ ਅਤੇ ਪੂਰਨ ਗਿਆਨ ਹੈ। 'ਗੁਰਮਤਿ ਬਿਬੇਕ' ਵਿਚ ਆਪ ਲਿਖਦੇ ਹਨ:

"ਕੀਰਤਨ ਗਾਵਣ ਰੂਪੀ ਸਿਫਤ-ਸਾਲਾਹ ਕਰਨਾ ਹੀ ਪੂਰਨ ਗੁਰਮਤਿ ਗਿਆਨ ਹੈ। ਯਦਿ 'ਹਰਿ ਕੀਰਤਨ ਸਿਰ ਕਰਮਨ ਕੇ ਕਰਮਾ' ਹੈ, ਅਰਥਾਤ, ਮੁਖ ਬਿਬੇਕ ਕਰਮ ਹੈ ਤਦੇ ਹੀ ਹੁਕਮ ਮਿਲਦਾ ਹੈ ਕਿ 'ਗਾਉ' ਏਹ ਕੀਰਤਨ। ਯਦਿ ਅਜਿਹਾ ਮੁਖ ਕਰਮ-ਬਿਬੇਕੁ ਹੈ ਕਿ ਇਸ ਕਰਮ ਦਾ ਬਿਨਾਸ ਤੁਰੀਆ ਪਦ ਵਿਖੇ ਭੀ ਜਾ ਕੇ ਨਹੀਂ ਹੁੰਦਾ, ਅਰਥਾਤ, ਦਸਮ ਦੁਆਰਾ ਅਗਮ ਅਪਾਰਾ ਪ੍ਰਾਪਤ ਕਰ ਲੈਣ ਪਰ ਭੀ ਕੀਰਤਨ ਦੇ ਅਖਾੜਿਆਂ ਦੀ ਖੁਲ੍ਹ ਖੇਡ ਬਣੀ ਰਹਿੰਦੀ ਹੈ। ਤਾਂ ਹੀ ਤੇ ਏਹ ਕੀਰਤਨ ਪੂਰਨ ਗਿਆਨ ਸਰੂਪ ਹੈ। ਜੋ ਕੀਰਤਨ ਸੱਚੇ ਸੁੱਖ ਤੇ ਸਰਬ ਸੁੱਖਾਂ ਦਾ ਦਾਤਾ ਹੈ, ਸੋ ਹਰਿ ਕੀਰਤਨੁ ਜਨਮ ਮਰਨ ਦੇ ਦੁੱਖ ਤੇ ਸਭ ਦੁੱਖਾਂ ਦਾ ਭੰਜਨਹਾਰਾ ਹੈ ਅਤੇ ਕਾਮ, ਕ੍ਰੋਧ ਤੇ ਲੋਭ ਨੂੰ ਖੰਡ ਖੰਡ ਕਰਨਹਾਰਾ ਹੈ ਅਤੇ ਮੂੜ ਅਭਿਮਾਨ ਨੂੰ ਬਿਨਾਸਨਹਾਰਾ ਹੈ। ਉਸ ਹਰਿ ਕੀਰਤਨ ਰੂਪੀ ਸਿਫਤ ਸਾਲਾਹ ਤੋਂ ਵਧ ਕੇ ਹੋਰ ਕੋਈ ਗਿਆਨ ਨਹੀਂ। ਅਥਵਾ ਪੂਰਨ ਗਿਆਨ ਇਹ ਹਰਿ ਕੀਰਤਨ ਰੂਪੀ ਸਦਾ ਸਿਫਤ ਸਾਲਾਹੀ ਧਿਆਨ ਹੈ।"

ਕੀਰਤਨ ਵਿਚ ਆਪ ਕਿਸੇ ਧਾਰਨਾ ਜਾਂ ਮਨ-ਘੜਤ ਤੁੱਕ ਲਗਾਉਣ ਦੇ ਹਾਮੀ ਨਹੀਂ ਸਨ। ਨਿਰੋਲ ਗੁਰਬਾਣੀ ਦਾ ਪ੍ਰਮਾਣਾਂ ਸਹਿਤ ਕੀਰਤਨ ਕਰਨਾ ਅਤੇ ਵਿਚ ਵਿਚ ਭਾਵ ਅਨੁਸਾਰ ਵਾਹਿਗੁਰੂ ਦੀ ਧੁਨੀ ਲਗਾਉਣਾ ਆਪ ਦੀ ਕੀਰਤਨ-ਕਲਾ ਦਾ ਵਿਸ਼ੇਸ਼ ਅੰਗ ਸਨ। ਆਪ ਨੇ ਗੁਰਮਤਿ ਪ੍ਰਚਾਰ ਦਾ ਕਦੇ ਵੀ ਕੋਈ ਵਿਸ਼ੇਸ਼ ਪ੍ਰੋਗਰਾਮ

[ਬਾਕੀ ਦੇਖੋ ਸਫ਼ਾ ੧੮ ਹੇਠ]

*ਆਸਾ ਘਰੁ ੭ ਮਹਲਾ ੫, ਪੰਨਾ ੩੯੪



www.AKJ.Org

# ਜਾਗਤ-ਜੋਤਿ ਕਿਵੇਂ ਜਗਦੀ ਹੈ ?

ਨਾਮ ਰੂਪੀ ਜਾਗਤ ਜੋਤਿ ਦਾ ਅਭਿਆਸ ਰੂਪੀ ਜਾਗੁ, ਪਾਰਸ-ਸੁਪਰਸਨੀ-ਜਾਗ ਉਸੇ ਵਡਭਾਗੀ ਆਤਮ-ਆਕ੍ਰਖਣੀ ਰੂਹ ਨੂੰ ਲਗਦਾ ਹੈ, ਜਿਸ ਦੇ ਘਟ ਅੰਤਰ ਗੁਰੂ-ਕਰਨਾ ਕਰਿ, ਗੁਰੂ-ਰੂਪੀ ਜੋਤਿ ਪ੍ਰਕਾਸ਼ਕੀ ਬਿਸਮਾਦ ਕਲਾ ਸਪਰਸੀ ਜਾਏ। ਇਹ ਕੇਵਲ ਗੁਰੂ-ਹੁਕਮ ਅਨੁਸਾਰ ਗੁਰੂ-ਜੋਤਿ-ਕਲਾ, ਪ੍ਰਕਾਸ਼ ਕ੍ਰਿਸ਼ਮੀ ਗੁਰੂ ਸਰੂਪ ਪੰਜਾਂ ਪਿਆਰਿਆਂ ਦੇ ਪਾਰਸ ਸੁਪਰਸਨੀ ਕ੍ਰਿਸ਼ਮ ਦੁਆਰਾ ਹੀ ਸੁਪਰਸੀ ਜਾ ਸਕਦੀ ਹੈ। ਨਾਮ-ਅਭਿਆਸ ਕਮਾਈ ਵਾਲੇ ਘਟੰਤਰਿ ਜਗਨ-ਜੋਤੀਸ਼ੀ ਦੀਵਿਆਂ ਵਾਲੇ ਅੰਮ੍ਰਿਤਧਾਰੀ ਪੰਜਾਂ ਪਿਆਰਿਆਂ ਦੀ, ਗੁਰੂ ਸਰੂਪ ਸੰਪੂਰਨ ਕਲਾ ਕ੍ਰਿਸ਼ਮੀ-ਨਾਮ-ਦਾਤਿ ਰੂਪੀ ਚੁੰਭਕ ਸਪਰਸ ਹੀ, ਨਾਮ ਰੂਪੀ ਜਗਨ-ਜੋਤਿ ਦੀਵੇ ਅਧਿਕਾਰੀ ਜਗਿਆਸੂ ਜਨਾਂ ਦੇ ਘਟਾਂ ਅੰਦਰ ਜਗਾ ਸਕਦੀ ਹੈ। ਪ੍ਰਗਟ ਗੁਰਾਂ ਦੀ ਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ, ਗੁਰੂ ਦਸਮੇਸ਼ ਜੀ ਦੇ ਖੰਡੇ ਦੇ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ, ਅੰਮ੍ਰਿਤ-ਕਲਾ ਕ੍ਰਿਸ਼ਮੀ ਨਾਮ ਅਭਿਆਸ ਕਮਾਈਆਂ ਵਾਲੇ ਪੰਜਾਂ ਪਿਆਰਿਆਂ ਦੁਆਰਾ ਜਗਿਆਸੂ ਜਨਾਂ ਦੇ ਘਟਾਂ ਅੰਦਰ ਗੁਰਮਤਿ ਨਾਮ ਬੀਜ ਮਾਤਰ ਬੀਜਿਆ ਹੋਇਆ ਹੀ ਜਾਗਤ ਜੋਤਿ ਪ੍ਰਕਾਸ਼ਨੀ ਕਲਾ ਸਰੂਪ ਵਿਚ ਹੀ ਫਲੀਭੂਤ ਹੋ ਸਕਦਾ ਹੈ, ਐਵੇਂ ਨਹੀਂ। ਇਸ ਬਿਧਿ ਬੀਜ ਮਾਤਰ ਜਗਿਆਸੂ ਜਨ ਦੇ ਘਟੰਤਰਿ ਪਰਵੇਸ਼ਿਆ ਹੋਇਆ ਜਾਗਤ-ਜੋਤਿ ਨਾਮ ਨਿਸ ਬਾਸਰ ਹੀ ਅੰਮ੍ਰਿਤਧਾਰੀ ਜਗਿਆਸੂ ਜਨਾਂ ਤੋਂ ਜਪਿਆ ਅਭਿਆਸਿਆ ਕਮਾਇਆ ਜਾਵੇ ਤਦ ਜਾ ਕੇ ਜਾਗਤ ਜੋਤਿ ਆਪਣੀ ਪੂਰੀ ਕਲਾ ਵਿਚ ਜਗਿਆਸੂ ਜਨਾਂ ਦੇ ਘਟਾਂ ਅੰਦਰ ਜਗਦੀ ਹੈ। ਪਰ ਜਗਾਈ ਹੀ ਜਗਦੀ ਹੈ, ਉਪਰ ਦਸੀ ਬ੍ਰਿਧੀ ਅਨੁਸਾਰ ਜਗਾਈ ਹੀ ਜਗਦੀ ਹੈ। ਜਿਨ੍ਹਾਂ ਗੁਰਮੁਖ ਜਨਾਂ ਦੇ ਘਟਾਂ ਅੰਤਰ ਇਸ ਪੂਰਨ ਜਾਗਤ ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ, ਐਸੇ ਜਨ ਹੀ ਨਿਰੋਲ (ਨਿਖਾਲਸ) ਨਿਰੇ ਖਾਲਸ ਖਾਲਸੇ ਹਨ।

(ਭਾ: ਸਾ: ਰਣਧੀਰ ਸਿੰਘ ਲਿਖਤ 'ਗੁਰਮਤਿ ਵਿਚਾਰ' ਪੰਨਾ ੯੫-੯੬)

---

[੧੭ ਸਫ਼ੇ ਦੀ ਬਾਕੀ]

ਨਹੀਂ ਸੀ ਉਲੀਕਿਆ, ਪਰੰਤੂ ਆਪ ਦਾ ਜੀਵਨ, ਆਤਮ-ਰੰਗਾਂ ਵਿਚ ਰੰਗੀਜੇ ਕੇ ਕੀਤਾ ਕੀਰਤਨ ਆਪਣੇ ਆਪ ਵਿਚ ਇਕ ਪ੍ਰਚਾਰ ਸੀ। ਅਣਗਿਣਤ ਕੀਰਤਨ-ਮਤਵਾਲੇ ਅਮਲੀ ਹੋਏ ਆਪ ਦੇ ਦੁਆਲੇ ਰਹਿੰਦੇ। ਜਿਥੇ ਵੀ ਜਾਂਦੇ (ਜੇਲ੍ਹਾਂ ਵਿਚ ਜਾਂ ਬੁੰਗਿਆਂ ਵਿਚ), ਆਪ ਦੇ ਸਾਧਾਰਨ ਬਚਨ, ਆਪ ਦਾ ਸਾਧਾਰਨ ਵਿਵਹਾਰ ਨਿਗੁਰਿਆਂ ਨੂੰ ਗੁਰੂ ਵਾਲੇ ਬਣਾ ਦੇਂਦਾ। ਅਖੰਡ ਕੀਰਤਨ ਦੀ ਜਿਹੜੀ ਪਰਿਪਾਟੀ ਆਪ ਨਾਲ ਅਰੰਭ ਹੋਈ, ਉਸ ਦਾ ਪ੍ਰਭਾਵ ਅੱਜ ਵੀ ਦੇਖਣ ਨੂੰ ਮਿਲਦਾ ਹੈ। ਅੱਜ ਰਾਗੀ ਸਿੰਘਾਂ ਦਾ ਰਾਗ ਦੀ ਕਲਾ ਨਾਲੋਂ ਗੁਰਬਾਣੀ ਨੂੰ ਪ੍ਰਮੁੱਖਤਾ ਦੇਣਾ ਆਪ ਦੇ ਕੀਰਤਨ-ਸਟਾਈਲ ਦਾ ਹੀ ਨਤੀਜਾ ਹੈ। ਆਪ ਨੇ ਗੁਰੂ ਨਾਨਕ ਦੇਵ ਜੀ ਦੇ 'ਘਰ ਘਰ ਅੰਦਰਿ ਧਰਮਸਾਲ' ਦੇ ਆਦਰਸ਼ ਨੂੰ ਅਗੇ ਤੋਰਿਆ। ਸਿੱਧੀਆਂ ਤਰਜ਼ਾਂ ਵਿਚ ਕੀਰਤਨ ਕਰਨਾ ਆਸਾਨ ਸੀ। ਸੋ ਕਈ ਬੀਬੀਆਂ ਤੇ ਸਿੰਘ ਕੀਰਤਨ ਸਿੱਖਣ ਦੇ ਇੱਛਕ ਹੋਏ। ਕੀਰਤਨੀਏ ਨਵੀਆਂ ਨਵੀਆਂ ਤੇ ਮਿੱਠੀਆਂ ਮਿੱਠੀਆਂ ਧੁਨਾਂ ਤਿਆਰ ਕਰ ਕੇ, ਕੀਰਤਨ-ਸਮਾਗਮਾਂ ਵਿਚ ਆ ਕੇ ਰੌਣਕ ਵਧਾਂਦੇ। ਛੋਟੇ ਛੋਟੇ ਬੱਚਿਆਂ ਨੂੰ ਵੀ ਆਪ ਥਾਪੜਾ ਦੇ ਕੇ ਕੀਰਤਨ ਦੀ ਅਸੀਸ ਦੇਂਦੇ। ਥਾਪੜਾ ਪ੍ਰਾਪਤ ਕਰਨ ਵਾਲੇ ਸੁੱਤੇ ਸਿਧ ਹੀ ਵਡੇ ਕੀਰਤਨੀਏ ਹੋ ਨਿਬੜਦੇ। ਅਜਿਹਾ ਸੀ ਨਾਮ-ਲੇਵਾ ਗੁਰਮੁਖ ਸੱਜਣ ਦੇ ਜੀਵਨ ਦਾ ਪ੍ਰਭਾਵ ਤੇ ਅਜਿਹੀ ਸੀ ਉਸ ਸੰਤ-ਜਨ ਵਲੋਂ ਕੀਤੇ ਕੀਰਤਨ ਦੀ ਇਲਾਹੀ ਕਲ।

ਅੱਜ ਆਪ ਸਰੀਰਕ ਤੌਰ ਤੇ ਸਾਡੇ ਵਿਚ ਨਹੀਂ ਹਨ, ਪਰ ਕੀਰਤਨ ਦੇ ਭੰਡਾਰੇ, ਪੰਥ ਵਿਚ ਅਨੇਕਾਂ ਕੀਰਤਨੀ ਜਥੇ ਪ੍ਰਗਟ ਕਰਨਹਾਰੇ; ਅਖੰਡ ਭੋਜਨ ਚੁਰਨਹਾਰੇ ਭਾਈ ਸਾਹਿਬ ਅਖੰਡ ਕੀਰਤਨੀਆਂ ਵਿਚ ਨਜ਼ਰ ਆਉਂਦੇ ਹਨ ਤੇ ਆਉਂਦੇ ਰਹਿਣਗੇ।



www.AKJ.Org

# ਸਿੱਖੀ ਦੀ ਪਰਖ

[ਪਾਂਧੀ ਨਨਕਾਣਵੀਂ, ਜੇ-8/22, ਰਾਜੌਰੀ ਗਾਰਡਨ, ਨਵੀਂ ਦਿੱਲੀ-27]

ਸੰਨ ੧੯੪੭ ਦੇ ਲਹੂ-ਭਿੱਜੇ ਸਾਲ ਦੇ ਮਾਰਚ ਮਹੀਨੇ ਦੀ ਗੱਲ ਹੈ, ਜਦ ਕਿ ਮੁਸਲਿਮ ਲੀਗ ਨੇ ਮੁਹੰਮਦ ਅਲੀ ਜਿਨਾਹ ਦੀ ਸਰਕਰਦਗੀ ਹੇਠ ਅਖੰਡ ਹਿੰਦੁਸਤਾਨ, ਵਿਸ਼ੇਸ਼ ਕਰਕੇ ਬੰਗਾਲ ਅਤੇ ਪੰਜਾਬ ਵਿਚ ਗ਼ੈਰ-ਮੁਸਲਿਮ ਲੋਕਾਂ ਨੂੰ ਹਿੱਜਰਤ ਲਈ ਮਜਬੂਰ ਕਰਨ ਲਈ, ਆਪਣਾ 'ਡਾਇਰੈਕਟ ਐਕਸ਼ਨ' ਸ਼ੁਰੂ ਕੀਤਾ। ਸੱਦੀਆਂ ਤੋਂ ਭਰਾਵਾਂ ਵਾਂਗ ਇਕੱਠੇ ਰਹਿੰਦੇ ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਵਿਚਕਾਰ ਨਫ਼ਰਤ ਦੀ ਅਜਿਹੀ ਅੱਗ ਬਾਲੀ, ਜਿਸ ਦਾ ਅਸਰ ੮ ਮਾਰਚ ੧੯੪੭ ਨੂੰ ਹੋਏ ਫ਼ਸਾਦ ਪਿਛੋਂ ਰਾਵਲਪਿੰਡੀ ਡਵੀਯਨ ਦੇ ਸਮੂੰਹ ਜ਼ਿਲਿਆਂ, ਭਾਵ, ਜਿਹਲਮ ਤੇ ਕੈਂਬਲਪੁਰ ਦੇ ਸ਼ਹਿਰਾਂ ਅਤੇ ਪਿੰਡਾਂ ਵਿਚ ਆਮ ਵੇਖਣ ਵਿਚ ਆਇਆ। ਮੁਸਲਿਮ-ਲੀਗੀ, ਗੁੰਡੇ, ਛਵ੍ਹੀਆਂ, ਗੰਡਾਸਿਆਂ, ਬੰਦੂਕਾਂ ਤੇ ਪਿਸਤੌਲਾਂ ਨਾਲ ਲੈਸ ਹੋ ਕੇ, ਇਹਨਾਂ ਜ਼ਿਲਿਆਂ ਦੇ ਪਿੰਡਾਂ ਤੇ ਧਾਵੇ ਬੋਲਣ ਲੱਗ ਪਏ, ਅਤੇ ਪਾਕਿਸਤਾਨ ਦੀ ਬੁਨਿਆਦ ਉਹਨਾਂ ਹਿੰਦੂਆਂ ਸਿੱਖਾਂ ਦੇ ਮਾਸੂਮ ਬੱਚੇ ਬੱਚੀਆਂ, ਬੁੱਢੇ ਜਵਾਨ, ਵਿਆਹੀਆਂ ਤੇ ਅਣ-ਵਿਆਹੀਆਂ ਕੁੜੀਆਂ ਦਾ ਕਤਲ ਤੇ ਅਸਮਤ-ਦਰੀ ਦੇ ਵਹਿਸ਼ੀਆਨਾ ਨੰਗਾ ਨਾਚ ਨੱਚ ਕੇ, ਉਹਨਾਂ ਦੀਆਂ ਕਬਰਾਂ ਤੇ ਰੱਖੀ।

ਜ਼ਿਲਾ ਜਿਹਲਮ ਦੇ ਇਕ ਗਰਾਂ ਵਿਚ ਜਦੋਂ ਅਜਿਹੀਆਂ ਖ਼ਬਰਾਂ ਪਹੁੰਚੀਆਂ, ਤਾਂ ਉਥੋਂ ਦੇ ਵਸਨੀਕ ਹਿੰਦੂ ਤੇ ਸਿੱਖ ਵੀ ਮੁਲਕ ਦੇ ਬਦਲਦੇ ਹਾਲਾਤ, ਤੇ ਫੈਲ ਰਹੀ ਬਦਅਮਨੀ ਤੋਂ ਪ੍ਰਭਾਵਤ ਹੋਣੋਂ ਨਾ ਰਹਿ ਸਕੇ, ਤੇ ਉਹਨਾਂ ਦੀਆਂ ਅੱਖਾਂ ਦੀ ਨੀਂਦਰ ਹਰਾਮ ਹੋਣ ਲੱਗੀ। ਇਕ ਰਾਤ, ਗਰਾਂ ਦੇ ਗੁਰਦੁਆਰੇ ਵਿਚ ਹਿੰਦੂਆਂ ਸਿੱਖਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਹੋਇਆਂ ਸ: ਜਸਵੰਤ ਸਿੰਘ (ਠੇਕੇਦਾਰ) ਨੇ ਬੜੇ ਦੁੱਖ ਦਾਂ ਪ੍ਰਗਟਾਵਾ ਕਰਦਿਆਂ ਹੋਇਆਂ ਇੰਜ ਆਖਿਆ—

"ਖ਼ਾਲਸਾ ਜੀ, ਬੜਾ ਭਿਆਨਕ ਵਕਤ ਸਿਰ ਤੇ ਹੈ। ਅਜਿਹੇ ਵਕਤ ਦੀ ਤੁਲਨਾ, ਅਸੀਂ ਮੁਗਲਾਂ ਦੇ ਰਾਜ ਨਾਲ ਕਰ ਸਕਦੇ ਆਂ, ਜਦੋਂ ਕਿ ਮੁਗਲਾਂ ਦੇ ਸੈਨਿਕ ਦੱਸਤੇ, ਸਾਡੇ ਸਿੱਖਾਂ ਦੇ ਘਰ ਬਾਰ ਲੁਟ ਲਿਆ ਕਰਦੇ ਸਨ, ਅਤੇ ਪਿੰਡ ਪਿੰਡ ਜੂਹ ਜੂਹ, ਸਿੱਖਾਂ ਦਾ ਸ਼ਿਕਾਰ ਕਰਦੇ ਫਿਰਦੇ ਸਨ। ਮੁਗਲਾਂ ਨੇ ਆਪਣੇ ਇਸ ਅੰਨ੍ਹੇ ਰਾਜ ਵਿਚ ਲੱਖਾਂ ਦੀ ਗਿਣਤੀ ਵਿਚ ਸਿਖ ਮਾਰ ਮੁਕਾਏ। ਸਾਡੀਆਂ ਮਾਵਾਂ ਸਾਡੀਆਂ ਭੈਣਾਂ ਨੂੰ ਮੀਰ ਮਨੂੰ ਨੇ ਲਾਹੌਰ, ਭੋਰੇ ਵਿਚ ਕੈਦ ਕਰ ਕੇ ਅਸਹਿ ਤੇ ਅਕਹਿ ਕਸ਼ਟ ਦਿੱਤੇ, ਉਹਨਾਂ ਦੇ ਸ਼ੀਰ-ਖੋਰ ਬੱਚਿਆਂ ਨੂੰ ਨੇਜ਼ਿਆਂ ਤੇ ਉਛਾਲਿਆ, ਉਹਨਾਂ ਦੇ ਟੁਕੜੇ ਟੁਕੜੇ ਕਰ ਕੇ ਹਾਰ ਪਰੋਏ, ਪਰੰਤੂ ਇਹ ਜ਼ਾਲਮ, ਸਿੱਖੀ ਸਿਦਕ ਨੂੰ ਫਿਰ ਵੀ ਖ਼ਤਮ ਨਹੀਂ ਕਰ ਸਕੇ। ਧੰਨ ਹਨ ਉਹ ਬੀਬੀਆਂ, ਸਾਡੀਆਂ ਭੈਣਾਂ, ਜਿਨ੍ਹਾਂ ਸਿੱਖੀ ਦੀ ਲਾਜ ਰੱਖ ਵਿਖਾਈ। ਸਾਧ ਸੰਗਤ, ਹੁਣ ਅੱਜ ਦੀ ਗੱਲ ਵਿਚਾਰੋ। ਸਾਡੇ ਮੁਲਕ ਵਿਚ ਅੰਗਰੇਜ਼ ਦਾ ਰਾਜ ਬਰਾਏ ਨਾਮ ਹੀ ਰਹਿ ਗਿਆ ਹੈ, ਤੇ ਇਹਨਾਂ ਲੀਗੀਆਂ ਦੀ ਚੜ੍ਹ ਮੱਚੀ ਹੈ। ਆਸ ਪਾਸ ਦੇ ਗਰਾਵਾਂ ਤੋਂ ਜੋ ਖ਼ਬਰਾਂ ਆ ਰਹੀਆਂ ਹਨ, ਉਹ ਡਾਢੀਆਂ ਚਿੰਤਾ ਵਾਲੀਆਂ ਹਨ। ਅਜ ਫਿਰ ਸਾਡੇ ਸਿੱਖੀ ਸਿੱਦਕ ਦੀ ਪਰਖ ਹੋਣ ਵਾਲੀ ਹੈ। ਪਰਚਾ ਬੜਾ ਔਖਾ ਹੈ, ਕਲਗੀਆਂ ਵਾਲਾ ਪ੍ਰੀਤਮ ਮਿਹਰ ਕਰੇ। ਪਰੰਤੂ, ਇਕ ਗੱਲ ਯਾਦ ਰੱਖਣਾ ਖ਼ਾਲਸਾ ਜੀ, ਕਿ ਅਸੀਂ ਉਸ ਗੁਰੂ ਗੋਬਿੰਦ ਸਿੰਘ ਦੇ ਸਿੱਖ ਹਾਂ, ਜਿਸ ਨੇ ਆਪਣੀਆਂ ਅੱਖਾਂ ਦੇ ਸਾਹਮਣੇ, ਆਪਣੇ ਸ਼ਹਿਜ਼ਾਦੇ ਬੱਚਿਆਂ ਨੂੰ ਰਣ-ਭੂਮੀ ਚਮਕੌਰ ਵਿਚ ਸ਼ਹੀਦ ਕਰਵਾਉਣ ਵਿਚ ਫ਼ਖ਼ਰ ਮਹਿਸੂਸ ਕੀਤਾ ਸੀ ਅਤੇ ਅੱਖਾਂ ਚੋਂ ਅੱਥਰੂ ਡੋਲ੍ਹਣ ਦੀ ਥਾਂ, ਅਕਾਲ ਪੁਰਖ ਦਾ ਲੱਖ ਲੱਖ ਧੰਨਵਾਦ ਕੀਤਾ ਸੀ। ਖਾਲਸਾ ਜੀ, ਹੁਣ ਜ਼ਿਆਦਾ ਸਮਾਂ ਨਹੀਂ ਵਖਿਆਨਾਂ ਦਾ। ਮੈਂ ਗੁਰਦੁਆਰੇ ਵਿਚ ਇਕੱਤਰ ਸਭ ਭਰਾਵਾਂ ਤੇ ਮਾਈਆਂ ਭੈਣਾਂ ਨੂੰ ਹੱਥ ਜੋੜ ਕੇ ਬੇਨਤੀ ਕਰਾਂਗਾ ਕਿ ਉਹ ਕਲ੍ਹ ਦਿਨ ਚੜ੍ਹੇ ਹੀ ਧਰਮਸਾਲਾ ਵਿਚ ਆ ਜਾਣ, ਆਪੋ ਆਪਣਾ ਗਹਿਣਾ-ਗੱਟਾ, ਨਕਦੀ ਤੇ ਹੱਥਿਆਰ ਆਦਿ ਲੈ ਕੇ ਪੁੱਜ ਜਾਣ। ਕੋਈ ਖ਼ਬਰ ਨਹੀਂ, ਗੁੰਡਾ ਅਨਸਰ ਕਦੋਂ ਤੇ ਕਿਸ ਵੇਲੇ, ਸਾਡੇ ਗਰਾਂ ਤੇ ਵੀ ਧਾਵਾ ਬੋਲ



www.AKJ.Org

ਦੇਵੇ। ਤੇ ਖਾਲਸਾ ਜੀ, ਅਸਾਂ ਅੱਜ ਜ਼ਾਹਰਾ ਜ਼ਹੂਰ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਹ ਪ੍ਰਣ ਵੀ ਕਰਨਾ ਹੈ ਕਿ ਅਸੀਂ ਆਪਣੇ ਸਿੱਖ ਧਰਮ ਨੂੰ ਕੇਸਾਂ ਸਵਾਸਾਂ ਨਾਲ ਨਿਭਾਵਾਂਗੇ। ਅਸੀਂ, ਗਰਾਂ ਦੇ ਸਾਰੇ ਭੈਣ ਭਰਾ ਸ਼ਹੀਦੀਆਂ ਪ੍ਰਾਪਤ ਕਰਨ ਨੂੰ ਤਰਜੀਹ ਦੇਵਾਂਗੇ, ਪਰੰਤੂ ਆਪਣਾ ਸਿੱਖੀ ਧਰਮ ਕਿਸੇ ਕੀਮਤ ਤੇ ਨਹੀਂ ਤਿਆਗਾਂਗੇ। ਅਸੀਂ ਭਾਈ ਤਾਰੂ ਸਿੰਘ ਵਾਂਗ ਖੋਪਰੀਆਂ ਉਤਰਵਾ ਲਵਾਂਗੇ, ਪਰੰਤੂ ਸਿੱਖੀ ਮਾਰਗ ਤੋਂ ਇਕ ਇੰਚ ਭਰ ਵੀ ਪਿਛਾਂਹ ਨਹੀਂ ਹਟਾਂਗੇ। ਖਾਲਸਾ ਜੀ, ਮੈਂ ਕਈ ਵਾਰ ਸੋਚਦਾ ਹੁੰਨਾਂ, ਕਿ ਇਹ ਜ਼ਾਲਮ ਲੋਕ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ਼ਹਾਦਤ ਤੋਂ ਲੈ ਕੇ ਹੀ ਗਾਹੇ ਬਗਾਹੇ, ਸਾਡੇ ਸਾਹਿਬਜ਼ਾਦਿਆਂ ਨੂੰ, ਸਾਡੇ ਮਹਾਨ ਜਰਨੈਲ ਬੰਦਾ ਸਿੰਘ ਬਹਾਦਰ ਤੇ ਉਸ ਦੇ ਸਤ ਸੌ ਅਣਖੀਲੇ ਸਿੱਖਾਂ ਨੂੰ, ਤੇ ਇਸ ਪਿਛੋਂ ਵੀ ਲੱਖਾਂ ਹੀ ਸਿੱਖਾਂ ਨੂੰ ਕੇਵਲ ਇਸੇ ਲਈ ਕਤਲ ਕਰਾਉਂਦੇ ਤੇ ਉਹਨਾਂ ਦੇ ਪਵਿੱਤਰ ਖ਼ੂਨ ਵਿਚ ਹੱਥ ਰੰਗਦੇ ਰਹੇ ਨੇ, ਤਾਂ ਜੁ ਉਹ ਸਿੱਖੀ ਦਾ ਤਿਆਗ ਕਰ ਦੇਣ। ਇਤਨੀਆਂ ਸਦੀਆਂ ਗੁਜ਼ਰ ਗਈਆਂ ਨੇ ਸਾਧ ਸੰਗਤ, ਪਰੰਤੂ ਇਹ ਲੋਕ ਅੱਜ ਵੀ ਸਾਨੂੰ ਇਹੋ ਸੁਆਲ ਦੁਹਰਾਣਗੇ। ਯਾਦ ਰਖੋ, ਵੀਰੋ, ਮਰਨਾ ਤਾਂ ਹਰ ਇਕ ਨੇ ਹੈ, ਇਕ ਨਾ ਇਕ ਦਿਨ। ਇਸ ਲਈ ਅਸਾਂ ਹਰ ਹਾਲਤ ਵਿਚ ਆਪਣੇ ਸਿੱਖੀ ਧਰਮ ਦੀ ਲਾਜ ਰੱਖਣੀ ਹੈ। ਕਦੇ ਇਹ ਪਰਚਾ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਮਾਸੂਮ ਬੱਚਿਆਂ ਤੇ ਵੀ ਪਿਆ ਸੀ। ਕਦੇ ਇਹ ਸੁਬੇਗ ਸਿੰਘ, ਸ਼ਾਹਬਾਜ਼ ਸਿੰਘ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਤੇ ਭਾਈ ਮਹਿਤਾਬ ਸਿੰਘ ਤੇ ਵੀ ਪਿਆ ਸੀ। ਪਰੰਤੂ ਉਹਨਾਂ ਸੂਰਬੀਰ ਸਿੰਘਾਂ ਨੇ ਸਿੱਖ ਧਰਮ ਨੂੰ ਆਪਣੇ ਕੇਸਾਂ ਸੁਆਸਾਂ ਨਾਲ ਨਿਭਾ ਕੇ ਜ਼ਾਲਮਾਂ ਨੂੰ ਇਹ ਦਸ ਦਿੱਤਾ ਸੀ ਕਿ ਸਿਖ ਨੂੰ ਦੁਨੀਆ ਦੇ ਤਖ਼ਤੇ ਤੇ, ਜੇ ਕੋਈ ਅਜ਼ੀਜ਼ ਵਸਤੂ ਹੈ ਤਾਂ ਉਹ ਹੈ ਉਸਦੀ ਸਿੱਖੀ, ਸਿੱਖ ਧਰਮ। ਇਸ ਲਈ, ਇਹ ਔਖਾ ਪਰਚਾ ਸਾਡੇ ਤੇ ਪੈਣ ਵਾਲਾ ਹੈ। ਜਿਸ ਜਿਸ ਵੀ ਸਿਖ ਵੀਰ, ਭੈਣ ਤੇ ਇਹ ਭੀੜਾ ਬਣੇ, ਉਸ ਨੇ ਆਪਣੇ ਸਿੱਖ ਇਤਿਹਾਸਕ ਵਿਰਸੇ ਤੋਂ ਰੋਸ਼ਨੀ ਲੈ ਕੇ ਹੀ ਹਰ ਕੰਮ ਕਰਨਾ ਹੈ। ਤੇ ਅਜ ਦੇ ਇਹਨਾਂ ਅਬ-ਦਾਲੀਆਂ ਨੂੰ ਦਸ ਦੇਣਾ ਹੈ ਕਿ ਅੱਜ ਦਾ ਸਿੱਖ ਵੀ ਆਪਣੇ ਬਜ਼ੁਰਗਾਂ ਦੇ ਨਕਸ਼ੇ ਕਦਮਾਂ ਤੇ ਚਲਦਿਆਂ ਹੋਇਆਂ, ਆਪਣਾ ਸਿਰ ਤਾਂ ਕਟਵਾ ਸਕਦਾ ਹੈ, ਪਰ ਸਿੱਖੀ ਦਾ ਤਿਆਗ ਨਹੀਂ ਕਰ ਸਕਦਾ। 'ਸਿਰ ਜਾਏ ਤਾਂ ਜਾਏ ਸਿੱਖੀ ਸਿੱਦਕ ਨਾ ਜਾਏ' ਸਾਡਾ ਨਿਸ਼ਾਨਾ ਹੋਣਾ ਚਾਹੀਦਾ ਹੈ।''

ਤੇ ਫਿਰ ਸ: ਜਸਵੰਤ ਸਿੰਘ ਨੇ ਇਹ ਤੁੱਕਾਂ ਇਤਨੇ ਵਜਦ ਵਿਚ ਆ ਕੇ ਪੜ੍ਹੀਆਂ ਕਿ ਸਾਰੇ ਗੁਰਦੁਆਰੇ ਵਿਚ ਸੰਗਤ ਨੇ ਗੂੰਜਾਰਾਂ ਪਾ ਦਿੱਤੀਆਂ। ਤੇ ਇਸ ਪਿਛੋਂ ਉਹ ਸਾਰੇ ਆਪੋ ਆਪਣੇ ਘਰਾਂ ਨੂੰ ਪਰਤ ਪਏ।

ਗਰਾਂ ਵਿਚ ਬਹੁਤੀ ਵਸੋਂ ਮੁਸਲਮਾਨਾਂ ਦੀ ਸੀ, ਪਰੰਤੂ ਹਿੰਦੂਆਂ ਸਿੱਖਾਂ ਦਾ ਦਬਦਬਾ ਉਹਨਾਂ ਤੇ ਚੋਖਾ ਸੀ, ਤੇ ਸੰਬੰਧ ਵੀ ਭੈਣਾਂ ਭਰਾਵਾਂ, ਤੇ 'ਹਮਸਾਇਆਂ ਮਾਂ ਪਿਉ ਜਾਇਆਂ' ਵਾਲੇ ਸਨ। ਤੇ ਗਰਾਂ ਦੇ ਮੁਸਲਮਾਨ ਵੀ, ਆਪਣੇ ਵਲੋਂ ਚਿੰਤਾਤੁਰ ਸਨ ਕਿ ਇਸ ਬਿਪਤਾ ਦੀ ਘੜੀ, ਉਹ ਪਿੰਡ ਦੇ ਹਿੰਦੂਆਂ ਸਿੱਖਾਂ ਦੀ ਕਿਵੇਂ ਸਹਾਇਤਾ ਕਰਨ, ਤੇ ਉਹਨਾਂ ਦੀ ਜਾਨ ਮਾਲ ਦੀ ਕਿਵੇਂ ਰਾਖੀ ਕਰਨ? ਦੇਸ਼ ਵਿਚ ਉਠ ਰਹੇ ਭਿਅੰਕਰ ਤੂਫ਼ਾਨ ਤੋਂ ਉਹ ਵੀ ਕਾਫ਼ੀ ਭੈ-ਭੀਤ ਸਨ। ਗਰਾਂ ਦੇ ਮੁਸਲਮਾਨ, ਆਪਣੇ ਗਵਾਂਢੀਆਂ, ਤੇ ਯਾਰ ਬੇਲੀਆਂ ਨੂੰ ਤਾਂ ਇਹੋ ਸਲਾਹਾਂ ਦੇ ਰਹੇ ਸਨ ਕਿ ਉਹ ਲੋਕ ਉਹਨਾਂ ਦੇ ਘਰਾਂ ਵਿਚ ਆ ਜਾਣ। ਪਰ ਕੁਦਰਤ ਦੀ ਕਰਨੀ, ਕਿ ਸੂਰਜ ਦੀ ਟਿੱਕੀ ਨਿਕਲਦਿਆਂ ਸਾਰ ਹੀ ਆਸ ਪਾਸ ਦੇ ਗਰਾਵਾਂ ਦੇ ਧਾੜਵੀ ਗੁੰਡੇ, ਹਥਿਆਰਾਂ ਨਾਲ ਲੈਸ ਹੋ ਕੇ, ਤੇ ਢੋਲ ਮਾਰਦੇ ਹੋਏ ਇਸ ਗਰਾਂ ਤੇ ਚੜ੍ਹ ਆਏ, ਤੇ ਹਿੰਦੂਆਂ ਸਿੱਖਾਂ ਦੇ ਸਭ ਮਨਸੂਬੇ ਧਰੇ ਦੇ ਧਰੇ ਰਹਿ ਗਏ ਤੇ ਫਿਰ ਜਿਸ ਨੂੰ ਵੀ ਜਿਥੇ ਆਸਰਾ ਮਿਲਿਆ, ਉਸ ਨੇ ਇਸ ਬੇ-ਪਨਾਹ ਖ਼ੂਨੀ ਤੂਫ਼ਾਨ ਤੋਂ ਬਚਣ ਲਈ ਪਨਾਹ ਲੈ ਲਈ।

ਸ: ਜਸਵੰਤ ਸਿੰਘ ਵੀ, ਆਪਣੇ ਭਰਾਵਾਂ ਤੇ ਸਮੂਹ ਬੱਚਿਆਂ ਨਾਲ, ਆਪਣੇ ਗਵਾਂਢੀ ਮੁਸਲਮਾਨਾਂ ਦੀ ਪਨਾਹ ਵਿਚ ਆ ਗਿਆ। ਲੁਟੇਰਿਆਂ ਨੇ ਪਹਿਲਾਂ ਹਿੰਦੂਆਂ-ਸਿੱਖਾਂ ਦੇ ਘਰ ਬਾਰ ਲੁਟੇ, ਤੇ ਫਿਰ ਲੱਗੇ ਉਹਨਾਂ ਘਰਾਂ ਦਾ ਘੇਰਾ ਪਾਉਣ, ਜਿਥੇ ਜਿਥੇ ਕਿ ਗ਼ੈਰ-ਮੁਸਲਿਮ ਪਨਾਹ ਲੈ ਰਹੇ ਸਨ। ਗਰਾਂ ਦੇ ਮੁਸਲਮਾਨ ਵੀ ਇਹਨਾਂ ਧਾੜਵੀਆਂ ਅਗੇ ਬੇਬਸ ਜਿਹੇ ਜਾਪਦੇ ਸਨ। ਆਖ਼ਰ ਹਜੂਮ ਨੇ ਸ: ਜਸਵੰਤ ਸਿੰਘ ਨੂੰ ਬਾਹਰ ਨਿਕਲਣ ਲਈ


www.AKJ.Org

ਲਲਕਾਰਿਆ । ਇਸ ਤੇ ਸਰਦਾਰ ਜੀ ਦੀ ਪਤਨੀ ਨੇ ਦਬਵੀਂ ਜ਼ਬਾਨ ਨਾਲ ਆਖਿਆ :

"ਜੇ ਅਸੀਂ ਵੀ ਮੁਸਲਮਾਨ ਹੋ . ।"

—ਵਿਚੋਂ ਹੀ ਸ: ਜਸਵੰਤ ਸਿੰਘ ਭੱਬਕ ਕੇ ਪਿਆ :

"ਖ਼ਬਰਦਾਰ, ਜੇ ਤੂੰ ਇਹ ਗੱਲ ਜ਼ਬਾਨ ਤੇ ਵੀ ਲਿਆਂਦੀ । ਨਿੱਕਾਰੀ ਜਿੰਦ ਪਿਛੇ, ਆਪਣਾ ਪਿਆਰਾ, ਸਿੱਖੀ ਧਰਮ ਛੱਡ ਜਾਈਏ ? ਗੁਰੂ ਨੂੰ ਪਿੱਠ ਦੇ ਦਈਏ ? ਸਰਦਾਰਨੀ, ਯਾਦ ਕਰ ਆਪਣਾ ਖ਼ੂਨੀ ਇਤਿਹਾਸ, ਜਿਹਨਾਂ ਪੁੱਠੀ ਖੱਲ ਲੁਹਾ ਕੇ ਵੀ ਆਪਣਾ ਧਰਮ ਨਹੀਂ ਸੀ ਤਿਆਗਿਆ । ਤੂੰ ਇਸ ਨਿਕਾਰੀ ਜਿੰਦ ਪਿਛੇ ? ਹੈਂ ? ਤੈਨੂੰ ਇਹ ਜੁਰੱਅਤ ਕਿਵੇਂ ਹੋਈ ਏ ?

ਬਾਹਰ ਹਜੂਮ ਬਰਾਬਰ ਹੱਲਾ ਗੁਲਾ ਕਰੀ ਜਾ ਰਿਹਾ ਸੀ । ਇਸੇ ਪਲ ਸਰਦਾਰ ਜੀ ਦੇ ਵੱਡੇ ਭਰਾ ਨੇ ਸ੍ਰੀ ਸਾਹਿਬ ਮਿਆਨੋਂ ਬਾਹਰ ਕੱਢੀ, ਉਸ ਨੂੰ ਬੁਲ੍ਹਾਂ ਨਾਲ ਛੁਹਾਇਆ, ਤੇ ਫਿਰ ਇਕੋ ਵਾਰ ਨਾਲ ਆਪਣੀ ਨਿੱਕੀ ਭਰਜਾਈ ਦਾ ਸਿਰ ਲਾਹ ਕੇ ਰੱਖ ਦਿਤਾ । ਲਹੂ ਨਾਲ ਸਾਰਾ ਕੋਠਾ ਭਰ ਗਿਆ । ਇਹ ਭਿਆਨਕ ਨਜ਼ਾਰਾ ਤੱਕ ਕੇ, ਘਰ ਵਾਲਿਆਂ ਦੀਆਂ ਅੱਖਾਂ ਵੀ ਟੱਡੀਆਂ ਦੀਆਂ ਟੱਡੀਆਂ ਰਹਿ ਗਈਆਂ, ਤੇ ਉਹ 'ਅਲਾਹ, ਅਲਾਹ' ਪੁਕਾਰਨ ਲਗੇ । ਇਸੀ ਪਲ, ਸ: ਜਸਵੰਤ ਸਿੰਘ ਨੇ ਆਪਣੀ ਸਰਦਾਰਨੀ ਦਾ ਲਹੂ-ਰੰਗਿਆ ਦੁਪੱਟਾ ਦਸਤਾਰ ਤੇ ਸਜਾਇਆ, ਆਪਣੇ ਦੋਹਾਂ ਬੱਚਿਆਂ ਤੇ ਧੀਆਂ ਨੂੰ ਹੌਸਲਾ ਦਿਤਾ, ਸਿੱਖੀ ਧਰਮ ਲਈ ਸ਼ਹੀਦ ਹੋਣ ਲਈ ਪੱਕੀ ਕੀਤੀ ਤੇ ਫਿਰ ਅਰਦਾਸ ਕਰ ਕੇ ਸ੍ਰੀ ਸਾਹਿਬ ਚਮਕਾਉਂਦਾ ਹੋਇਆ, ਵਿਹੜਿਓਂ ਬਾਹਰ ਆ ਗਿਆ । ਉਹ ਬੜੇ ਜੋਸ਼ ਖਰੋਸ਼ ਵਿਚ, 'ਜੁ ਲਰੈ ਦੀਨ ਕੇ ਹੇਤ ਸੂਰਾ ਸੋਈ' ਪੜ੍ਹੀ ਵੀ ਜਾਂਦਾ ਤੇ ਉਛਲ ਉਛਲ ਕੇ ਧਾੜਵੀਆਂ ਤੇ ਵਾਰ ਤੇ ਵਾਰ ਵੀ ਕਰੀ ਜਾਂਦਾ । ਉਸ ਕੌਲ ਦੇ ਪੂਰੇ, ਕਲਗੀਧਰ ਦੇ ਬੀਰ ਸਪੁੱਤਰ ਨੇ ਕਈ ਧਾੜਵੀਆਂ ਨੂੰ ਜ਼ਖਮੀ ਕੀਤਾ, ਪਰ ਆਖ਼ਰ ਹਜੂਮ ਨੇ ਉਸ ਨੂੰ ਘੇਰੇ ਵਿਚ ਲੈ ਲਿਆ, ਤੇ ਅੰਤ ਉਹ ਦੂਲਾ ਸਰਦਾਰ ਵੀ ਸ਼ਹੀਦੀ ਪ੍ਰਾਪਤ ਕਰਕੇ ਸਿਖ ਇਤਿਹਾਸ ਨੂੰ ਚਾਰ ਚੰਨ ਲਾ ਗਿਆ ।

ਇਸ ਤੇ ਉਸਦੇ ਵੱਡੇ ਭਰਾ ਨੇ ਜੈਕਾਰਾ ਗਜਾਇਆ, ਤੇ ਫਿਰ ਆਪਣੀਆਂ ਧੀਆਂ ਤੇ ਜਸਵੰਤ ਸਿੰਘ ਦੇ ਬੱਚੇ ਬੱਚੀਆਂ ਨੂੰ ਇਕੱਠਿਆਂ ਕੀਤਾ, ਤੇ ਫਿਰ ਆਪਣੇ ਗਵਾਂਢੀ ਨੂੰ ਇਹ ਬੇਨਤੀ ਕੀਤੀ, ਕਿ ਇਹਨਾਂ ਬੱਚੀਆਂ ਨੂੰ ਕਪਾਹ ਵਾਲੇ ਕੋਠੇ ਵਿਚ ਛੁੱਪਾ ਦਿਤਾ ਜਾਏ । ਉਹਨਾਂ ਨੇ ਸਮੂਹ ਬੱਚੀਆਂ ਨੂੰ ਭਰਪੂਰ ਪਿਆਰ ਦੇ ਕੇ ਆਖਿਆ:—

"ਬਚੀਓ, ਸ਼ਹੀਦੀ ਸਮਾਂ ਆ ਗਿਆ ਏ । ਗੁਰੂ ਕਲਗੀਧਰ ਸੱਚਾ ਪਾਤਸ਼ਾਹ, ਅੱਜ ਸਾਡੀ ਪਰਖ ਲੈ ਰਿਹਾ ਏ, ਮੇਰਾ ਸੂਰਮਾ ਭਰਾ, ਸਿੱਖੀ ਆਨ ਬਾਨ ਤੇ ਸ਼ਾਨ ਨੂੰ ਦੂ-ਬਾਲਾ ਕਰ ਗਿਆ ਏ, ਆਪਣਾ ਖ਼ੂਨ ਵੀਟ ਕੇ । ਤੇ ਤੁਸੀਂ ਇਹ ਲਓ ਤੀਲਾਂ ਦੀ ਡੱਬੀ । ਜੇ ਤੁਸੀਂ ਆਪਣੀ ਸਿੱਖੀ ਤੇ ਸੱਤ ਧਰਮ ਨੂੰ ਖ਼ਤਰੇ ਵਿਚ ਵੇਖੋ, ਤਾਂ ਗੁਰੂ ਨਾਨਕ ਪਾਤਸ਼ਾਹ ਦਾ ਧਿਆਨ ਕਰ ਕੇ, ਇਸ ਕਪਾਹ ਦੇ ਕੋਠੇ ਨੂੰ ਅੱਗ ਲਾ ਲੈਣੀ, ਪਰ.. ਇਹਨਾਂ ਗੰਡਿਆਂ ਹੱਥ ਨਹੀਂ ਆਉਣਾ, ਨਹੀਂ ਮੇਰੀ ਬਚੀਓ, ਕਿਸੇ ਕੀਮਤ ਤੇ ਵੀ ਨਹੀਂ ।"

ਵਾਤਾਵਰਨ ਬੜਾ ਵੈਰਾਗਮਈ ਬਣ ਗਿਆ ਸੀ । ਸਾਰੇ ਬੱਚੇ ਬੱਚੀਆਂ ਦੀਆਂ ਅੱਖਾਂ ਵਿਚ ਅਥਰੂ ਸਨ । ਤੇ ਫਿਰ ਸ: ਸੱਜਣ ਸਿੰਘ ਸਭ ਨੂੰ ਘੁੱਟ ਘੁੱਟ ਕੇ ਮਿਲੇ । ਅੰਤ ਉਹ ਵੀ ਅਰਦਾਸ ਕਰ ਕੇ, ਤੇ ਲਲਕਾਰਾ ਮਾਰਦਾ ਹੋਇਆ, ਨੇਜ਼ਾ ਹੱਥ ਵਿਚ ਫੜੀ ਬਾਹਰ ਆ ਗਿਆ ।

"ਸਵਾ ਲਾਖ ਸੇ ਏਕ ਲੜਾਊਂ ॥
ਤਬੈ ਗੋਬਿੰਦ ਸਿੰਘ ਨਾਮ ਕਹਾਊਂ ॥"

ਗਾਉਂਦਾ ਹੋਇਆ ਇਹ ਸ਼ੇਰ ਦੂਲਾ ਵੀ ਆਪਣੇ ਬਰਛੇ ਨਾਲ ਹਜੂਮ ਤੇ ਵਾਰ ਤੇ ਵਾਰ ਕਰਨ ਲੱਗ ਪਿਆ, ਉਹ ਬੜੀ ਫੁਰਤੀ ਨਾਲ ਉਛਲ ਉਛਲ ਪੈਂਦਾ, ਕਦੇ ਸਜੇ, ਕਦੇ ਖਬੇ । ਤੇ ਨਾਲ ਇਹ ਵੀ ਆਖੀ ਜਾਂਦਾ:—

'ਓਏ . ਅਜ ਫਿਰ ਰਣ ਭੱਖਿਆ ਏ—ਚਮਕੌਰ ਵਾਲਾ, ਆ ਜਾਓ, ਜਿੰਨ੍ਹੇ ਮੌਤ ਵਿਹਾਝਣੀ ਏ । ਸਿੰਘ ਕਫ਼ਨ ਬੰਨ੍ਹ ਕੇ ਨਿਕਲਿਆ ਜੇ ਆ ਜਾਓ ਜਿੰਨ੍ਹੇ ।"



www.AKJ.Org

ਅੰਤ ਸ: ਸੱਜਣ ਸਿੰਘ ਵੀ ਹਜੂਮ ਦੇ ਕਾਬੂ ਆ ਗਿਆ, ਤੇ ਉਹਨਾਂ ਖ਼ੂਨੀ ਦਰਿੰਦਿਆਂ ਨੇ ਉਸ ਦੇ ਸਰੀਰ ਦੇ ਵੀ ਮੋਛੇ ਲਾਹ ਕੇ ਰੱਖ ਦਿਤੇ। ਇਸ ਪਿਛੋਂ, ਉਸ ਦੇ ਇੰਜੀਨੀਅਰ ਪੁੱਤਰ (ਜੋ ਕਿ ਕੁਝ ਦਿਨ ਹੀ ਪਹਿਲਾਂ ਆਪਣੇ ਮਾਂ ਪਿਉ ਨੂੰ ਮਿਲਣ ਲਈ ਗਰਾਂ ਆਇਆ ਸੀ) ਨੇ ਜਦੋਂ ਡੀਥਾਂ ਥਾਣੀ, ਆਪਣੇ ਪਿਤਾ ਨੂੰ ਲਹੂ ਲੁਹਾਨ ਹੁੰਦਿਆਂ, ਤੇ ਸ਼ਹੀਦੀ ਪ੍ਰਾਪਤ ਕਰਦਿਆਂ ਹੋਇਆ ਡਿੱਠਾ, ਤਾਂ ਉਸ ਦਾ ਵੀ ਖ਼ੂਨ ਖੌਲ ਉਠਿਆ। ਅੰਤ ਉਹ ਵੀ ਆਪਣੇ ਭੈਣ ਭਰਾਵਾਂ ਨੂੰ ਫਤਹ ਬੁਲਾ ਕੇ ਸਿਰੀ ਸਾਹਿਬ ਫੜੀ ਮੈਦਾਨ ਵਿਚ ਆ ਗਿਆ ਤੇ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗੱਜਾ ਕੇ ਹਜੂਮ ਵਿਚ ਵੜ ਗਿਆ। ਅੰਤ ਕਈ ਦਰਿੰਦਿਆਂ ਨੂੰ ਪਾਰ ਬੁਲਾ ਕੇ, ਉਹ ਵੀ ਸ਼ਹੀਦੀ ਜਾਮ ਛੱਕ ਗਿਆ। ਫਿਰ ਹਜੂਮ 'ਚੋਂ ਕੁਝ ਅਜਿਹੀਆਂ ਆਵਾਜ਼ਾਂ ਆਈਆਂ, "ਤੋੜ ਦਿਓ ਦਰਵਾਜ਼ਾ, ਅਸੀਂ ਇਹਨਾਂ ਦੀਆਂ ਧੀਆਂ ਚੁੱਕ ਖੜਨੀਆਂ ਨੇ।"

ਇਸ ਤੇ ਹਜੂਮ ਦਰਵਾਜਾ ਭੰਨਣ ਲੱਗਾ। ਘਰ ਦੇ ਮਾਲਕ ਨੇ ਬਥੇਰੇ ਵਾਸਤੇ ਪਾਏ, ਪਰ ਉਥੇ ਉਸ ਗਰੀਬ ਇਨਸਾਨ ਦੀ ਕੌਣ ਸੁਣਦਾ ਸੀ ? ਇਸੀ ਪੱਲ, ਦੂਰੋਂ ਗੋਲੀਆਂ ਚੱਲਣ ਦੀ ਆਵਾਜ਼ ਆਈ, ਜਿਸ ਤੇ ਗੁੰਡੇ ਸਿਰ ਤੇ ਪੈਰ ਰੱਖ ਕੇ ਇਧਰ ਉਧਰ ਦੌੜਨੇ ਸ਼ੁਰੂ ਹੋ ਗਏ। ਮਿਲਟਰੀ ਦੇ ਇਕ ਦੱਸਤੇ ਨੇ, ਜਿਥੇ ਗਰਾਂ ਦੇ ਦੂਜੇ ਹਿੰਦੂਆਂ ਸਿੱਖਾਂ ਤੇ ਉਹਨਾਂ ਦੇ ਬੱਚੇ ਬੱਚੀਆਂ ਨੂੰ ਬਚਾ ਲਿਆ ਸੀ, ਉਥੇ ਸ: ਜਸਵੰਤ ਸਿੰਘ ਤੇ ਸੱਜਣ ਸਿੰਘ ਦੀਆਂ ਬੱਚੀਆਂ ਵੀ ਸੁਰੱਖਿਅਤ ਹੋ ਗਈਆਂ ਸਨ। ਤੇ ਸਾਰੇ ਗਰਾਂ ਦੇ ਲੋਕ ਸ: ਜਸਵੰਤ ਸਿੰਘ, ਸ: ਸੱਜਣ ਸਿੰਘ ਤੇ ਉਸਦੇ ਇੰਨਜੀਨੀਅਰ ਸਪੁਤਰ ਦੀ ਇਸ ਅਦੁੱਤੀ ਕੁਰਬਾਨੀ ਦੀ ਸ਼ਲਾਘਾ ਕਰਨ ਲਗੇ। ਪਰ ਉਹਨਾਂ ਦੇ ਮਨਾਂ ਵਿਚ ਇਹ ਗੱਲ ਵੀ ਘਰ ਕਰ ਗਈ ਜਾਪਦੀ ਸੀ, ਕਿ ਇਸ ਭਿਆਨਕ ਦੌਰ ਵਿਚ ਸਿੱਖੀ ਦੀ ਪਰਖ ਤਾਂ ਸਮੇਂ ਸਮੇਂ ਅਨੁਸਾਰ ਹੁੰਦੀ ਹੀ ਰਹਿਣੀ ਹੈ। ਖ਼ਬਰ ਨਹੀਂ, ਪੱਰਖ ਦਾ ਇਹ ਪਰਚਾ, ਕਿਸ ਉਤੇ ਕਦੋਂ, ਕਿਹੜੇ ਵੇਲੇ ਤੇ ਕਿਹੜੀ ਥਾਂ ਕੁਦਰਤ ਵਲੋਂ ਆ ਪਵੇ ? ਇਸ ਲਈ ਉਹਨਾਂ ਨੂੰ ਹਰ ਸਮੇਂ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਏ।

---

[ਸਫਾ ੨੬ ਦੀ ਬਾਕੀ]

ਅਤਿ ਘਿਨਾਉਣੇ ਜ਼ੁਲਮਾਂ ਦਾ ਅਸੀਂ ਸ਼ਿਕਾਰ ਹੋਏ ਹੋਏ ਹਾਂ। ਬਦਲਾ ਲੈਣ ਲਈ ਉਬਲਦੇ ਪਏ ਹਾਂ, ਪਰ ਮੈਂ ਪੁਛਣਾ ਚਾਹੁੰਦਾ ਹਾਂ, ਜੇਕਰ ਜ਼ਾਲਮ ਤੇ ਜ਼ੋਰ ਨਾ ਚਲੇ ਤਾਂ ਬੇਗੁਨਾਹਾਂ ਦਾ ਖ਼ੂਨ ਕਰਨਾ ਕਿਵੇਂ ਜਾਇਜ਼ ਹੈ ? ਸੱਚ ਮੰਨੋ, ਜਦੋਂ ਵੀ ਕਿਸੇ ਬੇਗੁਨਾਹ ਦਾ ਖ਼ੂਨ ਹੁੰਦਾ ਹੈ, ਮੇਰੇ ਧੁਰ ਅੰਦਰੋਂ ਦਰਦ ਜਾਗਦਾ ਹੈ। ਜੇ ਸਾਡੇ ਪਰਿਵਾਰ ਚੋਂ ਕਿਸੇ ਨੂੰ ਕੋਈ ਮਾਰ ਜਾਵੇ ਤਾਂ ਅਸੀਂ ਤੜਪ ਉਠਦੇ ਹਾਂ। ਪਰ ਜੇ ਅਸੀਂ ਕਿਸੇ ਦੇ ਪਰਿਵਾਰ 'ਚੋਂ ਕਿਸੇ ਨੂੰ ਮਾਰ ਆਉਂਦੇ ਹਾਂ ਤਾਂ ਅਸੀਂ ਹੋਰਾਂ ਤੋਂ ਵਖਰੇ ਕਿਵੇਂ ਹੋਏ ? ਸਾਡੇ ਲਈ ਬਾਬੇ ਸਾਹਿਬ ਸਿੰਘ ਦੀ ਮਿਸਾਲ ਤੋਂ ਸਬਕ ਲੈਣਾ ਬਣਦਾ ਹੈ। ਅਸੀਂ ਆਪਣੇ ਕ੍ਰੋਧ ਉਪਰ ਸਵਾਰ ਹੋਈਏ, ਕ੍ਰੋਧ ਸਾਡੇ ਉਪਰ ਸਵਾਰ ਨਾ ਹੋਵੇ। ਅਤਿ ਦੇ ਦੁਖ ਵੇਲੇ ਵੀ ਆਚਰਣਹੀਣਤਾ ਸਾਡੇ ਨੇੜੇ ਨਾ ਲਗੇ। ਅਜ ਸਭ ਤੋਂ ਵੱਧ ਸਾਧ-ਬਿਰਤੀ ਦੀ ਲੋੜ ਹੈ। ਭਾਈ ਗੁਰਦਾਸ ਜੀ ਦੇ ਇਹ ਬਚਨ ਯਾਦ ਆਉਂਦੇ ਹਨ :—

ਥੰਮੇ ਕੋਇ ਨ ਸਾਧ ਬਿਨ, ਸਾਧੁ ਨ ਦਿਸੈ ਜਗ ਵਿਚ ਕੋਆ ॥ (ਵਾਰ ੧, ਪੰਨਾ ੨੨)

ਸੂਰਾ ਮਈ ੧੯੯੦ ਵਿਚੋਂ ਦੁਬਾਰਾ] [ਰਘਬੀਰ ਸਿੰਘ ਬੀਰ ਮੈਮੋਰੀਅਲ ਲੈਕਚਰ ਦਾ ਪਹਿਲਾ ਅੱਧ

---

# ਰਾਗਮਾਲਾ ਬਾਰੇ ਵਿਚਾਰ

ਰਾਗਮਾਲਾ ਦੀ ਅਸਲੀਅਤ ਨੂੰ ਸਮਝਣ ਲਈ ਇਸ ਟਰੈਕਟ ਵਿਚ ਦਿੱਤੇ ਭਾਈ ਕਾਨ੍ਹ ਸਿੰਘ ਜੀ ਨਾਭਾ, ਪ੍ਰੋ: ਪਿਆਰਾ ਸਿੰਘ ਜੀ ਪਦਮ, ਭਾ: ਸ: ਰਣਧੀਰ ਸਿੰਘ, ਸ: ਸ਼ਮਸ਼ੇਰ ਸਿੰਘ ਅਸ਼ੋਕ, ਵੈਦਰਾਜ ਗਿ: ਅਰਜਨ ਸਿੰਘ ਜੀ ਅਤੇ ਹੋਰ ਵਿਦਵਾਨਾਂ ਦੇ ਖੋਜ-ਪੂਰਤ ਵਿਚਾਰ ਪੜ੍ਹੋ। ਇਨ੍ਹਾਂ ਲੇਖਾਂ ਨੂੰ ਪੜ੍ਹ ਕੇ ਇਹ ਤੱਥ ਸਪੱਸ਼ਟ ਤੌਰ ਤੇ ਉਘੜ ਆਉਂਦਾ ਹੈ ਕਿ 'ਰਾਗਮਾਲਾ ਗੁਰਬਾਣੀ ਹੈ' ਜਾਂ ਨਹੀਂ। ਇਸ ਨੂੰ ਆਪ ਪੜ੍ਹੋ ਅਤੇ ਹੋਰਨਾਂ ਵੀਰਾਂ ਭੈਣਾਂ ਨੂੰ ਪੜ੍ਹਾਓ। ਭੇਟਾ ਕੇਵਲ ੧-੫੦



www.AKJ.Org

# ਸਮੱਸਿਆ ਸਿੱਖ ਵਕਾਰ ਦੀ ਬਹਾਲੀ ਦੀ (੨)

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਮੈਂ ਆਪਣੀ ਕੌਮ ਨੂੰ ਸੱਚ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਵੇਖਣ ਲਈ ਨਿਮੰਤ੍ਰਿਤ ਕਰਨਾ ਚਾਹੁੰਦਾ ਹਾਂ। ਜਦ ਤਕ ਸੱਚ ਦੇ ਸਨਮੁਖ ਨਾ ਹੋਈਏ, ਸਦਾਚਾਰਕ ਔਕੜਾਂ ਦਾ ਹੱਲ ਨਹੀਂ ਲਭਦਾ। ਅਜ ਨਿਰਸੰਦੇਹ ਸੱਚ ਦੇ ਸਨਮੁਖ ਹੋਣ ਦਾ ਸਮਾਂ ਹੈ। ਸਮਾਂ ਹੈ ਮੁੜ ਆਪਣੀ ਆਚਰਣਕ ਜ਼ਿੰਮੇਵਾਰੀ ਨੂੰ ਸੰਭਾਲਣ ਦਾ, ਆਪਣੇ ਸਿਦਕ ਨੂੰ ਝੰਜੋੜਨ ਦਾ, ਆਪਣੇ ਸਿਰੜ ਨੂੰ ਤਕੜਿਆਂ ਕਰਨ ਦਾ, ਆਪਣੇ ਕਿਰਦਾਰ ਵਿਚ ਵਾਹਿਗੁਰੂ ਜੀ ਦੀ ਕਲਾ ਨੂੰ ਵਰਤਣ ਲਈ ਸੱਦਾ ਦੇਣ ਦਾ—ਤਾਂ ਜੁ ਪੰਥ ਸਦਾ ਵਾਂਗ ਸਦੀਵ ਕਾਲ ਚੜ੍ਹਦੀ ਕਲਾ ਵਿਚ ਰਹੇ।

ਖਾਲਸਾ ਪੰਥ ਅਜ ਇਕ ਵਡੀ ਅਧੋਗਤੀ ਦੀ ਦਸ਼ਾ ਵਿਚੋਂ ਲੰਘ ਰਿਹਾ ਹੈ। ਉਹ ਪੰਥ ਜੋ ਹਰ ਕਿਸੇ ਨੂੰ ਜ਼ੁਲਮ ਤੋਂ ਬਚਾਉਣ ਲਈ ਸਾਜਿਆ ਗਿਆ ਸੀ, ਅੱਜ ਆਪ ਜ਼ੁਲਮ ਦਾ ਸ਼ਿਕਾਰ ਹੈ। ਜੋ ਸਦਾ ਚੜ੍ਹਦੀ ਕਲਾ ਵਿਚ ਵਿਚਰਦਾ ਸੀ, ਅੱਜ ਇਸ ਉਚੀ ਸੁਰਤ ਦਾ ਭਰਵਾਂ ਪ੍ਰਮਾਣ ਦੇਣ ਤੋਂ ਕਾਸਰ ਜਾਪਦਾ ਹੈ।

ਅੱਜ ਸਾਥੋਂ ਸ਼ਹਿਰੀ ਆਜ਼ਾਦੀ ਖੋਹ ਲਈ ਗਈ ਹੈ। ਕੋਈ ਇਸ ਬਾਰੇ ਰੋਸ ਕਰੇ ਤਾਂ ਜੇਲ੍ਹ ਵਿਚ ਪਾ ਦਿਤਾ ਜਾਂਦਾ ਹੈ। ਕੋਈ ਹਮਦਰਦ ਬੋਲੇ ਤਾਂ ਦੇਸ਼-ਧਰੋਹੀ ਗਰਦਾਨਿਆ ਜਾਂਦਾ ਹੈ। ਜਿਸ ਕੌਮ ਨੇ ਆਜ਼ਾਦੀ ਦਾ ਸੰਕਲਪ ਇਸ ਦੇਸ ਨੂੰ ਦਿਤਾ, ਅਜ ਇਸੇ ਦੇਸ਼ ਵਿਚ ਉਸ ਨੂੰ ਆਜ਼ਾਦੀ ਦੀ ਭਾਲ ਹੈ। ਬੜੇ ਘਟ ਲੋਕ ਇਹ ਜਾਣਦੇ ਹਨ ਕਿ ਸਿੱਖ ਸਤਿਗੁਰਾਂ ਨੇ ਸਭ ਤੋਂ ਪਹਿਲਾਂ ਇਸ ਦੇਸ਼ ਨੂੰ ਇਕ ਦੇਸ਼ ਹੋਣ ਦਾ ਤੇ ਇਕ ਸਾਂਝੀ ਕੌਮੀਅਤ ਹੋਣ ਦਾ ਸੰਕਲਪ ਦਿਤਾ। ਹੋਰ ਵੀ ਘੱਟ ਲੋਕ ਜਾਣਦੇ ਹਨ ਕਿ ਸ਼ਬਦ 'ਹਿੰਦੁਸਤਾਨ' ਸਾਹਿੱਤ ਵਿਚ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਵਰਤਿਆ। ਬਾਬਰ ਦੇ ਹਮਲੇ ਵੇਲੇ ਉਹਨਾਂ ਹੀ ਤਾਂ ਕਿਹਾ ਸੀ :—

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥ (ਆਸਾ ਮ: ੧, ਪੰਨਾ ੩੬੦)

ਜਿਸ ਦੇਸ਼ ਦੀ ਆਜ਼ਾਦੀ ਦੀ ਖ਼ਾਤਰ ਸਿੱਖ ਕੌਮ ਨੇ ਮੁਗਲਾਂ ਦੇ ਵੇਲੇ ਕੁਰਬਾਨੀਆਂ ਦਿਤੀਆਂ, ਜਿਸ ਨੇ ਅੰਗਰੇਜ਼ੀ ਰਾਜ ਤੋਂ ਦੇਸ਼ ਆਜ਼ਾਦ ਕਰਾਉਣ ਲਈ ਹੋਰਨਾਂ ਕੌਮਾਂ ਤੋਂ ਵੱਧ ਚੜ੍ਹ ਕੇ ਜਾਨਾਂ ਦੀ ਆਹੂਤੀ ਪਾਈ, ਅਜ ਉਸੇ ਕੌਮ ਦੀ ਆਪਣੀ ਆਜ਼ਾਦ ਹਸਤੀ ਸ਼ੱਕੀ ਹੋਈ ਪਈ ਹੈ।

ਜਿਸ ਨੇ ਹੋਰਨਾਂ ਦੇ ਧਰਮ-ਅਸਥਾਨਾਂ ਦੀ ਬੇਹੁਰਮਤੀ ਦੇ ਵਿਰੁਧ ਆਵਾਜ਼ ਉਠਾਈ, ਅਜ ਉਸਦੇ ਆਪਣੇ ਧਰਮ-ਅਸਥਾਨ ਮਿਸਮਾਰ ਕੀਤੇ ਜਾ ਰਹੇ ਹਨ ।

ਉਂਞ ਇਹ ਕੋਈ ਅਲੋਕਾਰ ਗੱਲ ਨਹੀਂ ਹੋਈ। ਪੰਥ ਨਾਲ ਇਹੋ ਜਿਹੀ ਹੋਣੀ ਪਹਿਲਾਂ ਵੀ ਕਈ ਵਾਰ ਵਾਪਰ ਚੁਕੀ ਹੈ। ਅਗੇ ਵੀ ਸਿਰਾਂ ਦੇ ਮੁਲ ਲਾਏ ਗਏ। ਅਗੇ ਵੀ ਮਾਸੂਮ ਬੱਚਿਆਂ ਤੇ ਜ਼ੁਲਮ ਢਾਹੇ ਗਏ। ਛੋਟੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚਿਣਾਇਆ ਗਿਆ; ਸੁਬੇਗ ਸਿੰਘ, ਸ਼ਾਹਬਾਜ਼ ਸਿੰਘ ਪਿਉ ਪੁੱਤਰਾਂ ਨੂੰ ਚਰਖੜੀ ਤੇ ਚਾੜ੍ਹਿਆ ਗਿਆ; ਮਾਂ-ਗੋਦੀ ਵਿਚ ਪਏ ਬੱਚਿਆਂ ਦੇ ਟੋਟੇ ਕਰ ਕੇ ਉਹਨਾਂ ਦੇ ਹਾਰ ਮਾਵਾਂ ਦੇ ਗਲ ਪੁਆਏ ਗਏ। ਸਿੰਘ ਜੰਗਲਾਂ-ਬਨਾਂ ਵਿਚ ਭਜੇ ਫਿਰੇ। ਉਹਨਾਂ ਦੇ ਧਰਮ ਅਸਥਾਨ ਢਹਿ-ਢੇਰੀ ਕੀਤੇ ਗਏ। ਸਰੋਵਰ ਹੱਡ-ਚੰਮ ਨਾਲ ਪੂਰ ਦਿਤੇ ਗਏ। ਇਹਨਾਂ ਜ਼ੁਲਮਾਂ ਦੇ ਵਿਰੁਧ ਆਹ ਦਾ ਨਾਹਰਾ ਲਾਉਣ ਵਾਲੇ ਸਰਕਾਰੀ ਕ੍ਰੋਪੀ ਦਾ ਸ਼ਿਕਾਰ ਹੋਏ। ਜਾਪਦਾ ਹੈ ਜ਼ੁਲਮ ਨੇ ਆਪਣਾ ਪੈਟਰਨ ਅਜ ਫੇਰ ਦੁਹਰਾਇਆ ਹੈ।

ਓਦੋਂ ਤਾਂ ਇਕ ਸਮਾਂ ਅਜਿਹਾ ਵੀ ਆ ਗਿਆ ਸੀ, ਜਦ ੧੭੩੯ ਵਿਚ, ਸਰਕਾਰ ਨੇ ਡੰਕੇ ਦੀ ਚੋਟ ਨਾਲ ਢੰਡੋਰਾ ਵੀ ਪਿਟਵਾ ਦਿਤਾ ਸੀ ਕਿ ਕੇਸ-ਦਾੜ੍ਹੇ ਵਾਲਾ ਕੋਈ ਸਿੱਖ ਬਾਕੀ ਨਹੀਂ ਰਹਿ ਗਿਆ। ਤਦ ਲਾਹੌਰੋਂ ਦਿੱਲੀ ਜਾਂਦੀ ਸੜਕ ਪੁਰ ਸਰਾਇ ਨੂਰ ਦੀਨ ਦੇ ਲਾਗੇ ਕਿਸੇ ਨੇ ਦੋ ਸਿੱਖ ਜੰਗਲ ਵਿਚ ਵੇਖੇ ਤੇ ਕਿਹਾ, "ਓਏ ਤੁਸੀਂ ਅਜੇ ਜੀਊਂਦੇ ਓ ? ਸਰਕਾਰ ਨੇ ਤਾਂ ਡੌਂਡੀ ਪਿਟਵਾ ਦਿਤੀ ਹੈ, ਕੋਈ ਸਿੱਖ ਬਚਿਆ ਨਹੀਂ।"

"ਹੱਛਾ ?" ਇਹ ਕਹਿ ਕੇ ਭਾਈ ਬੋਤਾ ਸਿੰਘ ਤੇ ਉਸ ਦਾ ਸਾਥੀ ਗਰਜਾ ਸਿੰਘ ਹੱਥ ਵਿਚ ਸੋਟਾ ਪਕੜ ਕੇ



www.AKJ.Org

ਲਾਗੇ ਦੇ ਪੁਲ ਤੇ ਖੜੋ ਗਏ ਤੇ ਕਹਿਣ ਲਗੇ, "ਜਾਓ ਸੂਬਾ ਲਾਹੌਰ ਨੂੰ ਆਖ ਦਿਉ, ਇਸ ਪੁਲ ਉਪਰ ਖ਼ਾਲਸੇ ਦਾ ਰਾਜ ਹੈ। ਇਥੋਂ ਕੋਈ ਜ਼ਕਾਤ ਦਿਤੇ ਬਿਨਾਂ ਨਹੀਂ ਲੰਘ ਸਕੇਗਾ।" ਇਸੇ ਮਫ਼ਹੂਮ ਦੀ ਇਕ ਜੋਸ਼-ਭਰੀ ਚਿੱਠੀ ਵੀ ਬੋਤਾ ਸਿੰਘ ਨੇ ਸੂਬਾ ਲਾਹੌਰ ਨੂੰ ਲਿਖੀ।

ਉਦੋਂ ਤਾਂ ਖ਼ਾਲਸਾ ਇਕੋ ਸਰਕਾਰ ਦੀ ਰਿਆਸਤ ਵਿਚ ਵਸਦਾ ਸੀ, ਮੁਕਾਇਆ ਜਾ ਸਕਦਾ ਸੀ। ਅੱਜ ਤਾਂ ਖ਼ਾਲਸੇ ਦੀਆਂ ਜੜ੍ਹਾਂ ਦੇਸ਼ਾਂ ਪ੍ਰਦੇਸ਼ਾਂ ਵਿਚ ਲਗ ਗਈਆਂ ਹਨ। ਇਸ ਨੂੰ ਮੁਕਾਉਣਾ ਸੰਭਵ ਨਹੀਂ। ਫਿਰ ਕੀ ਕਾਰਨ ਹੈ, ਅਜ ਕੌਮ ਦੇ ਵਕਾਰ ਨੂੰ ਧੱਕਾ ਲਗਾ ਪ੍ਰਤੀਤ ਕਰਦੇ ਹਾਂ, ਜਿਹੜਾ ਉਦੋਂ ਨਹੀਂ ਸੀ ਲਗਾ? ਫ਼ਰਕ ਇਹ ਹੈ, ਉਦੋਂ ਬੋਤਾ ਸਿੰਘ ਬੋਲਿਆ ਸੀ। ਅਜ ਬੋਲਣ ਵਾਲਾ ਬੋਤਾ ਸਿੰਘ ਕੋਈ ਨਹੀਂ ਦਿਸਦਾ। ਅੱਜ ਗੁਰੂ ਅਰਜਨ ਸਾਹਿਬ ਦੇ ਇਹ ਪਾਵਨ ਬੋਲ ਸਾਨੂੰ ਵੰਗਾਰ ਪਾਉਂਦੇ ਪ੍ਰਤੀਤ ਹੁੰਦੇ ਹਨ :—

ਬੋਲਿ ਸੁ ਧਰਮੀੜਿਆ ਮੋਨਿ ਕਤ ਧਾਰੀ ਰਾਮ ॥ (ਬਿਹਾਗੜਾ ਮ: ੫, ਪੰਨਾ ੫੪੭)

ਮਤ ਸਮਝੋ ਸਾਨੂੰ ਬਾਹਰੋਂ ਕੋਈ ਖ਼ਤਰਾ ਹੈ। ਖ਼ਤਰਾ ਸਾਨੂੰ ਸਾਡੇ ਆਪਣੇ ਤਾਂ ਅੰਦਰੋਂ ਹੈ। ਕੌਮਾਂ ਦੇ ਵਕਾਰ, ਕੌਮਾਂ ਦੇ ਆਚਰਣ ਨਾਲ ਕਾਇਮ ਰਹਿੰਦੇ ਹਨ। ਆਚਾਰ ਗਿਰ ਜਾਣ ਤਾਂ ਕੌਮਾਂ ਨਸ਼ਟ-ਭ੍ਰਸ਼ਟ ਹੋ ਜਾਂਦੀਆਂ ਹਨ। ਸਾਡਾ ਵਕਾਰ, ਸਾਡਾ ਬਿਰਦ, ਇਸ ਤਰ੍ਹਾਂ ਦਾ ਸੀ ਕਿ ਸਾਡੇ ਵਿਰੋਧੀ ਵੀ ਤਾਰੀਫ਼ ਕਰਦੇ ਸਨ।* ਅਸੀਂ ਹਰ ਰੋਜ਼ ਅਰਦਾਸ ਵਿਚ "ਬਿਰਦ ਕੀ ਪੈਜ" ਮੰਗਦੇ ਹਾਂ। ਕਦੇ ਅਸਾਂ ਸੋਚਿਆ, ਇਸ ਦਾ ਅਰਥ ਕੀ ਹੈ? ਬਿਰਦ ਦਾ ਅਰਥ ਹੈ, ਜੱਸ, ਕੀਰਤੀ (reputation), ਤੇ ਪੈਜ ਦਾ ਅਰਥ ਹੈ, ਇੱਜ਼ਤ, ਅਬਰੋ। ਇਉਂ 'ਬਿਰਦ ਕੀ ਪੈਜ' ਦਾ ਅਰਥ ਹੋਇਆ : ਜੋ ਜੱਸ-ਕੀਰਤੀ ਸਾਨੂੰ ਪ੍ਰਾਪਤ ਹੈ, ਉਸ ਦੀ ਇੱਜ਼ਤ-ਅਬਰੋ ਬਣੀ ਰਹੇ। ਖ਼ਾਲਸਾ ਜੀ, ਉਹ ਜੱਸ-ਕੀਰਤੀ ਹੈ ਜਿਸ ਦੇ ਬਣੇ ਰਹਿਣ ਦੀ ਅਸੀਂ ਨਿੱਤ ਅਰਦਾਸ ਕਰਦੇ ਹਾਂ? ਇਕ ਪ੍ਰਮੁਖ ਚਿਤ੍ਰਣ ਇਸ ਬਿਰਦ ਦਾ ਭਾਈ ਨੰਦ ਲਾਲ ਜੀ ਨੇ ਕੀਤਾ ਹੈ :—

ਖ਼ਾਲਸਾ ਸੋਇ ਜੋ ਨਿੰਦਾ ਤਿਆਗੈ ॥ ਖ਼ਾਲਸਾ ਸੋਇ ਲੜੈ ਹੋਇ ਆਗੈ ॥
ਖ਼ਾਲਸਾ ਸੋਇ ਪੰਚ ਕਉ ਮਾਰੈ ॥ ਖ਼ਾਲਸਾ ਸੋਇ ਭਰਮ ਕਉ ਸਾੜੈ ॥
ਖ਼ਾਲਸਾ ਸੋਇ ਮਾਨ ਕੋ ਤਿਆਗੈ ॥ ਖ਼ਾਲਸਾ ਸੋਇ ਨਾਮ ਰਤ ਲਾਗੈ ॥
ਖ਼ਾਲਸਾ ਸੋ ਪਰਦ੍ਰਿਸ਼ਟ ਤਿਆਗੈ ॥ ਖ਼ਾਲਸਾ ਸੋਇ ਪਰਤ੍ਰਿਆ ਤੇ ਭਾਗੈ ॥
ਖ਼ਾਲਸਾ ਸੋ ਬਾਣੀ ਹਿਤ ਲਾਏ ॥ ਖ਼ਾਲਸਾ ਸੋਇ ਸਾਰ ਮੁਹ ਖਾਏ ॥...
ਖ਼ਾਲਸਾ ਸੋਇ ਸ਼ਸਤ੍ਰ ਕਉ ਧਾਰੈ ॥ ਖ਼ਾਲਸਾ ਸੋਇ ਦੁਸ਼ਟ ਕਉ ਮਾਰੈ ॥ (ਤਨਖਾਹ ਨਾਮਾ)

ਇਸ ਵਿਵਰਣ ਤੋਂ ਖ਼ਾਲਸੇ ਦਾ ਜੋ ਰੂਪ ਉਘੜਦਾ ਹੈ, ਉਹ ਸੰਤ-ਸਿਪਾਹੀ ਦਾ ਰੂਪ ਹੈ। ਜੋ ਨਾਮ ਦਾ ਰਸੀਆ, ਦੀਨਾਂ ਦਾ ਦਰਦਵੰਦ, ਨਿਰਧਨ ਦਾ ਸਹਾਇਕ ਉਚੇ ਆਚਰਣ ਵਾਲਾ ਮਨੁਖ ਹੈ, ਜੋ ਦੁਸ਼ਟਾਂ ਦਾ ਦਮਨ ਕਰਦਾ ਤੇ ਇਸ ਖ਼ਾਤਰ ਸ਼ਸਤ੍ਰ-ਬੱਧ ਵੀ ਹੈ, ਬਚਨ-ਬੱਧ ਵੀ। ਐਸੀ ਬਚਨ-ਬੱਧਤਾ ਦੀ ਲਾਜ ਰਹਿ ਜਾਏ, ਇਹੋ ਬਿਰਦ ਕੀ ਪੈਜ ਦਾ ਅਰਥ ਹੈ।

ਸਿੱਖ ਇਤਿਹਾਸ ਵਿਚ ਅਨਗਿਣਤ ਮਿਸਾਲਾਂ ਐਸੇ ਧਰਮੀ ਯੋਧਿਆਂ ਦੀਆਂ ਹਨ ਜਿਨ੍ਹਾਂ ਵਿਚ ਜੱਸ, ਇਹ

---

* ਕਾਜ਼ੀ ਨੂਰ ਮੁਹੰਮਦ ਇਕ ਮੁਸਲਮਾਨ ਇਤਿਹਾਸਕਾਰ ਹੋਇਆ ਹੈ ਜੋ ਨਫ਼ਰਤ ਨਾਲ ਸਿੱਖਾਂ ਨੂੰ 'ਸਗ'(ਕੁੱਤੇ) ਕਹਿੰਦਾ ਹੈ, ਪਰ ਉਹ ਵੀ ਸਿੰਘਾਂ ਦੇ ਆਚਰਣ ਦੀ ਉਪਮਾ ਕਰਦਾ ਹੈ—"ਇਹ(ਸਿੱਖ) ਕੇਵਲ ਸੂਰਬੀਰ ਹੀ ਨਹੀਂ,ਹੋਰ ਸਭ ਪ੍ਰਕਾਰ ਦੇ ਸੂਰਮਿਆਂ ਤੋਂ ਇਕ ਗੱਲੇ ਅਤਿ ਉੱਤਮ ਹਨ। ਇਹ ਕਾਇਰ ਨੂੰ ਨਹੀਂ ਮਾਰਦੇ। ਭੱਜੇ ਜਾਂਦੇ ਤੇ ਪਿਛੋਂ ਵਾਰ ਨਹੀਂ ਕਰਦੇ। ਕਿਸੇ ਤੀਵੀਂ ਦੇ ਗਹਿਣੇ ਨਹੀਂ ਖੋਂਹਦੇ।...ਇਹਨਾਂ ਕੁੱਤਿਆਂ ਵਿਚ ਵਿਭਚਾਰ ਕੋਈ ਨਹੀਂ। ਇਹਨਾਂ ਵਿਚ ਚੋਰ ਕੋਈ ਨਹੀਂ ਹੁੰਦਾ। ਇਹ ਹਰ ਔਰਤ ਨੂੰ, ਭਾਵੇਂ ਉਹ ਜਵਾਨ ਹੋਵੇ, ਭਾਵੇਂ ਵਡੇਰੀ ਉਮਰ ਦੀ, ਬੁੜ੍ਹੀ ਹੀ ਕਹਿੰਦੇ ਹਨ।"



www.AKJ.Org

ਕੀਰਤੀ ਸਥਾਪਿਤ ਕੀਤੀ। ਇਕ ਮਿਸਾਲ ਉੱਘੀ ਬਾਬਾ ਸਾਹਿਬ ਸਿੰਘ ਬੇਦੀ* ਦੀ ਹੈ, ਜਿਨ੍ਹਾਂ ਦੀ ਜ਼ਿੰਦਗੀ ਵਿਚੋਂ ਇਕ ਸਾਕਾ ਆਪ ਦੇ ਪੇਸ਼ ਕਰਦਾ ਹਾਂ।

ਫਰੱਖ-ਸਈਅਰ ਤੇ ਉਸ ਦੇ ਜਾ-ਨਸ਼ੀਨਾਂ ਦੇ ਸ਼ਾਸਨ ਸਮੇਂ, ਜਦ ਸਰਕਾਰ ਸਿੱਖਾਂ ਦੀ ਜਾਨੀ ਦੁਸ਼ਮਨ ਬਣੀ ਹੋਈ ਸੀ, ਆਪ ਨੂੰ ਬਾਗ਼ੀ ਗਰਦਾਨਿਆ ਸੀ ਤੇ ਉਨ੍ਹਾਂ ਦੇ ਸਿਰ ਤੇ ਇਨਾਮ ਲਾਇਆ ਗਿਆ ਸੀ। ਬਾਬਾ ਜੀ ਕਾਹਨੂੰਵਾਨ ਦੇ ਜੰਗਲ ਵਿਚ ਇਕ ਕੁਟੀਆ ਵਿਚ ਰਹਿੰਦੇ ਸਨ, ਤੇ ਨਾਮ ਬਾਣੀ ਵਿਚ ਮਸਤ ਰਹਿ ਕੇ ਸਮਾਂ ਗੁਜ਼ਾਰਦੇ ਸਨ। ਦੀਨ ਮੁਹੰਮਦ, ਇਕ ਮੁਸਲਮਾਨ ਫ਼ੌਜਦਾਰ ਨੂੰ ਇਸ ਦੀ ਸੂਹ ਮਿਲ ਗਈ। ਉਸ ਨੇ ਉਹਨਾਂ ਦੀ ਤਲਾਸ਼ ਵਿਚ ਜੰਗਲ ਗਾਹੁਣਾ ਸ਼ੁਰੂ ਕਰ ਦਿਤਾ। ਕਈ ਦਿਨਾਂ ਮਗਰੋਂ ਇਕ ਦਿਨ ਉਸ ਦੀ ਨਜ਼ਰ ਬਾਬੇ ਉਤੇ ਜਾ ਪਈ, ਜੋ ਇਕ ਨਦੀ ਦੇ ਕੰਢੇ ਬੈਠੇ ਪਾਣੀ ਵਿਚੋਂ ਅੰਜਲੀ ਭਰ ਰਹੇ ਸਨ। ਫ਼ੌਜਦਾਰ ਮਾਰਨ ਲਈ ਅਗੇ ਵਧਿਆ ਤਾਂ ਕੀ ਵੇਖਦਾ ਹੈ, ਬਾਬੇ ਦੀ ਅੰਜਲੀ ਵਿਚ ਇਕ ਬਿੱਛੂ ਹੈ, ਜਿਸ ਨੂੰ ਉਹ ਪਾਣੀ ਵਿਚੋਂ ਬਾਹਰ ਕਢਣ ਦਾ ਜਤਨ ਕਰ ਰਹੇ ਹਨ। ਪਰ ਬਿੱਛੂ ਡੰਗ ਮਾਰ ਦੇਂਦਾ ਹੈ ਤੇ ਅੰਜਲੀ ਖੁਲ੍ਹ ਜਾਂਦੀ ਹੈ। ਉਹ ਫਿਰ ਪਾਣੀ ਵਿਚ ਡਿੱਗ ਪੈਂਦਾ ਹੈ। ਇਉਂ ਬਾਰ ਬਾਰ ਹੋਈ ਜਾਂਦਾ ਹੈ। ਇਹ ਵੇਖ ਕੇ ਦੀਨ ਮੁਹੰਮਦ ਨੂੰ ਮਾਰਨਾ ਤਾਂ ਭੁਲ ਗਿਆ। ਤੇ ਬੋਲਿਆ, "ਤੂੰ ਇਸ ਮੂਜ਼ੀ ਨੂੰ ਛੋੜ ਕਿਉਂ ਨਹੀਂ ਦੇਂਦਾ?" ਬਾਬਾ ਜੀ ਨੇ ਪਰਤ ਕੇ ਪਿਛਾਂਹ ਵੇਖਿਆ ਤੇ ਕਿਹਾ, "ਜੇ ਇਹ ਆਪਣੀ ਡੰਗ-ਮਾਰਨੀ ਬਾਣ ਨਹੀਂ ਛੱਡਦਾ, ਤਾਂ ਮੈਂ ਪਰਉਪਕਾਰ ਦੀ ਬਾਣ ਕਿਉਂ ਛੱਡ ਦਿਆਂ?" ਦੀਨ ਮੁਹੰਮਦ ਬੜਾ ਪ੍ਰਭਾਵਿਤ ਹੋਇਆ ਤੇ ਆਖਣ ਲਗਾ, "ਆਇਆ ਤਾਂ ਮੈਂ ਤੈਨੂੰ ਮਾਰਨ ਸਾਂ, ਪਰ ਹੁਣ ਮਾਰਾਂਗਾ ਨਹੀਂ। ਤੂੰ ਚੁਪ-ਚਾਪ ਮੇਰੇ ਮਗਰੇ-ਮਗਰ ਤੁਰਿਆ ਚਲ, ਮੈਂ ਤੈਨੂੰ ਸਰਕਾਰੇ ਪੇਸ਼ ਕਰਨਾ ਹੈ।"

ਬਾਬਾ ਜੀ ਨਾਲ ਤੁਰ ਪਏ। ਤੁਰਦਿਆਂ ਤੁਰਦਿਆਂ ਤਰਕਾਲਾਂ ਪੈ ਗਈਆਂ। ਦੀਨ ਮੁਹੰਮਦ ਕਹਿਣ ਲਗਾ, "ਸ਼ਾਮ ਡੂੰਘੀ ਹੋ ਗਈ ਹੈ, ਕੋਈ ਸੁਥਰੀ ਥਾਂ ਵੇਖ ਕੇ ਰਾਤ ਕਟ ਲਈਏ।" ਬਾਬਾ ਜੀ ਕਹਿਣ ਲਗੇ, "ਮੇਰੀ ਕੁੱਲੀ ਏਥੋਂ ਬਹੁਤ ਦੂਰ ਨਹੀਂ। ਚਾਹੋ ਤਾਂ ਉਥੇ ਚਲੀਏ, ਰੋਟੀ-ਟੁਕ ਵੀ ਖਾ ਲਵਾਂਗੇ। ਦੀਨ-ਮੁਹੰਮਦ ਮੰਨ ਗਿਆ।

ਉਥੇ ਪਹੁੰਚੇ ਤਾਂ ਤੇਰ੍ਹਾਂ-ਚੌਦਾਂ ਵਰ੍ਹਿਆਂ ਦੀ ਗੁੰਗੀ ਲੜਕੀ ਨੇ ਉਹਨਾਂ ਦਾ ਸੁਆਗਤ ਕੀਤਾ। ਇਸ ਲੜਕੀ ਨੂੰ, ਨਿੱਕੀ ਹੁੰਦੀ ਨੂੰ ਉਸ ਦੇ ਮਾਪੇ, ਅਭਾਗਣ ਜਾਣ, ਜੰਗਲ ਵਿਚ ਛੋੜ ਗਏ ਸਨ ਤੇ ਇਸ ਨਿਆਸਰੀ ਨੂੰ ਬਾਬਾ ਜੀ ਨੇ ਤਰਸ ਖਾ ਕੇ ਪਾਲ ਲਿਆ।

ਜਦੋਂ ਉਹ ਝੁੱਗੀ ਅੰਦਰ ਹੱਥ-ਮੂੰਹ ਧੋ ਕੇ ਬੈਠ ਗਏ ਤਾਂ ਉਸ ਲੜਕੀ ਨੇ ਥਾਲ ਪਰੋਸ ਦਿਤੇ। ਉਸ ਕੋਲ ਕੇਵਲ ਅੰਬ ਦਾ ਆਚਾਰ ਤੇ ਚਾਰ ਰੋਟੀਆਂ ਸਨ—ਦੋ ਉਸ ਨੇ ਬਾਬੇ ਲਈ ਦੋ ਆਪਣੇ ਲਈ ਪਕਾਈਆਂ ਸਨ। ਉਹ ਚਾਰੇ ਲੈ ਆਈ। ਬਾਬਾ ਜੀ ਨੇ ਦੋ ਰੋਟੀਆਂ ਦੀਨ ਮੁਹੰਮਦ ਦੀ ਥਾਲੀ ਵਿਚ ਰਖ ਦਿਤੀਆਂ, ਇਕ ਆਪਣੇ ਅਗੇ ਰਖ ਲਈ ਤੇ ਇਕ ਲੜਕੀ ਅਗੇ। ਫਿਰ ਦੀਵਾ ਗੁੱਲ ਕਰ ਦਿਤਾ। ਦੀਨ ਮੁਹੰਮਦ ਘਬਰਾ ਗਿਆ। ਪਰ, ਬਾਬੇ ਨੇ ਕਿਹਾ, "ਦੀਵਾ ਤਾਂ ਬੁਝਾਇਆ ਹੈ ਕਿ ਭੰਬਟ ਨਾ ਆ ਜਾਣ।" ਦੀਨ-ਮੁਹੰਮਦ ਨੂੰ ਬੜੀ ਭੁੱਖ ਲਗੀ ਹੋਈ ਸੀ। ਉਸ ਦੋਵੇਂ ਰੋਟੀਆਂ ਮੁਕਾ ਲਈਆਂ। ਬਾਬਾ ਜੀ ਹਨੇਰੇ ਵਿਚ ਹੱਥ-ਮੂੰਹ ਹਿਲਾਈ ਗਏ, ਪਰ ਰੋਟੀ ਖਾਧੀ ਨਾ, ਸਗੋਂ ਅਛੋਪਲੇ ਜਿਹੇ ਦੀਨ ਮੁਹੰਮਦ ਦੀ ਥਾਲੀ ਵਿਚ ਹੀ ਰਖ ਦਿਤੀ। ਲੜਕੀ ਨੇ ਵੀ ਉਵੇਂ ਕੀਤਾ। ਦੀਨ ਮੁਹੰਮਦ ਚਾਰੇ ਰੋਟੀਆਂ ਖਾ ਕੇ ਰੱਜ ਗਿਆ, ਤੇ ਸੌਣ ਲਈ ਲੇਟ ਗਿਆ—ਇਹੋ ਸੋਚਦਾ ਕਿ ਬਾਬੇ ਨੇ ਦੀਵਾ ਗੁੱਲ ਕੀਤਾ ਸੀ। ਸੁੱਤਿਆਂ ਉਸ ਨੂੰ ਇਕ ਸੁਪਨਾ ਆਇਆ, ਜਿਸ ਵਿਚ ਰਾਤ ਵਾਂਗ ਉਹ ਖਾਣੇ ਤੇ ਬੈਠਾ ਸੀ, ਤੇ ਦੀਵਾ ਗੁੱਲ ਕਰਨ ਮਗਰੋਂ ਬਾਬੇ ਨੇ ਵੀ ਤੇ ਉਸ ਲੜਕੀ ਨੇ ਵੀ ਹਨੇਰੇ ਵਿਚ ਆਪਣੀਆਂ ਰੋਟੀਆਂ ਉਸ ਦੀ ਥਾਲੀ ਵਿਚ ਰਖ ਦਿਤੀਆਂ, ਤੇ ਆਪ ਝੂਠੀ-ਮੂਠੀ ਰੋਟੀ ਖਾਂਦੇ ਰਹੇ।

ਤੜਕੇ ਉਠ ਕੇ ਉਸ ਨੇ ਬਾਬਾ ਜੀ ਪਾਸੋਂ ਇਹ ਕਹਿੰਦਿਆਂ ਵਿਦਾਇਗੀ ਮੰਗੀ, "ਗੁਰੂ ਦੇ ਸਿੱਖਾ, ਤੈਨੂੰ ਕੋਟੀ

---

*ਬਾਬਾ ਸਾਹਿਬ ਸਿੰਘ ਬੇਦੀ ਦੀ ਪੰਥ ਵਿਚ ਇਤਨੀ ਇੱਜ਼ਤ ਸੀ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਰਾਜ-ਤਿਲਕ ਲਗਾਉਣ ਲਈ ਆਪ ਨੂੰ ਚੁਣਿਆ ਗਿਆ।



www.AKJ.Org

ਨਹੀਂ ਮਾਰ ਸਕਦਾ।" ਵਿਛੜਨ ਲਗਿਆਂ ਉਸ ਦੀਆਂ ਅੱਖਾਂ ਵਿਚ ਹੰਝੂ ਸਨ।

ਦੀਨ ਮੁਹੰਮਦ ਅਜੇ ਕੁਝ ਕਦਮ ਹੀ ਗਿਆ ਸੀ ਕਿ ਉਸ ਵੇਖਿਆ, ਦੋ ਬਦਮਾਸ਼ ਉਸ ਗੂੰਗੀ-ਬੋਲੀ ਕੁੜੀ ਨੂੰ ਜ਼ਬਰਦਸਤੀ ਧੂਹ ਕੇ ਲਾਗੇ ਖਲੋਤੇ ਊਠ ਵਲ ਖਿੱਚੀ ਲਿਜਾ ਰਹੇ ਹਨ। ਦੀਨ ਮੁਹੰਮਦ ਉਸ ਨੂੰ ਛੁਡਾਣ ਲਈ ਅਗੇ ਵਧਿਆ, ਪਰ ਬਦਮਾਸ਼ਾਂ ਨੇ ਉਸ ਨੂੰ ਢਾਹ ਲਿਆ। ਸ਼ੋਰ ਸੁਣ ਕੇ ਬਾਬਾ ਜੀ ਵੀ ਆਣ ਪਹੁੰਚੇ। ਉਹਨਾਂ ਨੂੰ ਵੇਖ, ਇਕ ਬਦਮਾਸ਼ ਤਾਂ ਨੱਠ ਗਿਆ, ਦੂਜੇ ਨੂੰ ਬਾਬਾ ਜੀ ਨੇ ਕਾਬੂ ਕਰ ਲਿਆ ਤੇ ਉਸ ਦੀ ਛਾਤੀ ਉਪਰ ਚੜ੍ਹ ਕੇ ਬੈਠ ਗਏ। ਤਦ ਬਦਮਾਸ਼ ਨੇ ਬਾਬੇ ਦੇ ਮੂੰਹ ਤੇ ਥੁਕ ਦਿਤਾ ਤੇ ਗਾਲ੍ਹ ਕਢ ਕੇ ਆਖਿਆ, "ਹੁਣ ਜੋ ਜੀ ਆਏ ਕਰ ਲੈ।"

ਬਾਬਾ ਜੀ ਇਕ-ਦਮ ਉਠ ਖਲੋਤੇ ਤੇ ਕਹਿਣ ਲਗੇ, "ਤੂੰ ਇਕ ਮਸੂਮ ਲੜਕੀ ਤੇ ਉਸ ਦੇ ਬਚਾਉਣ ਵਾਲੇ ਨੂੰ ਜ਼ਖਮੀ ਕੀਤਾ ਹੈ। ਤੇਰੀ ਸਜ਼ਾ ਤਾਂ ਮੌਤ ਸੀ, ਪਰ ਹੁਣ ਤੂੰ ਮੇਰੀ ਬੇਇੱਜ਼ਤੀ ਕੀਤੀ ਹੈ। ਜੇਕਰ ਹੁਣ ਮੈਂ ਤੈਨੂੰ ਮਾਰਿਆ ਤਾਂ ਸਮਝਿਆ ਜਾਵੇਗਾ ਕਿ ਮੈਂ ਆਪਣੇ ਨਿਰਾਦਰ ਦੇ ਕ੍ਰੋਧ ਵਿਚ ਆ ਕੇ ਤੈਨੂੰ ਮਾਰ ਦਿਤਾ ਹੈ। ਮੈਂ ਤੈਨੂੰ ਹੋਰ ਕੁਝ ਨਹੀਂ ਕਹਾਂਗਾ, ਦੀਨ ਮੁਹੰਮਦ ਆਪੇ ਤੇਰੇ ਨਾਲ ਲੇਖਾ ਕਰ ਲਏਗਾ।*

ਇਸ ਘਟਨਾ ਤੋਂ ਪ੍ਰਤੱਖ ਹੈ ਕਿ ਬਾਬਾ ਹੱਦ ਦਰਜੇ ਦਾ ਪਰਉਪਕਾਰੀ ਸੀ। ਉਸ ਦੇ ਮਨ ਵਿਚ ਵੈਰ-ਵਿਰੋਧ ਕੋਈ ਨਹੀਂ ਸੀ, ਭੈ ਕੋਈ ਨਹੀਂ ਸੀ, ਕ੍ਰੋਧ ਕੋਈ ਨਹੀਂ ਸੀ, ਅਥਿਤੀ ਦਾ ਬੇਹੱਦ ਆਦਰ ਸੀ। ਬੁਲ੍ਹੇ ਸ਼ਾਹ ਤਾਂ ਕਹਿੰਦਾ ਸੀ :— ਮਿੱਤਰਾਂ ਦੀ ਮਿਜਮਾਨੀ ਖ਼ਾਤਰ ਦਿਲ ਦਾ ਲਹੂ ਛਾਣੀਦਾ।

ਪਰ ਬਾਬਾ ਤਾਂ ਵੈਰੀਆਂ ਦੀ ਮਿਜਮਾਨੀ ਖ਼ਾਤਰ ਵੀ ਦਿਲ ਦਾ ਲਹੂ ਛਾਣਦਾ ਸੀ। ਆਚਰਣਕ ਉੱਚਤਾ ਦੀ ਇਹ, ਕਈ ਮਿਸਾਲਾਂ ਵਿਚੋਂ ਇਕ ਮਿਸਾਲ ਹੈ ਜਿਨ੍ਹਾਂ ਆਸਰੇ ਖ਼ਾਲਸੇ ਦਾ ਬਿਰਦ ਸਥਾਪਿਤ ਹੋਇਆ ਸੀ।

ਆਓ, ਅਜ ਆਪਣੇ ਆਪ ਨੂੰ ਪੁਛੀਏ, ਕੀ ਅਸੀਂ ਵੀ ਐਸੇ ਆਚਰਣ ਦੇ ਮਾਲਕ ਹਾਂ? ਜੇਕਰ ਉੱਤਰ "ਹਾਂ" ਵਿਚ ਮਿਲੇ ਤਾਂ ਜਾਣ ਲਉ ਸਾਡੇ ਵਕਾਰ ਨੂੰ ਕੋਈ ਧੱਕਾ ਨਹੀਂ ਲੱਗਾ। ਪਰ, ਜੇ ਅਸੀਂ ਨਿਰੁੱਤਰ ਹੋ ਗਏ ਹਾਂ, ਜੇ ਸਾਡੀਆਂ ਅੱਖਾਂ ਸ਼ਰਮ ਨਾਲ ਝੁਕ ਗਈਆਂ ਹਨ ਤਾਂ ਸਾਡੇ ਵਕਾਰ ਨੂੰ ਅਵੱਸ਼ ਧੱਕਾ ਲਗਾ ਹੈ। ਜੇਕਰ ਅਸੀਂ ਇਸ ਪ੍ਰਸ਼ਨ ਦਾ ਉਤਰ "ਨਹੀਂ" ਵਿਚ ਦੇਣੋਂ ਵੀ ਸੰਗ ਰਹੇ ਹਾਂ ਤਾਂ ਸਮਝੋ, ਅਸੀਂ ਸੱਚ ਦੀ ਅੱਖ ਵਿਚ ਝਾਕਣ ਤੋਂ ਡਰਦੇ ਹਾਂ। ਪਰ ਸੱਚ ਦੀ ਅੱਖ ਵਿਚ ਝਾਕੇ ਬਿਨਾਂ ਇਸ ਦਰਦਨਾਕ ਅਵੱਸਥਾ ਦਾ ਹੱਲ ਕਿਵੇਂ ਲਭ ਸਕਦਾ ਹੈ?

ਅਸੀਂ ਤਾਂ ਐਵੇਂ ਫੋਕੀਆਂ ਫੜਾਂ ਮਾਰਦੇ ਫਿਰਦੇ ਹਾਂ। ਪਿਛਲੇ ਦੋ ਦਹਾਕਿਆਂ ਦਾ ਅਕਾਲੀ ਇਤਿਹਾਸ ਵੇਖੋ। ਸਿਵਾਏ ਧਮਕੀਆਂ ਦੇਣ ਦੇ ਅਸਾਂ ਕੀਤਾ ਕੀ ਹੈ? ਤੇ ਧਮਕੀਆਂ ਕਿਹੜੇ ਬਲ ਬੋਤੇ ਤੇ? ਅੰਦਰੋਂ ਖੋਖਲੇ ਹੋਏ ਪਏ ਸਾਂ। ਸਾਡੇ ਵਿਚੋਂ ਹਰਿਕ ਵਿਕਾਊ-ਮਾਲ ਬਣਿਆ ਖਲੋਤਾ ਸੀ। ਪੰਥ ਦੀਆਂ ਜੜ੍ਹਾਂ ਭਾਵੇਂ ਦੇਸ਼ਾਂ-ਪ੍ਰਦੇਸ਼ਾਂ ਵਿਚ ਲਗ ਗਈਆਂ ਹਨ, ਪਰ ਅਕਾਲੀ ਨੇਤਾ ਪੰਜਾਬ ਦੀ ਚੀਫ਼ ਮਨਿਸਟਰੀ ਤੋਂ ਅਗੇ ਕੁਝ ਦੂਰ ਸੋਚਣ ਦੀ ਸਮਰੱਥਾ ਨਹੀਂ ਰਖਦੇ। ਮੈਨੂੰ ਇਕ ਅਕਾਲੀ ਨੇਤਾ ਬਾਰੇ ਕਿਸੇ ਨੇ ਦਸਿਆ ਕਿ ਉਹ ਕੇਂਦਰ ਦੇ ਇਕ ਰਾਜ-ਮੰਤਰੀ ਨੂੰ ਕਹਿਣ ਲਗੇ, "ਭਾ ਜੀ, ਤੁਸੀਂ ਸਾਨੂੰ ਮੁਖ ਮੰਤਰੀ ਬਣਵਾ ਦਿਉ, ਫਿਰ ਜਿਸ ਥਾਂ ਕਹੋਗੇ ਦਸਖ਼ਤ ਕਰ ਦਿਆਂਗੇ।" ਅਜ ਅਸੀਂ ਕੁਰਸੀ ਦੇ ਭੁਖੇ ਹਾਂ। ਕੁਰਸੀ ਖ਼ਾਤਰ ਸਾਡੇ ਇਕ ਮੁਖ ਮੰਤਰੀ ਨੇ ਚੰਡੀਗੜ੍ਹ ਛਡਣਾ ਮਨਜ਼ੂਰ ਕਰ ਲਿਆ। ਪਿਛੋਂ ਕੁਰਸੀ ਵੀ ਨਾ ਰਹੀ। ਹਰ-ਦੋ-ਲਾਹਨਤ ਵਾਲੀ ਗੱਲ ਹੋ ਗਈ। ਕੁਰਸੀ ਦੀ ਭੁਖ ਨੇ ਸਾਨੂੰ ਭੁਲਾ ਦਿਤਾ ਹੈ ਕਿ ਅਸੀਂ ਉਹਨਾਂ ਦੀ ਸੰਤਾਨ ਹਾਂ ਜਿਨ੍ਹਾਂ ਨਵਾਬੀਆਂ ਨੂੰ ਜੁੱਤੀ ਦੀ ਨੋਕ ਤੇ ਰਖਿਆ ਸੀ।

ਅਜ ਅਸੀਂ ਕਾਂਗਰਸ ਪਾਰਟੀ ਉਤੇ ਭ੍ਰਿਸ਼ਟਾਚਾਰ ਦਾ ਅਰੋਪ ਲਗਾਉਂਦੇ ਹਾਂ, ਲਾਉਣਾ ਵੀ ਚਾਹੀਦਾ ਹੈ। ਪਰ ਮੈਂ ਪੁਛਣਾ ਚਾਹੁੰਦਾ ਹਾਂ, ਕੀ ਅਕਾਲੀ ਸਰਕਾਰਾਂ ਅਜਿਹੇ ਆਰੋਪ ਤੋਂ ਬਰੀ ਸਨ?

ਅਜ ਅਸੀਂ ਕ੍ਰੋਧ ਨਾਲ ਹੁਰਲ ਹੁਰਲ ਕਰਦੇ ਫਿਰਦੇ ਹਾਂ। ਕਹਿੰਦੇ ਹਾਂ ਕਿ ਕੌਮ ਦਾ ਵਕਾਰ ਜ਼ਖਮੀ ਹੈ।

[ਬਾਕੀ ਸਫ਼ਾ ੨੨ ਹੇਠ]

---

*ਇਹ ਵਾਰਤਾ ਬਟਾਲੇ ਦੇ ਇਲਾਕੇ ਵਿਚ "ਬਾਬਾ ਸਾਹਿਬ ਸਿੰਘ, ਦੀਨ ਮੁਹੰਮਦ ਤੇ ਨੂਰੇ ਦੀ ਵਾਰ" ਕਰਕੇ ਗਾਈ ਜਾਂਦੀ ਰਹੀ ਹੈ।



www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ (੨੫)

ਜੈਸੇ ਤਉ ਮਜੀਠ ਬਸੁਧਾ ਸੈ ਖੋਦਿ ਕਾਢੀਅਤ,
ਅੰਬਰ ਸੁਰੰਗ ਭਏ, ਸੰਗੁ ਨ ਤਜਤ ਹੈ ॥
ਜੈਸੇ ਤਉ ਕਸੁੰਭ ਤਜਿ ਮੂਲੁ ਫੂਲ ਆਨੀਅਤ,
ਜਾਨੀਅਤ ਸੰਗੁ ਛਾਡਿ ਤਾਹੀ ਤੇ ਭਜਤ ਹੈ ॥
ਅਰਧ ਉਰਧ ਮੁਖ ਸਲਿਲ ਸੂਚੀ ਸੁਭਾਉ,
ਤਾਂ ਤੇ ਸੀਤ ਤਪਤ ਮਲ ਅਮਲ ਸਜਤ ਹੈ ॥
ਗੁਰਮਤਿ ਦੁਰਮਤਿ ਊਚ ਨੀਚ ਨੀਚ ਊਚ,
ਜੀਤ ਹਾਰ ਹਾਰ ਜੀਤ ਲਜਾ ਨ ਲਜਤ ਹੈ ॥੧੩੬॥

**ਪਦ ਅਰਥ** : ਬਸੁਧਾ–ਧਰਤੀ। ਸੈ–ਤੋਂ, ਵਿਚੋਂ। ਖੋਦਿ–ਪੁਟ ਕੇ। ਅੰਬਰ–ਕਪੜੇ। ਸੁਰੰਗ ਭਏ–ਸੋਹਣੇ ਰੰਗ ਵਾਲੇ ਹੋ ਜਾਂਦੇ ਹਨ। ਸੰਗੁ–ਸਾਥ। ਮੂਲੁ–ਮੁਢ। ਜਾਨੀਅਤ–ਜਾਣਿਆ ਜਾਂਦਾ ਹੈ। ਤਾਹੀ ਤੇ–ਇਸੇ ਕਰਕੇ। ਅਰਧ–ਹੇਠ। ਉਰਧ–ਉਪਰ। ਮੁਖ–ਮੂੰਹ, ਰੁਖ਼। ਸਲਿਲ–ਪਾਣੀ। ਸੂਚੀ–ਅੱਗ। ਸੀਤ ਤਪਤ–ਠੰਢਾ ਤੱਤਾ। ਮਲ–ਮੈਲ, ਕਾਲਖ। ਅਮਲ–ਮੈਲ ਤੋਂ ਬਿਨਾਂ। ਗੁਰਮਤਿ–ਗੁਰੂ ਦੀ ਮਤਿ। ਦੁਰਮਤਿ–ਖੋਟੀ ਮਤਿ। ਲਜਾ–ਲਜਿਆ, ਸ਼ਰਮ। ਲਜਤ–ਸਰਮ, ਲਜਿਆ ਵਾਲਾ ਹੋਣਾ।

**ਅਰਥ** : ਜਿਵੇਂ ਮਜੀਠ (ਹੇਠਾਂ, ਨਿਵਾਣ) ਧਰਤੀ ਵਿਚੋਂ ਪੁਟ ਕੇ ਕਢੀਦੀ ਹੈ, ਉਸ ਨਾਲ (ਰੰਗੀਜ ਕੇ) ਕਪੜੇ ਸੋਹਣੇ ਰੰਗ ਵਾਲੇ ਹੋ ਜਾਂਦੇ ਹਨ ਅਤੇ ਮਜੀਠ ਆਪਣਾ ਰੰਗ ਛਡਦੀ ਨਹੀਂ, ਭਾਵ, ਮਜੀਠੀ ਰੰਗ ਕਦੇ ਉਤਰਦਾ ਨਹੀਂ।

ਜਿਵੇਂ ਕਸੁੰਭਾ (ਰੰਗ) ਮੁਢ ਛਡ ਕੇ (ਉਪਰ) ਫੁੱਲਾਂ ਵਿਚ ਆ ਜਾਂਦਾ ਹੈ, ਇਸ ਕਰਕੇ ਜਾਣਿਆ ਜਾਂਦਾ ਹੈ ਕਿ (ਉਸ ਦਾ ਰੰਗ ਕਪੜਿਆਂ ਦਾ) ਸਾਥ ਛਡ ਕੇ ਭਜ ਜਾਣ ਵਾਲਾ ਹੈ, ਭਾਵ, ਕਸੁੰਭਾ ਰੰਗ ਕੱਚਾ ਹੋਣ ਕਰਕੇ ਛੇਤੀ ਉਤਰ ਜਾਂਦਾ ਹੈ।

(ਜਿਵੇਂ) ਪਾਣੀ ਦਾ ਰੁਖ਼ ਨਿਵਾਣ ਵਲ ਅਤੇ ਅੱਗ ਦਾ ਮੂੰਹ ਉਚਾਣ ਵਲ ਜਾਣ ਦੇ ਸੁਭਾਅ ਵਾਲਾ ਹੋਣ ਕਰਕੇ, ਪਾਣੀ ਸੀਤਲ ਤੇ ਮੈਲ ਰਹਿਤ, ਪਰ ਅੱਗ ਤੱਤੀ ਤੇ ਕਾਲਖ ਵਾਲੀ ਹੁੰਦੀ ਹੈ।

(ਜਿਵੇਂ) ਗੁਰੂ ਦੀ ਮਤਿ ਨੀਵੇਂ ਨੂੰ ਉਚਾ ਕਰਦੀ ਅਤੇ ਹਾਰ ਨੂੰ ਜਿਤ ਵਿਚ ਬਦਲਦੀ ਹੈ, ਪਰ ਖੋਟੀ ਮਤਿ ਉਚੇ ਨੂੰ ਨੀਵਾਂ ਕਰਦੀ ਅਤੇ ਜਿਤ ਨੂੰ ਹਾਰ ਵਿਚ ਬਦਲ ਦਿੰਦੀ ਹੈ। ਨੀਵੀਂ ਮਤਿ ਕਾਰਨ ਕੋਈ ਲੱਜਾ ਜਾਂ ਸ਼ਰਮ-ਹਯਾ ਨਹੀਂ ਰਹਿੰਦੀ, ਪਰ ਗੁਰਮਤਿ ਧਾਰਨ ਕੀਤਿਆਂ ਲਜਿਆ ਵਾਲਾ ਬਣੀਦਾ ਹੈ।੧੩੬।

ਗੁਰਮੁਖਿ ਸਾਧ ਸੰਗੁ ਸਬਦ ਸੁਰਤਿ ਲਿਵ,
ਪੂਰਨ ਬ੍ਰਹਮ ਸਰਬਾਤਮ ਕੈ ਜਾਨੀਐ ॥
ਸਹਜ ਸੁਭਾਇ ਰਿਦੈ ਭਾਵਨੀ ਭਗਤਿ ਭਾਇ,
ਬਿਹਸਿ ਮਿਲਨ ਸਮ ਦਰਸ ਧਿਆਨੀਐ ॥
ਨਿੰਮ੍ਰਤਾ ਨਿਵਾਸ ਦਾਸ ਦਾਸਨ ਦਾਸਾਨ ਮਤਿ,
ਮਧੁਰ ਬਚਨ ਮੁਖਿ ਬੇਨਤੀ ਬਖਾਨੀਐ ॥
ਪੂਜਾ ਪ੍ਰਾਨ ਗਿਆਨ ਗੁਰ ਆਗਿਆਕਾਰੀ ਅਗ੍ਰਭਾਗ,
ਆਤਮ ਅਵੇਸ ਪਰਮਾਤਮ ਨਿਧਾਨੀਐ ॥੧੩੭॥



www.AKJ.Org

**ਪਦ ਅਰਥ** : ਸਾਧ ਸੰਗੁ–ਸਾਧੂ-ਸਤਿਗੁਰੂ ਦਾ ਸੰਗ । ਸਰਬਾਤਮ ਮੈ–ਸਾਰੀਆਂ ਆਤਮਾ ਵਿਚ, ਸਾਰੇ ਪ੍ਰਾਣੀਆਂ ਵਿਚ । ਭਾਵਨੀ–ਸ਼ਰਧਾ । ਭਗਤਿ ਭਾਇ–ਪ੍ਰੇਮਾ ਭਗਤੀ । ਬਿਹਸਿ–ਹੱਸ ਹੱਸ ਕੇ । ਸਮ ਦਰਸ–ਇਕ-ਸਮਾਨ ਵੇਖਣਾ । ਦਾਸ ਦਾਸਨ ਦਾਸਾਨ–ਦਾਸਾਂ ਦੇ ਦਾਸਾਂ ਦੇ ਦਾਸ । ਮਧੁਰ–ਮਿੱਠੇ । ਬਖਾਨੀਐ–ਆਖੀਦਾ ਹੈ । ਪੂਜਾ ਪ੍ਰਾਨ–ਸਵਾਸ ਸਵਾਸ ਸਿਮਰਨ ਕਰਨਾ । ਗਿਆਨ ਗੁਰ–ਗੁਰੂ ਦ੍ਰਿੜ੍ਹਾਇਆ ਗਿਆਨ, ਨਾਮ-ਸਿਮਰਨ ਦੀ ਜੁਗਤੀ । ਅਗ੍ਰਭਾਗ–ਸਾਹਮਣੇ, ਸਨਮੁਖ । ਅਵੇਸ–ਆਵੇਸ਼, ਪ੍ਰਵੇਸ਼, ਲਿਵਲੀਨ । ਪਰਮਾਤਮ ਨਿਧਾਨੀਐ–ਸਰਬ ਸੁਖਾਂ ਦਾ ਖਜ਼ਾਨਾ ਵਾਹਿਗੁਰੂ ।

**ਅਰਥ** : ਗੁਰਮੁਖ, ਸਾਧੂ-ਸਤਿਗੁਰੂ ਦਾ ਸੰਗ ਕਰ ਕੇ, ਗੁਰੂ ਦੇ ਬਖ਼ਸ਼ੇ ਸ਼ਬਦ ਨੂੰ ਸੁਰਤਿ ਵਿਚ ਪ੍ਰੋਂਦਾ ਹੈ, ਲਿਵ ਲਾਂਦਾ ਹੈ ਅਤੇ ਪੂਰਨ ਬ੍ਰਹਮ (ਵਾਹਿਗੁਰੂ) ਨੂੰ ਸਭਨਾਂ ਜੀਆਂ ਵਿਚ ਵਸਦਾ ਵੇਖਦਾ ਹੈ ।

(ਗੁਰਮੁਖ ਜਨ ਗੁਰੂ-ਪਰਮੇਸ਼ਰ ਲਈ) ਸੁਤੇ ਸੁਭਾਅ ਹੀ ਹਿਰਦੇ ਵਿਚ ਸ਼ਰਧਾ ਤੇ ਪ੍ਰੇਮਾ ਭਗਤੀ ਧਾਰੀ ਰਖਦਾ ਹੈ ਤੇ ਸਭਨਾਂ ਨੂੰ ਸਮਾਨ ਦ੍ਰਿਸ਼ਟੀ ਨਾਲ ਵੇਖਦਾ ਅਤੇ ਹੱਸ ਹੱਸ ਮਿਲਦਾ ਹੈ ।

(ਸਤਿਗੁਰੂ ਦੇ ਸਨਮੁਖ ਰਹਿਣ ਵਾਲੇ ਗੁਰਸਿਖ ਦੇ ਹਿਰਦੇ ਵਿਚ) ਨਿਮਰਤਾ ਵਸਦੀ ਹੈ ਅਤੇ ਦਾਸਾਂ ਦੇ ਗੋਲੇ ਹੋਣ ਵਾਲੀ ਬੁਧੀ ਹੁੰਦੀ ਹੈ । (ਉਹ ਜਦ ਬੋਲਦਾ ਹੈ ਤਾਂ) ਬੇਨਤੀ ਭਾਵ ਵਿਚ ਮੂੰਹੋਂ ਮਿੱਠੇ ਬਚਨ ਹੀ ਉਚਾਰਦਾ ਹੈ ।

(ਗੁਰਮੁਖ) ਸਤਿਗੁਰੂ ਦੇ ਦ੍ਰਿੜ੍ਹਾਏ ਗਿਆਨ ਸਦਕਾ ਸਵਾਸ ਸਵਾਸ ਸਿਮਰਨ ਕਰਦਾ ਹੈ ਅਤੇ ਆਗਿਆਕਾਰੀ ਹੋ ਕੇ ਸਦਾ ਗੁਰੂ ਦੇ ਸਨਮੁਖ ਰਹਿੰਦਾ ਹੈ, (ਭਾਵ, ਗੁਰ-ਸੇਵਾ ਕਮਾਉਣ ਲਈ ਤਤਪਰ ਹੁੰਦਾ ਹੈ) ਇਉਂ ਉਸ ਦੀ ਆਤਮਾ ਸਰਬ ਸੁਖਾਂ ਦੇ ਖ਼ਜ਼ਾਨੇ ਵਾਹਿਗੁਰੂ ਵਿਚ ਲਿਵਲੀਨ ਰਹਿੰਦੀ ਹੈ ।੧੩੭।

**ਸਤਿ ਰੂਪ ਸਤਿ ਨਾਮ ਸਤਿਗੁਰ ਗਿਆਨ ਧਿਆਨ,**
**ਸਤਿਗੁਰ ਮਤਿ ਸੁਨਿ ਸਤਿ ਕਰਿ ਮਾਨੀ ਹੈ ॥**
**ਦਰਸ ਧਿਆਨਿ ਸ਼ਮਦਰਸੀ ਬ੍ਰਹਮ ਧਿਆਨੀ,**
**ਸਬਦ ਗਿਆਨਿ ਗੁਰੁ ਬ੍ਰਹਮ ਗਿਆਨੀ ਹੈ ॥**
**ਗੁਰਮਤਿ ਨਿਹਚਲ ਪੂਰਨ ਪ੍ਰਗਾਸ ਰਿਦੈ,**
**ਮਾਨੈ ਮਨ ਮਾਨੈ ਉਨਮਨ ਉਨਮਾਨੀ ਹੈ ॥**
**ਬਿਸਮੈ ਬਿਸਮ ਅਸਚਰਜੈ ਅਸਚਰਜ - ਮੈ,**
**ਅਦਭੁਤ ਪਰਮਦਭੁਤ ਗਤਿ ਠਾਨੀ ਹੈ ॥੧੩੮॥**

**ਪਦ ਅਰਥ**–ਸਤਿ–ਸਦਾ ਸਥਿਰ । ਸਤਿ ਕਰਿ ਮਾਨੀ–ਸਤਿ ਸਤਿ ਕਰਕੇ ਮੰਨਣਾ, ਮਨ-ਬਾਣੀ-ਕਰਮਾਂ ਕਰਕੇ ਅਮਲ ਕਰਨਾ । ਸਮਦਰਸੀ–ਸਭਨਾਂ ਨੂੰ ਇਕ-ਸਮਾਨ ਵੇਖਣ ਵਾਲੀ । ਨਿਹਚਲ–ਅਟੱਲ, ਅਡੋਲ । ਉਨਮਨ –ਉਚ ਆਤਮਕ ਅਵਸਥਾ । ਉਨਮਾਨੀ–ਸਮਝੀ, ਜਾਣੀ । ਬਿਸਮੈ ਬਿਸਮ–ਅਲੌਕਿਕ ਤੋਂ ਅਲੌਕਿਕ । ਅਸਚਰਜੈ ਅਸਚਰਜ-ਮੈ–ਅਸਚਰਜ ਤੋਂ ਅਸਚਰਜ ਰੂਪ । ਪਰਮਦਭੁਤ–ਪਰਮ ਅਦਭੁਤ । ਗਤਿ–ਦਸ਼ਾ, ਅਵਸਥਾ । ਠਾਨੀ– ਬਣਦੀ ।

**ਅਰਥ** : ਸਦਾ ਸਥਿਰ ਰੂਪ ਅਤੇ ਸਦਾ ਸਥਿਰ ਨਾਮ ਵਾਲੇ ਵਾਹਿਗੁਰੂ ਦੇ ਗਿਆਨ ਅਤੇ ਧਿਆਨ (ਨਾਮ-ਸਿਮਰਨ ਦਾ ਦਾਤਾ) ਸਤਿਗੁਰੂ ਹੈ, (ਗੁਰਮੁਖ) ਸਤਿਗੁਰੂ ਦੀ ਇਹ ਸਿਖਿਆ ਸੁਣ ਕੇ ਮਨ ਬਾਣੀ ਕਰਮਾਂ ਕਰਕੇ ਕਮਾਉਂਦਾ ਹੈ ।

(ਸਤਿਗੁਰੂ ਦੇ) ਦਰਸ਼ਨ ਦੇ ਧਿਆਨ ਸਦਕਾ (ਗੁਰਮੁਖ) ਸਮਦਰਸੀ ਹੁੰਦਾ ਹੈ, ਭਾਵ, ਉਸ ਲਈ ਅਮੀਰ ਗਰੀਬ, ਉਚੇ ਨੀਵੇਂ ਇਕ-ਸਮਾਨ ਹੁੰਦੇ ਹਨ, (ਇਸ ਸਮਾਨ-ਦ੍ਰਿਸ਼ਟੀ ਕਰਕੇ ਉਹ) ਬ੍ਰਹਮ ਧਿਆਨੀ ਹੈ ਅਤੇ ਗੁਰ-ਸ਼ਬਦ ਦੇ ਗਿਆਨ (ਨਾਮ-ਸਿਮਰਨ) ਕਰਕੇ ਉਹ ਬ੍ਰਹਮ ਗਿਆਨੀ ਹੈ ।


www.AKJ.Org

ਸਤਿਗੁਰੂ ਦੀ ਦ੍ਰਿੜ੍ਹਾਈ ਸਿਖਿਆ ਪੂਰਨ ਤੇ ਅਡੋਲ (ਸਿਦਕ ਨਾਲ) ਕਮਾਉਣ ਸਦਕਾ (ਗੁਰਮੁਖ ਦੇ ਅੰਤਰ ਆਤਮੇ) ਪ੍ਰਕਾਸ਼ ਹੋ ਜਾਂਦਾ ਹੈ। (ਗੁਰੂ ਦੀ ਮਤਿ ਦ੍ਰਿੜ੍ਹ ਕਰਕੇ) ਮੰਨਣ ਨਾਲ ਉਸ ਦਾ ਮਨ ਪਤੀਜ ਜਾਂਦਾ ਹੈ ਅਤੇ ਉਹ ਉਚ ਆਤਮਕ ਅਵਸਥਾ ਦਾ ਜਾਣੂ ਹੋ ਜਾਂਦਾ ਹੈ, (ਭ੍ਰਾਵ, ਉਥੇ ਵਾਸਾ ਕਰ ਲੈਂਦਾ ਹੈ)।

(ਗੁਰਮੁਖ ਨੂੰ) ਅਲੌਕਿਕ ਤੋਂ ਅਲੌਕਿਕ, ਅਸਚਰਜ ਤੋਂ ਅਸਚਰਜ-ਰੂਪ, ਅਦਭੁਤ ਤੋਂ ਵੀ ਬਹੁਤ ਅਦਭੁਤ ਅਵਸਥਾ ਪ੍ਰਾਪਤ ਹੋ ਜਾਂਦੀ ਹੈ।੧੩੮।

ਪੂਰਨ ਪਰਮ ਜੋਤਿ ਸਤਿਗੁਰ ਸਤਿ ਰੂਪ,
ਪੂਰਨ ਗਿਆਨ ਸਤਿਗੁਰ ਸਤਿਨਾਮ ਹੈ।
ਪੂਰਨ ਜੁਗਤਿ ਸਤਿ ਸਤਿ ਗੁਰਮਤਿ ਰਿਦੈ,
ਪੂਰਨ ਸੁ ਸੇਵ ਸਾਧ ਸੰਗਤਿ ਬਿਸ੍ਰਾਮ ਹੈ॥
ਪੂਰਨ ਪੂਜਾ ਪਦਾਰਬਿੰਦ ਮਧੁਕਰ ਮਨ,
ਪ੍ਰੇਮ-ਰਸ ਪੂਰਨ ਹੁਇ ਕਾਮ ਨਿਹਕਾਮ ਹੈ॥
ਪੂਰਨ ਬ੍ਰਹਮ ਗੁਰ ਪੂਰਨ ਪਰਮਨਿਧਿ,
ਪੂਰਨ ਪ੍ਰਗਾਸ ਬਿਸਮ ਸਥਲ ਧਾਮ ਹੈ॥੧੩੯॥

**ਪਦ ਅਰਥ** : ਸਤਿ—ਸੱਚ, ਸਦਾ ਸਥਿਰ। ਸੁ ਸੇਵ—ਉਤਮ ਸੇਵਾ। ਬਿਸ੍ਰਾਮ—ਟਿਕਾਣਾ, ਵਾਸਾ। ਪਦਾਰ-ਬਿੰਦ—ਪਦ ਅਰਬਿੰਦ, ਚਰਨ ਕੰਵਲ। ਮਧੁਕਰ—ਭੌਰਾ। ਕਾਮ ਨਿਹਕਾਮ—ਕਾਮਨਾ ਤੋਂ ਨਿਸ਼ਕਾਮ। ਪਰਮ ਨਿਧਿ—ਮਹਾਨ ਖਜ਼ਾਨਾ। ਸਥਲ—ਅਸਥਾਨ। ਧਾਮ—ਘਰ।

**ਅਰਥ** : ਪਰਮ ਜੋਤੀ ਵਾਹਿਗੁਰੂ ਦਾ ਪੂਰਨ ਤੇ ਸੱਚਾ ਸਰੂਪ ਸਤਿਗੁਰੂ ਹੈ ਅਤੇ (ਗੁਰਸਿੱਖਾਂ ਨੂੰ ਪ੍ਰਾਪਤ) ਸਤਿ ਸਰੂਪ ਨਾਮ ਦੀ ਬਖ਼ਸ਼ਸ਼, ਸਤਿਗੁਰੂ ਦਾ ਪੂਰਨ ਗਿਆਨ ਹੈ।

ਸੱਚੇ ਸਤਿਗੁਰੂ ਦੇ ਦ੍ਰਿੜ੍ਹਾਏ ਸਤਿ ਸਰੂਪ ਨਾਮ ਨੂੰ ਹਿਰਦੇ ਵਿਚ ਵਸਾਣਾ ਹੀ (ਨਾਮ ਦੀ) ਪੂਰਨ ਜੁਗਤੀ ਤੇ ਗੁਰੂ ਦੀ ਬਖ਼ਸ਼ੀ ਮਤਿ ਹੈ ਅਤੇ ਸਾਧ ਸੰਗਤ ਵਿਚ ਟਿਕਾਣਾ ਕਰਨਾ ਹੀ ਸਤਿਗੁਰੂ ਦੀ ਪੂਰੀ ਪੂਰੀ ਉਤਮ ਸੇਵਾ ਹੈ।

ਸਤਿਗੁਰੂ ਦੇ ਚਰਨ ਕਮਲਾਂ ਦੀ ਇਹੋ ਪੂਰਨ ਪੂਜਾ ਹੈ ਕਿ (ਚਰਨ-ਕਮਲਾਂ ਦਾ ਪ੍ਰੇਮੀ) ਭੌਰਾ-ਮਨ, ਗੁਰ-ਵਾਹਿਗੁਰੂ ਦੇ ਪ੍ਰੇਮ-ਰਸ ਨਾਲ ਭਰਪੂਰ ਹੋ ਕੇ ਕਾਮਨਾ ਤੋਂ ਨਿਸ਼ਕਾਮ ਹੋ ਜਾਂਦਾ ਹੈ।

ਸਭ ਤਰ੍ਹਾਂ ਦੇ ਸੁਖਾਂ ਦੇ ਭੰਡਾਰ ਪੂਰਨ ਬ੍ਰਹਮ (ਵਾਹਿਗੁਰੂ)ਦਾ ਸਰੂਪ ਸਤਿਗੁਰੂ ਹੈ। (ਸਤਿਗੁਰੂ ਤੋਂ ਪ੍ਰਾਪਤ ਨਾਮ-ਸਿਮਰਨ ਸਦਕਾ)ਜਿਸ ਹਿਰਦੇ-ਘਰ ਵਿਚ ਪੂਰਨ ਜੋਤੀ ਪ੍ਰਗਾਸਦੀ ਹੈ, ਉਹ ਹਿਰਦਾ-ਅਸਥਾਨ ਅਸਚਰਜ ਹੈ।੧੩੯।

ਦਰਸਨ ਜੋਤਿ ਕੋ ਉਦੋਤ ਅਸਚਰਜ-ਮੈ,
ਤਾ ਮੈ ਤਿਲ ਛਬਿ ਪਰਮਦਭੁਤ ਛਕਿ ਹੈ॥
ਦੇਖਬੇ ਕਉ ਦ੍ਰਿਸਟਿ ਨ ਸੁਨਿਬੇ ਕਉ ਸੁਰਤਿ ਹੈ,
ਕਹਿਬੇ ਕਉ ਜਿਹਬਾ ਨ ਗਿਆਨ ਮੈ ਉਕਤਿ ਹੈ॥
ਸੋਭਾ ਕੋਟਿ ਸੋਭ ਲੋਭ ਲੁਭਿਤ ਹੁਇ ਲੋਟ ਪੋਟ,
ਜਗਮਗ ਜੋਤਿ ਕੋਟਿ ਓਟ ਲੇ ਛਿਪਤ ਹੈ॥
ਅੰਗ ਅੰਗ ਪੇਖਿ ਮਨ ਮਨਸਾ ਥਕਤ ਭਈ,
ਨੇਤਿ ਨੇਤਿ ਨਮੋ ਨਮੋ ਅਤਿ ਹੂ ਤੇ ਅਤਿ ਹੈ॥੧੪੦॥

**ਪਦ ਅਰਥ** : ਉਦੋਤ—ਪ੍ਰਕਾਸ਼। ਅਸਚਰਜ ਮੈ—ਅਸਚਰਜ ਸਰੂਪ। ਤਿਲ—ਤਿਲ ਮਾਤ੍ਰ, ਥੋੜੀ ਜਿਹੀ। ਛਬਿ—ਸੁੰਦਰਤਾ। ਛਕਿ—ਸੋਭਾ। ਪਰਮਦਭੁਤ—ਪਰਮ ਅਦਭੁਤ, ਬਹੁਤ ਹੀ ਅਲੌਕਿਕ। ਦੇਖਬੇ ਕਉ—ਵੇਖਣ ਲਈ। ਦ੍ਰਿਸਟਿ—ਅੱਖਾਂ ਦੀ ਦ੍ਰਿਸ਼ਟੀ। ਸੁਰਤਿ—ਕੰਨਾਂ ਦੀ ਸੁਣਨ ਸ਼ਕਤੀ। ਕਹਿਬੇ ਕਉ—ਕਥਨ ਕਰਨ ਨੂੰ। ਜਿਹਬਾ—


www.AKJ.Org

ਜੀਭ । ਉਕਤ–ਦਲੀਲ । ਕੋਟਿ–ਕਰੋੜਾਂ । ਲੋਭ ਲੁਭਿਤ ਹੁਇ–ਲੁਭਾਇਮਾਨ ਹੋ ਕੇ । ਲੋਟ ਪੋਟ–ਮੋਹਿਤ । ਜਗਮਗ ਜੋਤਿ ਕੋਟਿ–ਕਰੋੜਾਂ ਜਗਮਗਾਉਂਦੀਆਂ ਜੋਤੀਆਂ । ਓਟ ਲੈ–ਪਰਦੇ ਵਿਚ ਹੋ ਕੇ । ਅੰਗ ਅੰਗ–ਹਰੇਕ ਝਲਕ । ਪੇਖਿ–ਵੇਖ ਕੇ, ਦਰਸ਼ਨ ਕਰਕੇ । ਮਨਸਾ–ਸੰਕਲਪ ਬ੍ਰਿਤੀ । ਨੇਤਿ–ਨਾ ਇਤੀ, ਨਹੀਂ ਹੈ ਇਸ ਜਿਹਾ, ਬੇਅੰਤ । ਨਮੋ- ਨਮਸਕਾਰ । ਅਤਿ ਹੂ ਤੇ ਅਤਿ -ਬਹੁਤ ਤੋਂ ਵੀ ਬਹੁਤ ।

**ਅਰਥ** : (ਸਤਿਗੁਰੂ ਦੇ ਦਿਬਯ) ਦਰਸ਼ਨਾਂ ਦੀ ਜੋਤੀ ਦਾ ਪ੍ਰਕਾਸ਼ ਅਸਚਰਜਤਾ ਭਰਿਆ ਹੈ । ਉਸ ਪ੍ਰਕਾਸ਼ ਦੀ ਤਿਲ ਮਾਤ੍ਰ ਸੁੰਦਰਤਾ ਦੀ ਸੋਭਾ ਬਹੁਤ ਅਲੋਕਿਕ ਤੇ ਹੈਰਾਨ ਕਰਨ ਵਾਲੀ ਹੈ ।

(ਦਿਬਯ-ਦਰਸ਼ਨ-ਜੋਤੀ ਦੀ ਸੁੰਦਰਤਾ ਨੂੰ) ਵੇਖਣ ਲਈ, ਨੇਤਰਾਂ ਵਿਚ ਦ੍ਰਿਸ਼ਟੀ ਨਹੀਂ, ਸੁਣਨ ਲਈ ਕੰਨਾਂ ਵਿਚ ਸੁਣਨ-ਸ਼ਕਤੀ ਨਹੀਂ, ਬਿਆਨ ਕਰਨ ਲਈ ਜੀਭ (ਵਿਚ ਉਹ ਸੱਤਾ) ਨਹੀਂ ਹੈ ਅਤੇ ਨਾ ਹੀ ਕਿਸੇ ਸੰਸਾਰਕ ਗਿਆਨ ਵਿਚ (ਉਸ ਰੂਪ ਨੂੰ ਦਸਣ ਲਈ) ਕੋਈ ਦਲੀਲ ਹੈ ।

ਕਰੋੜਾਂ ਹੀ ਸੋਭਾ (ਦਿਬਯ ਜੋਤੀ ਦੀ) ਸੋਭਾ ਲਈ ਲੁਭਾਇਮਾਨ ਹੋ ਕੇ ਲੋਟ ਪੋਟ ਹੋ ਜਾਂਦੀਆਂ ਹਨ ਅਤੇ ਕਰੋੜਾਂ ਹੀ ਜਗਮਗਾਉਂਦੀਆਂ ਜੋਤੀਆਂ (ਉਸ ਦਿਬਯ ਜੋਤੀ ਦੇ ਸਾਹਮਣੇ) ਪਰਦੇ ਵਿਚ ਲੁਕ ਜਾਂਦੀਆਂ ਹਨ ।

(ਉਸ ਦਿਬਯ ਜੋਤੀ ਦੀ) ਇਕ ਇਕ ਝਲਕ ਦੇ ਦਰਸ਼ਨ ਕਰ ਕੇ ਮਨ ਦੀ ਸੰਕਲਪ-ਬ੍ਰਿਤੀ ਥਕ ਜਾਂਦੀ ਹੈ, (ਭਾਵ, ਸੰਕਲਪ ਵਿਕਲਪ ਮੁਕ ਜਾਂਦੇ ਹਨ) । (ਜੋਤੀ ਦੀ ਸੋਭਾ) ਬੇਅੰਤ ਬੇਅੰਤ ਹੈ, ਅਤਿ ਹੀ ਅਲੋਕਿਕ ਤੋਂ ਵੀ ਅਲੋਕਿਕ ਹੈ, (ਤਾਂ ਤੇ ਉਸ ਨੂੰ) ਬਾਰੰਬਾਰ ਨਮਸਕਾਰ ਹੈ ।੧੪੦।

**ਛਬਿ ਕੈ ਅਨੇਕ ਛਬਿ ਸੋਭਾ ਕੈ ਅਨੇਕ ਸੋਭਾ,**
**ਜੋਤਿ ਕੈ ਅਨੇਕ ਜੋਤਿ, ਨਮੋ ਨਮੋ ਨਮ ਹੈ ॥**
**ਉਸਤਤਿ ਉਪਮਾ ਮਹਾਤਮ ਮਹਿਮਾ ਅਨੇਕ,**
**ਏਕ ਤਿਲ ਕਥਾ ਅਤਿ ਅਗਮ ਅਗਮ ਹੈ ॥**
**ਬੁਧਿ ਬਲ ਬਚਨ ਬਿਬੇਕ ਜਉ ਅਨੇਕ ਮਿਲੇ.**
**ਏਕ ਤਿਲ ਆਦਿ ਬਿਸਮਾਦਿ ਕੈ ਬਿਸਮ ਹੈ ॥**
**ਏਕ ਤਿਲ ਕੇ ਅਨੇਕ ਭਾਂਤਿ ਨਿਹਕ੍ਰਾਂਤਿ ਭਈ,**
**ਅਬਿਗਤਿ ਗਤਿ ਗੁਰ ਪੂਰਨ ਬ੍ਰਹਮ ਹੈ ॥੧੪੧॥**

**ਪਦ ਅਰਥ**: ਛਬਿ–ਸੁੰਦਰਤਾ, ਕ੍ਰਾਂਤੀ । ਨਮੋ–ਨਮਸਕਾਰ । ਮਹਾਤਮ–ਫਲ । ਕਥਾ–ਵਾਰਤਾ, ਵਰਨਣ । ਅਗਮ–ਪਹੁੰਚ ਤੋਂ ਪਰੇ । ਬਚਨ–ਕਹਿਣ-ਸ਼ਕਤੀ । ਬਿਬੇਕ–ਗਿਆਨ । ਜਉ–ਜੇ । ਆਦਿ–ਅਰੰਭਕ (ਦਰਸ਼ਨ) । ਬਿਸਮਾਦਿ–ਅਸਚਰਜਤਾ । ਬਿਸਮ–ਵਿਸਮਾਦ, ਅਚੰਭਾ, ਹੈਰਾਨਗੀ । ਨਿਹਕ੍ਰਾਂਤਿ–ਕ੍ਰਾਂਤੀ ਹੀਣ, ਫਿਕੀ । ਅਬਿਗਤਿ–ਨਾ ਜਾਣੀ ਜਾਣ ਵਾਲੀ । ਗਤਿ–ਅਵਸਥਾ, ਮਹਿਮਾ ।

**ਅਰਥ** : (ਸਤਿਗੁਰੂ ਦੇ ਦਿਬਯ ਜੋਤੀ ਸਰੂਪ ਦੀ) ਕ੍ਰਾਂਤੀ ਨੂੰ ਅਨੇਕਾਂ ਕ੍ਰਾਂਤੀਆਂ, ਸੋਭਾ ਨੂੰ ਅਨੇਕਾਂ ਸੋਭਾ ਅਤੇ ਜੋਤੀ ਨੂੰ ਅਨੇਕਾਂ ਜੋਤੀਆਂ ਬਾਰੰਬਾਰ ਨਮਸਕਾਰ ਕਰਦੀਆਂ ਹਨ ।

ਅਨੇਕਾਂ ਉਸਤਤਾਂ, ਅਨੇਕਾਂ ਉਪਮਾ, ਅਨੇਕਾਂ ਮਹਾਤਮ ਅਤੇ ਅਨੇਕਾਂ ਮਹਿਮਾ ਕਰਨੀਆਂ, (ਸਤਿਗੁਰੂ ਦੀ) ਇਕ ਤਿਲ ਜਿੰਨੀ ਸੋਭਾ ਦਾ ਵਰਨਣ ਵੀ ਇਨ੍ਹਾਂ ਤੋਂ ਬਹੁਤ ਪਰੇ ਤੋਂ ਪਰੇ ਹੈ ।

ਜੇ ਅਨੇਕਾਂ ਬੁਧੀਆਂ, ਬਲ, ਕਹਿਣ-ਸ਼ਕਤੀਆਂ ਅਤੇ ਲੋਕਿਕ ਗਿਆਨ ਮਿਲ ਜਾਣ ਤਾਂ (ਸਤਿਗੁਰੂ ਦੇ) ਇਕ ਤਿਲ ਮਾਤਰ ਅਰੰਭਕ (ਦਰਸ਼ਨ ਦੀ ਝਲਕ) ਤੋਂ ਹੀ ਅਸਚਰਜਤਾ ਵਿਚ ਹੈਰਾਨ ਹੋ ਹੋ ਜਾਂਦੇ ਹਨ ।

(ਸਤਿਗੁਰੂ ਦੇ ਦਿਬਯ ਜੋਤੀ ਦਰਸ਼ਨ ਦੀ ਅਲੋਕਿਕ ਸੋਭਾ ਦੀ) ਇਕ ਤਿਲ ਮਾਤਰ ਝਲਕ ਦੇ ਸਾਹਮਣੇ ਅਨੇਕ ਤਰ੍ਹਾਂ ਦੀਆਂ ਕ੍ਰਾਂਤੀਆਂ ਕ੍ਰਾਂਤੀਹੀਣ (ਫਿਕੀਆਂ) ਹੋ ਜਾਂਦੀਆਂ ਹਨ । ਇਉਂ ਪੂਰਨ ਬ੍ਰਹਮ ਵਾਹਿਗੁਰੂ ਸਰੂਪ ਸਤਿਗੁਰੂ ਦੀ ਮਹਿਮਾ ਸਮਝ ਤੋਂ ਪਰੇ ਹੈ, ਭਾਵ, ਬੇਅੰਤ ਹੈ ।੧੪੧।


www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ ਮੁਗਲਾਂ ਜ਼ਹਿਰ ਪਿਆਲੇ ਪੀਤੇ (੩੭)

[ ਕੈਪਟਿਨ ਸਵਰਨ ਸਿੰਘ ਜੀ ]

## ਨਾਦਰ ਸ਼ਾਹ ਦਾ ਦਿੱਲੀ ਤੇ ਹਮਲਾ, ਲੁਟ, ਕਤਲਾਮ ਤੇ ਵਾਪਸੀ–

ਨਾਦਰ ਸ਼ਾਹ ਅਫ਼ਗਾਨਿਸਤਾਨ, ਜੋ ਉਸ ਸਮੇਂ ਹਿੰਦੁਸਤਾਨ ਦਾ ਇਕ ਪਰਾਂਤ ਸੀ, ਨੂੰ ਮਾਰ ਕੇ ਸਿੰਧ ਦਰਿਆ ਟੱਪਿਆ। ਉਹ ਮਾਰੋ ਮਾਰ ਕਰਦਾ ਹੋਇਆ ਲਾਹੌਰ ਤਕ ਆ ਗਿਆ। ਏਥੋਂ ਦੇ ਸੂਬੇਦਾਰ ਖਾਨ ਬਹਾਦਰ ਜ਼ਕਰੀਆ ਖਾਨ ਨੇ ਉਸ ਨੂੰ ਕੀ ਰੋਕ ਲੈਣਾ ਸੀ ! ਮਾਮੂਲੀ ਝੜਪ ਤੋਂ ਬਾਅਦ ਅਧੀਨਗੀ ਪਰਵਾਨ ਕਰ ਲਈ, ਉਸ ਨੂੰ ਮੂੰਹ-ਮੰਗਿਆ ਤਾਵਾਨ ਦੇਣਾ ਕਰਕੇ ਆਪਣੀ ਗਵਰਨਗੀ ਬਚਾ ਲਈ। ਨਾਦਰ ਕੁਝ ਦਿਨ ਲਾਹੌਰ ਟਿਕਿਆ, ਲੋੜੀਂਦਾ ਘਾਹ ਦਾਣਾ ਇਕੱਠਾ ਕਰ ਕੇ ਦਿੱਲੀ ਮਾਰਨ ਲਈ ਚੜ੍ਹ ਪਿਆ। ਹਿੰਦੁਸਤਾਨ ਤੇ ਖ਼ਾਸ ਕਰ ਦਿੱਲੀ ਦੀ ਬਦ-ਕਿਸਮਤੀ, ਕਿ ਇਸ ਵੇਲੇ ਮੁਗਲ ਬਾਦਸ਼ਾਹਾਂ ਵਿਚੋਂ ਸਭ ਤੋਂ ਕਮਜ਼ੋਰ, ਨਾਲਾਇਕ, ਅਯਾਸ਼, ਆਲਸੀ ਤੇ ਪਰਲੇ ਦਰਜੇ ਦਾ ਅਫ਼ੀਮੀ ਸ਼ਖਸ ਮੁਹੰਮਦ ਸ਼ਾਹ ਰੰਗੀਲਾ ਦਿਲੀ ਦੇ ਤਖ਼ਤ ਉਤੇ ਬਿਰਾਜਮਾਨ ਸੀ। ਖ਼ਬਰ ਪੁੱਜੀ ਕਿ ਨਾਦਰ ਸ਼ਾਹ ਦੁਰਾਨੀ ਨੇ ਕਾਬਲ ਕੰਧਾਰ ਮਾਰ ਲਿਆ ਹੈ।[੧] ਸੁਣ ਕੇ ਦਿਲੀ ਦੇ ਤਾਜਦਾਰ ਨੇ ਖਬਰ ਦੇਣ ਵਾਲੇ ਵਲ ਇੰਜ ਵੇਖਿਆ ਜਿਵੇਂ ਕੋਈ ਖ਼ੁਸ਼ਖ਼ਬਰੀ ਦੇਣ ਵਾਲੇ ਵੱਲ ਤੱਕੇ। ਫਿਰ ਤੇਜ਼ ਰਫਤਾਰ ਸਾਹੋ ਸਾਹੀ ਹੋਏ ਹਰਕਾਰੇ ਨੇ ਇਤਲਾਅ ਦਿਤੀ ਕਿ ਨਾਦਰ ਸ਼ਾਹ ਨੇ ਲਾਹੌਰ ਜਿਤ ਲਿਆ ਹੈ ਤੇ ਦਿੱਲੀ ਨੂੰ ਕੂਚ ਕਰਨ ਦੀ ਤਿਆਰੀ ਵਿਚ ਜ਼ਰੂਰੀ ਸਾਮਾਨ ਤੇ ਰਸਦ ਪੱਠਾ ਇਕੱਤਰ ਕਰ ਰਿਹਾ ਹੈ। ਅਫ਼ੀਮੀ ਬਾਦਸ਼ਾਹ ਦੀ ਪੀਨਕ ਨਹੀਂ ਟੁੱਟੀ। ਜਦ ਅਮੀਰਾਂ ਮਿੰਨਤ ਸਮਾਜਤ ਕੀਤੀ ਕਿ 'ਹਜ਼ੂਰ ਦਾ ਇਕਬਾਲ ਬਲੰਦ ਰਵ੍ਹੇ, ਕੋਈ ਚਾਰਾ ਕਰੀਏ, ਧਾੜਵੀ ਚੜ੍ਹਿਆ ਆ ਰਿਹਾ ਹੈ।'' ਬਲੰਦ ਇਕਬਾਲ ਵਾਲੇ ਹਜ਼ੂਰ ਨੇ ਫ਼ੁਰਮਾਇਆ, "ਕੀ ਚਿੰਤਾ ਹੈ, ਆਫ਼ਤ ਦਿੱਲੀਓਂ ਬਹੁਤ ਦੂਰ ਹੈ।'' ਰੰਗ-ਰਲੀਆਂ ਜਾਰੀ ਰਹੀਆਂ। ਫਿਰ ਸੁਨਾਉਣੀ ਆਈ ਕਿ ਨਾਦਰ ਸਰਹਿੰਦ ਪਾਸ ਪੁਜ ਗਿਆ ਹੈ। ਬਾਦਸ਼ਾਹ ਟੱਸ ਤੋਂ ਮੱਸ ਨਹੀਂ ਹੋਇਆ। ਸਿਆਣੇ ਧਨੀ ਲੋਕ ਦਿੱਲੀਓਂ ਖਿਸਕਣੇ ਸ਼ੁਰੂ ਹੋ ਗਏ। ਇਸ ਦੀ ਖ਼ਬਰ ਬਾਦਸ਼ਾਹ ਨੂੰ ਮਿਲੀ ਤੇ ਉਸ ਨੇ ਸ਼ਹਿਰ ਦੇ ਚਾਰ ਚੁਫੇਰੇ ਚੌਕੀਆਂ ਬੈਠਾ ਦਿਤੀਆਂ ਕਿ ਕਿਸੇ ਨੂੰ ਸਹਿਰੋਂ ਨਿਕਲਣ ਨਹੀਂ ਦੇਣਾ। ਜੋ ਜਾ ਚੁਕੇ ਹਨ, ਫੜ ਕੇ ਵਾਪਸ ਲਿਆਂਦੇ ਜਾਣ।

ਅਮੀਰਾਂ ਵਜ਼ੀਰਾਂ ਦੇ ਵਾਵੇਲਾ ਮਚਾਉਣ ਤੇ ਜ਼ਿੱਲੇ-ਇਲਾਹੀ (ਰੱਬੀ ਪਰਛਾਵਾਂ) ਨੇ ਨਸ਼ੇ ਦੀ ਮਸਤੀ ਵਿਚ ਹੀ ਹੁਕਮ ਦਿਤਾ ਕਿ ਫੌਜ ਨੂੰ ਦਿੱਲੀਓਂ ਬਾਹਰ ਭੇਜੋ ਤੇ ਕਹੋ ਕਿ ਇਸ ਨੂੰ ਮਾਰ ਕੇ ਪਿਛਾਂਹ ਮੋੜ ਦੇਵੇ। ਜੇ ਕੁਝ ਮੰਗੇ ਤਾਂ ਦੇ-ਦਿਵਾ ਕੇ ਮਰਦੂਦ ਪਿਛਾਂਹ ਨੂੰ ਚਲਦਾ ਕਰੋ। ਹਾਂ, ਮਾ-ਬਦੌਲਤ ਨੂੰ ਐਵੇਂ ਖਾਹ ਮੁਖਾਹ ਪਰੇਸ਼ਾਨ ਨਾ ਕੀਤਾ ਜਾਵੇ। ਇਹ ਸ਼ਾਹੀ ਫ਼ੁਰਮਾਨ ਜਾਰੀ ਕਰ ਕੇ ਉੱਚੇ ਇਕਬਾਲ ਵਾਲੇ ਹਜ਼ੂਰ ਸ਼ਤਰੰਜ ਦੀ ਖੇਡ ਵਿਚ ਲੀਨ ਹੋ ਗਏ। ਡੂਮਾਂ, ਭੰਡਾਂ, ਨਚਣ ਗਾਉਣ ਵਾਲਿਆਂ ਨੇ ਮਜਲਸ ਜਾਰੀ ਰਖੀ। ਦਾਰੂ ਦੇ ਜਾਮ ਛਲਕਦੇ, ਛਕੀਦੇ ਤੇ ਡੁਲ੍ਹਦੇ ਰਹੇ।

ਸਿਆਣੇ ਸਹਿਰੀਆਂ ਹਾਲ ਦੁਹਾਈ ਮਚਾਈ। ਵਾਸਤੇ ਪਏ। ਲਖ ਤੋਂ ਵਧ ਫੌਜ ਟਾਕਰੇ ਲਈ ਬਾਹਰ ਨਿਕਲੀ। ਕਰਨਾਲ ਲਾਗੇ ਜਾ ਬੈਠੀ। ਤੋਪਖ਼ਾਨਾ ਵੀ ਸਾਥ ਸੀ। ਇਕ ਯੋਗ ਸਿਪਾਹ ਸਾਲਾਰ ਆਗੂ ਖਾਨ-ਇ-ਦੌਰਾਨ ਖਾਨ ਨਾਲ ਹੋਣ ਦੇ ਬਾਵਜੂਦ ਫੌਜ ਸਹਿਮੀ ਪਈ ਸੀ। ਟੱਕਰ ਵੀ ਨਾਦਰ ਸ਼ਾਹ ਨਾਲ, ਜਿਸ ਦੀ ਦਹਿਸ਼ਤ ਸਾਰੇ ਏਸ਼ੀਆ ਭਰ ਵਿਚ ਫੈਲੀ ਹੋਈ ਸੀ। ਏਸੇ ਸ਼ਹਿਰ ਪਾਸ ਲੜਾਈ ਆਰੰਭ ਹੋਈ। ਨਾਦਰੀ ਫੌਜ ਨੇ ਮੁਗਲੀਆ ਫੌਜ ਨੂੰ ਬਿੱਲੇ ਦੇ ਚੂਹਾ ਮਰੋੜਨ ਵਾਂਗ ਗੁੱਛੀ ਕਰ ਕੇ ਸੁਟ ਦਿਤਾ। ਪਹਿਲੇ ਦੋ ਘੰਟਿਆਂ ਵਿਚ ੩੦ ਹਜ਼ਾਰ ਹਿੰਦੁਸਤਾਨੀ ਸਿਪਾਹੀ ਈਰਾਨੀਆਂ ਹਥੋਂ ਮਾਰੇ ਤੇ ਇਸ ਤੋਂ ਵਧ ਘਾਇਲ ਹੋ ਗਏ। ਵੇਖਦਿਆਂ ਵੇਖਦਿਆਂ ਲਖ ਤੋਂ ਵਧ ਫੌਜ, ਜੋ ਲੜਨ ਆਈ ਸੀ, ਤਿੱਤਰ ਬਿਤਰ ਹੋ ਗਈ। ਮੁਰਦੇ ਤੇ ਜ਼ਖਮੀ ਕੌਣ ਸੰਭਾਲੇ।[੨]



www.AKJ.Org

ਨਾਦਰ ਸ਼ਾਹ ਜੇਤੂ ਦੀ ਹੈਸੀਅਤ ਵਿਚ ਦਿਲੀ ਆਣ ਵੜਿਆ, ਕਿਲ੍ਹੇ ਦਾ ਕਬਜ਼ਾ ਲੈ ਲਿਆ, ਸਾਰਾ ਖਜ਼ਾਨਾ ਸੰਭਾਲ ਲਿਆ। ਨਾਦਰ ਸ਼ਾਹ ਨੇ ਜਦ ਉੱਚੇ ਇਕਬਾਲ ਵਾਲੇ ਹਜ਼ੂਰ ਨੂੰ ਪੁਛਿਆ ਕਿ ਤੇਰੀ ਫ਼ੌਜ ਸਣੇ ਜਰਨੈਲ ਦੇ, ਲੜਾਈ ਛੱਡ ਕੇ ਨੱਸ ਗਈ, ਸ਼ਹਿਰ ਦੇ ਪਹਿਰੇਦਾਰ ਫ਼ੱਰਾਰ ਹੋ ਗਏ, ਕਿਲ੍ਹੇ ਦੇ ਰਾਖੇ ਤੇ ਤੁਹਾਡੇ ਅੰਗ-ਰਖਿਅਕ ਤੇ ਹੋਰ ਹਾਲੀ ਹਵਾਰੀ ਸਾਨੂੰ ਆਉਂਦਿਆਂ ਨੂੰ ਸੁਣ ਕੇ ਤੁਹਾਨੂੰ ਛੱਡ ਕੇ ਭਜ ਗਏ ਤਾਂ ਤੁਸੀਂ ਆਪਣੀ ਜਾਨ ਬਚਾਉਣ ਲਈ ਕਿਉਂ ਨਾ ਦੌੜੇ, ਕਿਉਂ ਨਾ ਕਿਧਰੇ ਨੱਸਣ ਦਾ ਯਤਨ ਕੀਤਾ ? ਅਫੀਮੀ ਹਜ਼ੂਰਿ ਵਾਲਾ ਨੇ ਉੱਤਰ ਦਿੱਤਾ—ਬ੍ਰਾਦਰ ! ਨਸਦਾ ਕਿਵੇਂ, ਮੈਨੂੰ ਮੌਜ਼ੇ (ਜਰਾਬਾਂ) ਤੇ ਜੁੱਤੇ ਪਹਿਨਾਉਣ ਵਾਲਾ ਹੀ ਪਾਸ ਕੋਈ ਨਹੀਂ ਸੀ ਰਹਿ ਗਿਆ, ਕਿਵੇਂ ਦੌੜਦਾ ?

ਇਹੋ ਜਿਹਾ ਮਰੀਅਲ ਤੇ ਸੜੀਅਲ ਬਾਦਸ਼ਾਹ ਨਾਦਰ ਸ਼ਾਹ ਵਰਗੇ ਤੁੰਦ ਅਤੇ ਖ਼ੂਨਖ਼ਾਰ ਬਘਿਆੜ ਤੋਂ ਹਿੰਦੁਸਤਾਨ ਤੇ ਦਿੱਲੀ ਨੂੰ ਕਿਵੇਂ ਬਚਾਅ ਸਕਦਾ ਸੀ ? ਕਮਜ਼ੋਰ ਹਾਕਿਮ ਮੁਲਕ ਲਈ ਰੱਬੀ ਕਹਿਰ ਹੁੰਦੇ !

ਨਾਦਰ ਦਿੱਲੀ ਸ਼ਹਿਰ ਤੇ ਇਰਦ ਗਿਰਦ ਦੇ ਦਸ ਦਸ ਕੋਹ ਤਕ ਪਿੰਡ ਤੇ ਸ਼ਹਿਰ ਲੁਟਦਾ ਫੂਕਦਾ ਰਿਹਾ। ਸਾਰਾ ਸ਼ਹਿਰ, ਅਮੀਰ ਗਰੀਬ ਨਿੰਬੂ ਵਾਂਗ ਨਿਚੋੜ ਸੁਟੇ । ਕੌਡੀਆਂ ਤੋਂ ਹੌਲੇ ਕਰ ਦਿਤੇ। ਕਿਸੇ ਪਾਸ ਪਾਈ ਪੈਸਾ ਨਾ ਛੱਡਿਆ। ਜਿਥੇ ਕੋਈ ਸ਼ਕ ਪਿਆ ਕਿ ਫਲਾਂਅ ਅਮੀਰ ਨੇ ਸਾਰਾ ਧਨ, ਜ਼ੇਵਰ ਤੇ ਕੀਮਤੀ ਸਾਮਾਨ ਪੂਰਾ ਨਹੀਂ ਹਵਾਲੇ ਕੀਤਾ, ਬਾਜ਼ਾਰਾਂ ਵਿਚ ਟਿਕਟੀਆਂ ਨਾਲ ਬੰਨ੍ਹ ਕੇ, ਮੂਧੇ ਪਾ ਕੇ ਚੰਮ ਉਧੇੜ ਦਿਤਾ। ਨੀਹਾਂ ਤੇ ਫ਼ਰਸ਼ਾਂ ਤਕ ਖੁਦਵਾ ਦਿਤੇ। ਹਿੰਦੂ ਤੇ ਮੁਸਲਮਾਨ ਇਕ-ਸਾਰ ਰਗੜੇ। ਬਾਦਸ਼ਾਹ ਦੀ ਸ਼ਹਿਜ਼ਾਦੀ ਆਪਣੇ ਪੁਤ ਨਾਸਿਰ ਸ਼ਾਹ ਨਾਲ ਜ਼ੋਰੀ ਵਿਆਹੀ। ਫ਼ੌਜੀ ਅਫਸਰਾਂ ਹਿੰਦੁਸਤਾਨੀ ਅਮੀਰਾਂ ਦੀਆਂ ਲੜਕੀਆਂ ਜ਼ਬਰਦਸਤੀ ਨਿਕਾਹੀਆਂ। ਜੋ ਮਨ ਆਇਆ ਕੀਤਾ, ਕੌਣ ਕਿਸੇ ਨੂੰ ਵਰਜੇ !

ਫਿਰ ਇਕ ਦਿਨ ਅਫਵਾਹ ਉਡ ਗਈ ਕਿ ਨਾਦਰ ਸ਼ਾਹ ਨੂੰ ਕਤਲ ਕਰ ਦਿਤਾ ਹੈ ? ਇਕ ਥਾਂ ਕਬੂਤਰਾਂ ਤੋਂ ਝਗੜਾ ਹੋ ਗਿਆ। ਆਤਰ ਹੋਏ ਹਿੰਦੁਸਤਾਨੀ ਲੋਕਾਂ ਕੁਝ ਈਰਾਨੀ ਸਿਪਾਹੀ ਕਤਲ ਕਰ ਦਿਤੇ। ਨਾਦਰ ਸ਼ਾਹ ਨੂੰ ਪਤਾ ਲੱਗਾ ਤਾਂ ਦਿੱਲੀ ਉਤੇ ਖ਼ੁਦਾਈ ਕਹਿਰ ਟੁਟ ਪਿਆ। ਕਤਲਿ-ਆਮ ਦਾ ਹੁਕਮ ਦੇ ਦਿਤਾ। ਬੱਚੇ, ਬੁੱਢੇ, ਔਰਤਾਂ ਤੇ ਜਵਾਨ ਲਖਾਂ ਦੀ ਗਿਣਤੀ ਵਿਚ ਮੌਤ ਦੇ ਘਾਟ ਉਤਾਰ ਦਿਤੇ ਗਏ। ਰੰਗੀਲਾ ਕੁਝ ਦਰਬਾਰੀਆਂ ਨੂੰ ਲੈ ਕੇ ਨਾਦਰ ਦੇ ਪੇਸ਼ ਹੋਇਆ ਤੇ ਕਤਲਾਮ ਬੰਦ ਕਰਨ ਲਈ ਮਿੰਨਤ ਕੀਤੀ। ਕਤਲਾਮ ਦਾ ਹੁਕਮ ਤਾਂ ਵਾਪਸ ਹੋ ਗਿਆ,[੩] ਪਰ ਡਰਦੇ ਮਾਰੇ ਲੋਕ ਕਈ ਦਿਨ ਅੰਦਰੋਂ ਬਾਹਰ ਨਾ ਨਿਕਲੇ। ਨਾ ਬਾਹਰੋਂ ਸ਼ਹਿਰ ਵਿਚ ਹੀ ਕੋਈ ਆਵੇ। ਮੁਰਦਿਆਂ ਦੀ ਬਦਬੂ ਏਨੀ ਫੈਲੀ ਕਿ ਸਾਹ ਲੈਣਾ ਔਖਾ ਹੋ ਗਿਆ। ਢੰਡੋਰਾ ਪਿਟਵਾ ਕੇ ਲੋਕਾਂ ਨੂੰ ਬਾਹਰ ਕਢਿਆ। ਹੁਕਮ ਹੋਇਆ ਤੇ ਗਲੀਆਂ ਸੜੀਆਂ ਲਾਸ਼ਾਂ ਧੂ ਧੂ ਕੇ ਜਮਨਾ ਵਿਚ ਸੁਟਵਾਈਆਂ। ਕੁਝ ਦੇਰ ਪਿਛੋਂ ਦਿੱਲੀ ਵਿਚ ਬੜੀ ਵੱਡੀ ਬੀਮਾਰੀ ਪਈ, ਜਿਸ ਨੇ ਬਚਿਆਂ ਖੁਚਿਆਂ ਨੂੰ ਹੂੰਜਾ ਫੇਰ ਦਿਤਾ। ਅੱਜ ਵੀ ਜਦ ਕਿਤੇ ਸਿਆਣੇ ਤੇ ਵਡੇਰੀ ਉਮਰ ਦੇ ਬਜ਼ੁਰਗ ਨਾਦਰ ਸ਼ਾਹ ਦੇ ਹਮਲੇ ਦਾ, ਜਿਸ ਬਾਰੇ ਉਨ੍ਹਾਂ ਆਪਣੇ ਪੁਰਖਿਆਂ ਤੋਂ, ਤੇ ਉਨ੍ਹਾਂ ਅਗਲਿਆਂ ਤੋਂ ਸੁਣ ਰਖਿਆ ਸੀ, ਜ਼ਿਕਰ ਕਰਨ ਤਾਂ ਆਵਾਜ਼ ਵਿਚ ਲਰਜ਼ਾ ਪੈਦਾ ਹੋ ਜਾਂਦਾ ਹੈ, ਭਾਵੇਂ ਇਸ ਕਹਿਰ ਵਾਪਰੇ ਨੂੰ ਢਾਈ ਸੌ ਸਾਲ ਤੋਂ ਕੁਝ ਉਪਰ ਹੋ ਚੁਕਿਆ ਹੈ।

**ਵਾਪਸੀ—**

ਈਰਾਨੀ ਫ਼ੌਜ ਵਿਚ ਵਤਨ-ਵਾਪਸੀ ਦੀ ਤਾਂਘ, ਉਦਰੇਵੇਂ ਅਤੇ ਆ ਪਹੁੰਚੇ ਗਰਮੀ ਦੇ ਮੌਸਮ ਨੇ ਨਾਦਰ ਸ਼ਾਹ ਨੂੰ ਵਾਪਸ ਮੁੜਨ ਲਈ ਮਜਬੂਰ ਕੀਤਾ। ਲੁਟਿਆ ਧਨ ਦੌਲਤ, ਸਾਜ਼ੋ ਸਾਮਾਨ ਲੱਦਣ ਨੂੰ ਜਦੋਂ ਦਿੱਲੀ ਵਿਚ ਊਠ, ਗਧੇ, ਖਚਰਾਂ, ਘੋੜੇ, ਹਾਥੀ, ਗੱਡੇ ਨਾ ਪੂਰੇ ਹੋਏ ਤਾਂ ਦਿਲੀ ਦੇ ਚੁਫੇਰੇ ਦੇ ਸ਼ਹਿਰਾਂ ਕਸਬਿਆਂ ਤੇ ਪਿੰਡਾਂ ਤੋਂ ਜਬਰੀ ਫੜ ਮੰਗਵਾਏ। ਈਰਾਨੀ ਘੋੜ-ਸਵਾਰ ਆਪ ਪੈਦਲ ਸਨ ਤੇ ਜੋ ਉਨ੍ਹਾਂ ਲੁਟਿਆ ਪੁਟਿਆ ਸੀ, ਬੰਨ੍ਹ ਕੇ ਘੋੜਿਆਂ ਉਤੇ ਲੱਦਿਆ ਹੋਇਆ ਸੀ।

ਨਾਦਰ ਸ਼ਾਹ ਨੇ ਸ਼ਾਹੀ ਖਜ਼ਾਨੇ, ਜਿਸ ਵਿਚ ਕੋਹਿਨੂਰ ਹੀਰਾ ਤੇ ਮਣਾਂ ਮੂੰਹੀਂ ਹੋਰ ਹੀਰੇ ਜਵਾਹਰਾਤ ਵੀ



www.AKJ.Org

ਸਨ, ਤੋਂ ਇਲਾਵਾ ਤਖ਼ਤਿ-ਤਾਊਸ, ਸ਼ਾਹੀ ਸਾਜ਼ੋ ਸਾਮਾਨ, ਬਰਤਨ, ਸੁਨਹਿਰੀ ਹੁੱਕੇ, ਚਾਂਦੀ ਦੀਆਂ **ਕੁਰਸੀਆਂ**, ਸ਼ਾਹੀ ਦਰਬਾਰ ਤੇ ਹਿਰਮਾਂ ਵਿਚ ਲਟਕਣ ਵਾਲੀਆਂ ਰੇਸ਼ਮੀ ਜਾਲੀਆਂ ਤੇ ਪਰਦੇ, ਫਰਸ਼ ਦੇ ਕਾਲੀਨ, **ਗਲੀਚੇ**, ਦਰਬਾਰ ਵਿਚ ਲਟਕਣ ਵਾਲੇ ਝਾੜ ਫਾਨੂਸ, ਬੜੇ ਬੜੇ ਕੀਮਤੀ ਪਲੰਘ ਤੇ ਸ਼ਾਹੀ ਪਾਰਚਾਤ ਤੇ ਜੋ ਵੀ ਨਾਦਰ ਸ਼ਾਹ ਨੂੰ ਚੰਗਾ ਲੱਗਾ, ਸਭ ਬੰਨ੍ਹ ਲਿਆ। ਸ਼ਾਹੀ ਅਸਤਬਲਾਂ ਦੇ ਕੀਮਤੀ ਹਾਥੀ ਘੋੜੇ ਤੱਕ ਨਾ ਛੱਡੇ।[੪] ਤੁਰਨ ਵੇਲੇ ਕੈਦੀ ਕੁੜੀਆਂ ਮੁੰਡਿਆਂ ਰੋ ਰੋ ਤੇ ਚੀਕਾਂ ਮਾਰ ਮਾਰ ਕੁਹਰਾਮ ਮਚਾ ਦਿਤਾ। ਜਦ ਵਿਹਰਨ ਜਾਂ ਤੁਰਿਆ ਨਾ ਜਾਣ ਦਾ ਬਹਾਨਾ ਕੀਤਾ ਤਾਂ ਬੇਕਿਰਕ ਈਰਾਨੀਆਂ ਦਿਆਂ ਛਾਂਟਿਆਂ ਨੇ ਚਮੜੀ ਉਧੇੜ ਕੇ ਰੱਖ ਦਿਤੀ। ਕਤਲ ਕਰ ਦੇਣ ਦੀਆਂ ਧਮਕੀਆਂ ਦਿਤੀਆਂ। ਸਭ ਰੁਭੇ ਸਾਹ ਤੇ ਹੋਕੇ ਲੈਂਦੇ ਹੋਏ ਅੱਗੇ ਲੱਗ ਤੁਰੇ।

ਜਿੰਨੇ ਦਿਨ ਨਾਦਰ ਸ਼ਾਹ ਦਿੱਲੀ ਰਿਹਾ, ਲੋਕ ਦੋਜ਼ਖ ਦਾ ਅਜ਼ਾਬ ਭੁਗਤਦੇ ਰਹੇ। ਲੁਟਿਆ ਹੋਇਆ ਧਨ ਪਦਾਰਥ, ਮਾਲ ਅਸਬਾਬ ਤੇ ਹਿੰਦੁਸਤਾਨ ਦਾ ਕੈਦ ਕੀਤਾ ਮਾਸੂਮ ਹੁਸਨ ਬੜੇ ਵੱਡੇ ਲਾਮ ਲਸ਼ਕਰ ਦੀ ਸ਼ਕਲ ਵਿਚ ਲੈ, ਨਾਦਰ ਸ਼ਾਹ ਬਵਿੰਜਵੇਂ ਦਿਨ ਦਿਲੀਓਂ ਤੁਰਿਆ।

**ਖਾਲਸੇ ਨੇ ਦਰਸ਼ਨ ਆਣ ਦਿਤੇ–**

ਇੰਜ ਲਦਿਆ ਪਥਿਆ ਨਾਦਰੀ ਲਸ਼ਕਰ ਕਰਨਾਲ ਟੱਪਿਆ ਹੀ ਸੀ ਕਿ ਖਾਲਸੇ ਵੀ ਆਣ ਦਰਸ਼ਨ ਦਿਤੇ। ਜਦ ਨਾਦਰ ਮੌਤ ਤੇ ਤਬਾਹੀ ਦਾ ਛੱਟਾ ਦੇਂਦਾ ਹੋਇਆ ਸਿੰਧ ਟੱਪ ਕੇ ਲਾਹੌਰ ਵਲ ਵਧ ਰਿਹਾ ਸੀ ਤਾਂ ਮੁਗਲ ਫੌਜਾਂ ਤੇ ਸਿਵਲ ਪ੍ਰਬੰਧਕਾਂ ਦੇ ਭਾਅ ਦੀ ਬਣੀ ਹੋਈ ਸੀ। ਐਸੀ ਅਫਰਾ ਤਫਰੀ ਮੱਚੀ ਹੋਈ ਸੀ ਕਿ ਲੋਕ ਘਰ ਛਡ ਛਡ ਜਾਨਾਂ ਬਚਾਉਣ ਤੇ ਦਿਨ-ਕਟੀ ਕਰਨ ਵਈ ਪਹਾੜਾਂ ਵਲ ਭਜ ਰਹੇ ਸਨ। ਸਿੰਘਾਂ ਇਸ ਮੌਕੇ ਤੋਂ ਫਾਇਦਾ ਉਠਾਇਆ। ਆਉਂਦੇ ਨਾਦਰ ਨੂੰ ਕੁਝ ਨਹੀਂ ਕਿਹਾ। ਇਹ ਨੀਤੀ ਸੀ ਕਿ ਇਸ ਨਾਲ ਮੁਗਲ ਫ਼ੌਜਾਂ ਭਿੜ ਕੇ ਮਰਨ ਤੇ ਕਮਜ਼ੋਰ ਹੋਣ। ਲੁਟ ਪੁਟ ਕੇ ਮੁੜਦੇ ਨਾਲ ਦਸਤ ਪੰਜਾ ਅਸੀਂ ਲਵਾਂਗੇ ਤੇ ਇਸ ਦਾ ਭਾਰ ਹੋਲਾ ਕਰਾਂਗੇ। ਹੁਣ ਤੱਕ ਸਿੰਘਾਂ ਪਾਸ ਕੋਈ ਐਸਾ ਸੁਰੱਖਿਅਤ ਥਾਂ ਨਹੀਂ ਸੀ, ਜਿਥੇ ਮੁਗਲ ਸਰਕਾਰ ਦੇ ਇਲਾਕੇ 'ਚੋਂ ਪੰਜਾ ਮਾਰ ਕੇ ਇਕੱਠਾ ਕੀਤਾ ਧਨ ਪਦਾਰਥ ਤੇ ਹੋਰ ਮਾਲ ਅਸਬਾਬ ਸੰਭਾਲਿਆ ਜਾਵੇ। ਇਸ ਤੇ ਵਿਚਾਰ ਹੋਈ ਤੇ ਗੁਰਮਤਾ ਕਰ ਕੇ ਪਿੰਡ ਡੱਲੇਵਾਲ, ਜੋ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਲਹਿੰਦੇ ਪਹਾੜ ਤੇ ਲਾਹੌਰੋਂ ਉੱਤਰ ਚੜ੍ਹਦੇ ਤੇ ਦਰਿਆ ਰਾਵੀ ਦੇ ਕੰਢੇ ਤੇ ਸਥਿਤ ਸੀ, ਵਿਖੇ ਕੱਚਾ ਗੜ੍ਹ ਉਸਾਰ ਲਿਆ। ਬਾਰੀ ਦੁਆਬ, (ਰਾਵੀ ਬਿਆਸ ਦੇ ਵਿਚਕਾਰ ਦਾ ਇਲਾਕਾ) ਲਾਹੌਰੋਂ ਪੜੇਲ ਕਠੂਏ ਦੀਆਂ ਪਹਾੜੀਆਂ ਤੱਕ ਉਗ੍ਰਾਹ ਲਿਆ।

ਜਦ ਨਾਦਰ ਕਰਨਾਲੋਂ ਲੰਘ ਕੇ ਸਰਹਿੰਦ ਵਲ ਵਧ ਰਿਹਾ ਸੀ ਤਾਂ ਸਿੰਘਾਂ ਨੇ ਇਸ ਦੇ ਵਹੀਰ ਉਤੇ ਛਾਪੇ ਮਾਰਨੇ ਸ਼ੁਰੂ ਕਰ ਦਿਤੇ। ਪਹਿਲੇ ਦਿਨਾਂ ਵਿਚ ਹੋਏ ਨਿੱਕੇ ਨਿੱਕੇ ਛਾਪਿਆਂ ਨੂੰ ਉਸ ਨੇ ਗੌਲਿਆ ਨਾ, ਪਰ ਜਦ ਇਹ ਜ਼ਿਆਦਾ ਤੇਜ਼ ਤੇ ਚੋਖਾ ਨੁਕਸਾਨ ਕਰਨ ਵਾਲੇ ਬਣਦੇ ਗਏ, ਨਾਦਰ ਦਾ ਮੱਥਾ ਠਣਕਿਆ। ਸਿੰਘਾਂ ਨੂੰ ਜਦ ਪਤਾ ਲੱਗਾ ਕਿ ਨਾਦਰ ਸ਼ਾਹ ਧਨ ਦੌਲਤ ਤੋਂ ਬਿਨਾ ਹਜ਼ਾਰਾਂ ਬੇਗੁਨਾਹ ਨੌਜਵਾਨ ਮੁੰਡੇ ਕੁੜੀਆਂ ਵੀ ਬੰਨ੍ਹ ਕੇ ਲਈ ਜਾਂਦਾ ਹੈ ਤਾਂ ਲੁਟ ਮਾਰ ਨੂੰ ਪਹਿਲ ਦੇਣ ਦੀ ਥਾਂ ਹੁਣ ਉਨ੍ਹਾਂ ਇਹ ਬੰਦੀ ਛੁਡਾਉਣ ਵਲ ਜ਼ਿਆਦਾ ਧਿਆਨ ਦੇਣਾ ਸ਼ੁਰੂ ਕਰ ਦਿਤਾ। ਉਨ੍ਹਾਂ ਨੂੰ ਛੁਡਾਉਂਦੇ ਤੇ ਘਰੋ ਘਰੀ ਪਹੁੰਚਾਉਣ ਦਾ ਉਪਰਾਲਾ ਵੀ ਕਰਦੇ।

ਸਰਹਿੰਦੋਂ ਨਾਦਰ ਸ਼ਾਹ ਰੋਪੜ ਵਲ ਮੁੜ ਪਿਆ ਤੇ ਏਥੋਂ ਸਤਲੁਜ ਪਾਰ ਕੀਤਾ। ਗਰਮੀ ਵਧ ਜਾਣਾ ਕਰਕੇ ਉਹ ਪਹਾੜ ਦੀ ਕੰਡੀ ਦੇ ਨਾਲ ਨਾਲ ਤੁਰਿਆ ਕਿ ਗਰਮੀ ਤੋਂ ਕੁਝ ਬਚਾਅ ਹੋਵੇ। ਗਰਮੀ ਤੋਂ ਬਚਣ ਦਾ ਉਪਾਅ ਤਾਂ ਕਰ ਲਿਆ, ਪਰ ਬਿਗਾਨੇ ਪੁਤ ਮਗਰ ਲੱਗੇ ਦੁੰਬ ਨੱਪੀ ਆਉਂਦੇ ਸਨ, ਉਨ੍ਹਾਂ ਦਾ ਕੀ ਉਪਾਅ ਕਰੇ। ਮਾਝਾ ਛੱਡ ਕੇ ਮਾਲਵੇ ਵਲ ਵਿਚਰਦੇ ਸਿੰਘ ਸ਼ਿਕਾਰ ਦੀ ਸੂਹ ਪਾ ਕੇ ਸੂਟ ਮਾਰ ਕੇ ਆਏ, ਸਤਲੁਜ ਟੱਪੇ ਤੇ ਹੁਸ਼ਿਆਰਪੁਰੋਂ ਅੱਗੇ ਨਾਦਰੀ ਲਸ਼ਕਰ ਉਤੇ ਹਮਲੇ ਤੇਜ਼ ਤੋਂ ਤੇਜ਼-ਤਰ ਹੋ ਗਏ। ਈਰਾਨੀ ਘੋੜਿਆਂ ਤੇ ਹਥਿਆਰਾਂ ਉਤੇ ਵੀ ਖਾਲਸੇ ਦੀ ਨਜ਼ਰ ਸੀ। ਤੁਰਕਾਨੀ ਲਾਮ-ਲਸ਼ਕਰ ਨੂੰ ਨਾ ਦਿਨੇ ਨਾ ਰਾਤ ਚੈਨ ਲੈਣ ਦੇਂਦੇ। ਉਹ ਮਿਥ ਕੇ ਇਕ ਥਾਂ ਜੰਮ ਕੇ ਲੜਨ ਨਾਲੋਂ ਗੁਰੀਲਿਆਂ ਵਾਂਗ ਦੁਸ਼ਮਣ ਦੀ ਬਰਬਾਦੀ ਕਰਨ ਵਿਚ ਯਕੀਨ


www.AKJ.Org

ਰਖਦੇ ਸਨ। ਤਜਵੀਜ਼ ਇਹ ਸੀ ਕਿ ਦੁਸ਼ਮਣ ਨੂੰ ੨੪ ਘੰਟੇ ਹੀ ਭਉਜਲ ਪਾਈ ਰਖੇ, ਨਾ ਟਿਕ ਕੇ ਖਾ ਸਕੇ, ਨਾ ਆਰਾਮ ਕਰ ਸਕੇ। ਨਾਦਰ ਨੂੰ ਏਨਾ ਜ਼ਿਚ ਕੀਤਾ ਕਿ ਬਿਲਬਿਲਾ ਉਠਿਆ। ਨਾਦਰ ਬਿਆਸ ਪਾਰ ਹੋਇਆ ਤੇ ਸਿੰਘ ਵੀ ਨਾਲ ਹੀ ਟੱਪ ਪਏ। ਬਾਰੀ ਦੁਆਬ ਵਿਚ ਪਹਿਲਾਂ ਹੀ ਸਿੰਘ ਆ ਰਹੇ ਦੁਸ਼ਮਣ ਨੂੰ ਛਹਿ ਲਾ ਕੇ ਉਡੀਕ ਰਹੇ ਸਨ। ਹੁਣ ਤਾਂ ਹਾਲਤ ਉਹ ਬਣੀ, ਜਿਵੇਂ ਇਕ ਮਗਰਮੱਛ ਨੂੰ ਦੋ ਲੁਧਰ ਪੈ ਜਾਂਦੇ ਹਨ। ਇਕ ਵਲ ਹੁੰਦੈ ਤੇ ਦੂਜਾ ਮਗਰੋਂ ਛਾਲ ਮਾਰ ਕੇ ਧੌਣ ਤੇ ਚੜ੍ਹ ਜਾਂਦੈ ਤੇ ਮਾਸ ਦੀ ਬੋਟੀ ਕੱਢ ਲੈਂਦੈ ਤੇ ਮਗਰਮੱਛ ਦੇ ਉਸ ਵਲ ਹੋਣ ਤੋਂ ਪਹਿਲਾਂ ਛਾਲ ਮਾਰ ਕੇ ਫੁਰਤੀ ਨਾਲ ਔਹ ਜਾਂਦੈ। ਏਨੇ ਚਿਰ ਨੂੰ ਪਹਿਲੇ ਨੂੰ ਮੌਕਾ ਮਿਲਦੈ ਤੇ ਉਹ ਵੀ ਤੇਜ਼ੀ ਨਾਲ ਧੌਣ ਤੇ ਚੜ੍ਹ ਕੇ ਪਹਿਲੇ ਵਾਲੀ ਕਾਰਵਾਈ ਪਾਉਂਦੈ ਤੇ ਇਹ ਸਿਲਸਿਲਾ ਲਗਾਤਾਰ ਚਲਦੈ। ਮਗਰਮੱਛ ਬਚ ਨਿਕਲਣ ਲਈ ਬਥੇਰੀ ਵਾਹ ਲਾਉਂਦੈ, ਪਰ ਮਗਰ ਲੱਗੇ ਨਿੱਕੇ ਨਿੱਕੇ ਦੋ ਲੜਾਕੂ ਖਹਿੜਾ ਨਹੀਂ ਛਡਦੇ ਤੇ ਅੰਤ ਨੂੰ ਮਗਰ ਮੱਛ, ਜੋ ਬਾਕੀ ਦੇ ਦਰਿਆਈ ਜੀਵਾਂ ਜੰਤੂਆਂ ਤੇ ਹਾਵੀ ਹੈ, ਇਨ੍ਹਾਂ ਦੀ ਫੁਰਤੀ ਨਾਲ ਹਮਲਿਆਂ ਦਾ ਸ਼ਿਕਾਰ ਹੋ ਜਾਂਦੈ ਤੇ ਨਿਕੀਆਂ ਮੱਛੀਆਂ ਤੇ ਪੂੰਗਾਂ ਦਾ ਖਾਜਾ ਬਣ ਜਾਂਦੈ। ਬਸ ਸਿੰਘਾਂ ਹੱਥੋਂ ਨਾਦਰ ਦੀ ਇਹੋ ਜਿਹੀ ਦੁਰਦਸ਼ਾ ਹੋ ਰਹੀ ਸੀ। ਚਨਾਬ ਪਾਰ ਕਰਨ ਤੋਂ ਪਹਿਲਾਂ ਪਹਿਲਾਂ ਸਿੰਘਾਂ ਨਾਦਰ ਦੀ ਲੁੱਟ ਚੋਂ ਤਕੜਾ ਹਿੱਸਾ ਵੰਡਾ ਕੇ ਉਸਦਾ ਵਾਹਵਾ ਭਾਰ ਹੌਲਾ ਕਰ ਦਿਤਾ। ਚਨਾਬ ਦੇ ਕੰਢੇ ਤਾਂ ਸਿੰਘਾਂ ਬੜੇ ਖੁਲ੍ਹ ਕੇ ਹੱਥ ਮਾਰੇ। ਲੱਗ ਪਗ ਸਾਰੇ ਲੜਕੇ ਲੜਕੀਆਂ ਤੇ ਕਾਰੀਗਰ ਵਗੈਰਾ ਆਜ਼ਾਦ ਕਰਵਾ ਲਏ। ਸਿੰਘਾਂ ਨਾਦਰ ਦਾ ਪਿਛਾ ਹਿੰਦੁਸਤਾਨ ਦੀ ਹੱਦ ਤੱਕ ਕੀਤਾ। ਉਹ ਓਦੋਂ ਹੀ ਮੁੜੇ, ਜਦ ਸਿੰਧ ਟੱਪ ਗਿਆ।

ਪੰਜਾਬ ਵਿਚੋਂ ਲੰਘਦੇ ਨੂੰ ਜ਼ਕਰੀਆ ਖਾਨ ਤੋਰਨ ਲਈ ਚਨਾਬ ਤਕ ਨਾਲ ਗਿਆ। ਸਿੰਘਾਂ ਨੇ ਹਮਲੇ ਕਰ ਕੇ ਨਾਦਰ ਸ਼ਾਹ ਦਾ ਨੱਕ 'ਚਿ ਦੰਮ ਕੀਤਾ ਹੋਇਆ ਸੀ। ਅੱਕੇ ਹੋਏ ਨੇ ਖਾਨ ਬਹਾਦਰ ਜ਼ਕਰੀਆ ਖਾਨ ਤੋਂ ਪੁਛਿਆ ਕਿ ਇਹ ਕਿਸ ਕੌਮ ਦੇ ਲੋਗ ਹਨ ਜਿਨ੍ਹਾਂ ਛਪੱਲ ਮਾਰ ਮਾਰ ਮੇਰੀ ਫੌਜ ਦਾ ਏਨਾ ਬੁਰਾ ਹਾਲ ਕੀਤਾ ਹੈ ਤੇ ਮੇਰਾ ਬਹੁਤ ਸਾਰਾ ਮਾਲ ਖੋਹ ਲਿਆ ਹੈ ਅਤੇ ਬਹੁਤ ਸਾਰੀਆਂ ਢਕਾਂ ਛੁੜਾ ਕੇ ਲੈ ਗਏ ਹਨ? ਬਿਲਕੁਲ ਵਹਿਸ਼ੀ ਕਿਸਮ ਦੇ ਲੋਗ ਹਨ, ਮੇਰਾ ਭੋਰਾ ਵੀ ਡਰ ਨਹੀਂ ਮੰਨਦੇ?

ਜ਼ਕਰੀਆ ਖਾਨ ਨੇ ਉੱਤਰ ਦਿਤਾ:-

"ਇਹ ਫਕੀਰਾਂ ਦਾ ਗਰੋਹ ਹੈ ਤੇ ਇਨ੍ਹਾਂ ਦਾ ਬਾਨੀ ਨਾਨਕ ਹੋਇਆ ਹੈ, ਜੋ ਬਹੁਤ ਮੁਅਜਜ਼ਿਆਂ ਦੀ ਤਾਕਤ ਰਖਦਾ ਸੀ। ਇਹ ਸਾਲ ਵਿਚ ਦੋ ਵਾਰ ਕਿਤਿਓਂ ਆਉਂਦੇ ਹਨ ਤੇ ਅੰਮ੍ਰਿਤਸਰ ਦੇ ਮੁਕੱਦਸ ਹੌਜ਼ (ਪਵਿੱਤਰ ਸਰੋਵਰ) ਵਿਚ ਇਸ਼ਨਾਨ ਕਰ ਕੇ ਪਤਾ ਨਹੀਂ ਕਿਥੇ ਗਾਇਬ ਹੋ ਜਾਂਦੇ ਹਨ?" ਨਾਦਰ ਨੇ ਫਿਰ ਪੁਛਿਆ ਕਿ ਇਨ੍ਹਾਂ ਦੇ ਘਰ ਘਾਟ ਕਿੱਥੇ ਹਨ, ਦਸੋ ਮੈਂ ਜਾ ਕੇ ਢਾਹ ਕੇ ਜ਼ਮੀਨ ਨਾਲ ਮਿਲਾ ਦਿਆਂ।" ਜ਼ਕਰੀਆ ਖਾਨ ਨਿਮਰਤਾ ਨਾਲ ਬੋਲਿਆ—"ਜਨਾਬ, ਘੋੜਿਆਂ ਦੀਆਂ ਕਾਠੀਆਂ ਹੀ ਇਨ੍ਹਾਂ ਦੇ ਘਰ ਹਨ। ਘੋੜਿਆਂ ਤੇ ਹੀ ਸੌਂ ਲੈਂਦੇ ਹਨ। ਨਮਕੀਨ ਜਾਂ ਮਿਠੀਆਂ ਚੀਜ਼ਾਂ ਦੇ ਖਾਹਿਸ਼ਮੰਦ ਨਹੀਂ, ਜੰਗਲਾਂ ਵਿਚ ਉਗਿਆ ਕੰਦ ਮੂਲ ਖਾ ਕੇ ਨਿਰਬਾਹ ਕਰ ਲੈਂਦੇ ਹਨ। ਸੌ ਸੌ ਕੋਹ ਦੇ ਪੈਦਲ ਪੰਧ ਨੂੰ ਤੁਛ ਸਮਝਦੇ ਹਨ।" "ਤੇ ਫਿਰ ਇਹ ਘੋੜੇ ਅਤੇ ਹਥਿਆਰ ਕਿਥੋਂ ਪ੍ਰਾਪਤ ਕਰਦੇ ਹਨ?" ਨਾਦਰ ਸ਼ਾਹ ਦਾ ਅਗਲਾ ਸਵਾਲ ਸੀ। ਖਾਨ ਬਹਾਦਰ ਨੇ ਨੀਵੀਂ ਪਾ ਕੇ ਦਬੀ ਜਿਹੀ ਜ਼ਬਾਨ ਨਾਲ ਆਖਿਆ, "ਹਜ਼ੂਰ, ਇਹ ਸਭ ਕੁਝ ਸਾਥੋਂ ਹੀ ਖੋਹ ਖਿੰਜ ਲੈਂਦੇ ਹਨ। ਕਿਆਮਤ ਦੇ ਆਸਾਰ ਨਜ਼ਰ ਆ ਰਹੇ ਹਨ।" ਨਾਦਰ ਸ਼ਾਹ ਨੇ ਪਲ ਕੁ ਸੋਚ ਕੇ ਕਿਹਾ:-"ਇਸ ਕੌਮ ਪਾਸੋਂ ਬਾਦਸ਼ਾਹੀ ਦੀ ਮਹਿਕ ਆਉਂਦੀ ਹੈ। ਆਪਣਾ ਫ਼ਿਕਰ ਕਰ ਲਵੋ। ਉਹ ਦਿਨ ਦੂਰ ਨਹੀਂ ਜਦ ਇਹ ਤੁਹਾਥੋਂ ਮੁਲਕ ਅਤੇ ਹਕੂਮਤ ਖੋਹ ਲੈਣਗੇ।" ਨਾਦਰ ਸ਼ਾਹ ਦੀ ਕੀਤੀ ਭਵਿਖ ਬਾਣੀ ਛੇਤੀ ਹੀ ਸੱਚ ਸਾਬਤ ਹੋ ਗਈ।

**ਜ਼ਕਰੀਆ ਖਾਨ ਦਾ ਕਰੋਧ—**

ਨਾਦਰਸ਼ਾਹ ਨੇ ਜੋ ਝਾੜ ਜ਼ਕਰੀਆ ਖਾਨ ਨੂੰ ਪਾਈ, ਉਸ ਨੇ ਉਸ ਦੇ ਗੁੱਸੇ ਦੀ ਅੱਗ ਨੂੰ ਪ੍ਰਚੰਡ ਕਰ ਦਿਤਾ। ਸਭ ਕਾਰਦਾਰਾਂ, ਆਮਲਾਂ. ਨੰਬਰਦਾਰਾਂ ਨੂੰ ਸਖ਼ਤ ਹੁਕਮ ਚਾੜ੍ਹੇ ਕਿ ਜਿਥੇ ਸਿਖ ਵੇਖੋ, ਥਾਂ ਤੇ ਹੀ ਮਾਰ



www.AKJ.Org

ਦਿਓ। ਇਨ੍ਹਾਂ ਦੇ ਘਰ ਘਾਟ ਤੇ ਫਸਲਾਂ ਫੂਕ ਦਿਓ। ਕੋਈ ਸ਼ਖਸ ਇਨ੍ਹਾਂ ਨੂੰ ਪਨਾਹ ਨਾ ਦੇਵੇ। ਗਸ਼ਤੀ ਫ਼ੌਜਾਂ ਦਾ ਕੰਮ ਹੋਰ ਤੇਜ਼ ਕੀਤਾ ਗਿਆ।

ਸ੍ਰੀ ਅੰਮ੍ਰਿਤਸਰ ਦੇ ਦਰਸ਼ਨ-ਇਸ਼ਨਾਨ ਤੇ ਪਾਬੰਦੀ ਲਾ ਦਿਤੀ। ਮੰਡਿਆਲੀ ਪਿੰਡ ਦਾ ਮੱਸਾ ਰੰਘੜ ਫੌਜਦਾਰ ਸੀ ਤੇ ਸ੍ਰੀ ਅੰਮ੍ਰਿਤਸਰ ਉਸਦੇ ਅਧਿਕਾਰ-ਖੇਤਰ ਵਿਚ ਆਉਂਦਾ ਸੀ। ਉਸ ਨੇ ਸ੍ਰੀ ਅੰਮ੍ਰਿਤਸਰ ਨੂੰ ਪੂਰੀ ਤਰ੍ਹਾਂ ਘੇਰ ਲਿਆ। ਸ੍ਰੀ ਅਕਾਲ ਤਖਤ ਉੱਤੇ ਕਬਜ਼ਾ ਕਰ ਕੇ ਉਥੇ ਹੈਡ ਕੁਆਰਟਰ ਬਣਾ ਲਿਆ। ਸਰੋਵਰ ਨੂੰ ਪੂਰਨ ਦਾ ਹੁਕਮ ਦੇ ਕੇ ਹਰਿਮੰਦਰ ਸਾਹਿਬ ਵਿਚ ਵੇਸਵਾ ਦਾ ਨਾਚ ਮੁਜਰਾ ਸ਼ੁਰੂ ਕਰ ਦਿਤਾ। ਪਰਕਰਮਾ ਵਿਚ ਹੀ ਗਊਆਂ ਹਲਾਲ ਹੁੰਦੀਆਂ ਤੇ ਰਿਝਦੀਆਂ ਅਤੇ ਦਾਰੂ ਦੇ ਜਾਮ ਉਡਦੇ। ਕਿਹੜਾ ਕੁਕਰਮ ਸੀ, ਜੋ ਉਥੇ ਨਹੀਂ ਸੀ ਹੋ ਰਿਹਾ। ਇਹ ਨਿਤ ਦਿਨ ਦਾ ਤਮਾਸ਼ਾ ਬਣ ਗਿਆ।

**ਮੱਸੇ ਰੰਘੜ ਦਾ ਕਤਲ—**

ਇਸ ਵੇਲੇ ਬਹੁਤੇ ਸਿੰਘ ਮਾਲਵੇ ਤੇ ਬੀਕਾਨੇਰ ਵਲ ਨਿਕਲ ਗਏ ਸਨ। ਕਈਆਂ ਨੇ ਉਧਰ ਜਾ ਨੌਕਰੀਆਂ ਕੀਤੀਆਂ। ਮੱਸੇ ਵਲੋਂ ਕੀਤੀ ਜਾ ਰਹੀ ਅੱਤ ਦੀ ਖਬਰ ਬੀਕਾਨੇਰ ਬੁਢੇ ਜੌਹੜ ਜਾ ਪਹੁੰਚੀ।[੫] ਜਥੇਦਾਰ ਬੁਢਾ ਸਿੰਘ ਦੇ ਦਲ ਦੇ ਦੋ ਧਰਮ-ਬੀਰ ਸ: ਮਤਾਬ ਸਿੰਘ ਤੇ ਸੁਖਾ ਸਿੰਘ ਬੀੜਾ ਚੁਕ ਕੇ ਤੁਰੇ ਕਿ ਜਾਂ ਤਾਂ ਰੰਘੜ ਦਾ ਸਿਰ ਵਢ ਕੇ ਏਥੇ ਲਿਆਵਾਂਗੇ ਤੇ ਜਾਂ ਉਥੇ ਹੀ ਸ਼ਹੀਦੀ ਪਾ ਜਾਵਾਂਗੇ। ਸ੍ਰੀ ਅੰਮ੍ਰਿਤਸਰ ਸਾਹਿਬ ਨਜ਼ਦੀਕ ਪਹੁੰਚ ਕੇ ਠੀਕਰੀਆਂ ਗੋਲ ਕਰ ਕੇ ਬੋਰੀਆਂ ਵਿਚ ਪਾ ਲਈਆਂ ਦੇ ਨੰਬਰਦਾਰਾਂ ਦਾ ਭੇਸ ਬਣਾ ਲਿਆ ਕਿ ਮੱਸੇ ਨੂੰ ਆਪਣੇ ਪਿੰਡੋਂ ਮਾਮਲਾ ਤਾਰਨ ਚਲੇ ਹਾਂ। ਘੋੜਿਆਂ ਉਤੇ ਚੜ੍ਹੇ ਚੜ੍ਹਾਏ ਲਾਚੀ ਬੇਰ ਪਾਸ ਜਾ ਉਤਰੇ ਤੇ ਘੋੜੇ ਇਥੇ ਬੇਰੀ ਨਾਲ ਬੰਨ੍ਹ ਦਿਤੇ। ਉਨ੍ਹਾਂ ਕੇਸ ਮੁਸਲਮਾਨ ਜ਼ਿਮੀਦਾਰਾਂ ਵਾਂਗ ਪਿਛਾਂ ਸੁੱਟ ਕੇ ਮੜਾਸੇ ਮਾਰੇ ਹੋਏ ਸਨ। ਕਿਸੇ ਸ਼ਕ ਨਾ ਕੀਤਾ। ਉਨ੍ਹਾਂ ਰਵਾਂ ਰਵੀਂ ਜਾ ਕੇ ਬੋਰੀਆਂ ਮੱਸੇ ਦੇ ਪਲੰਘ ਹੇਠ, ਜਾਣ ਬੁਝ ਕੇ ਰਖ ਦਿਤੀਆਂ। ਆਪ ਲਾਗੇ ਹੋ ਕੇ ਖੜੇ ਹੋ ਗਏ। ਵੇਸਵਾ ਨੱਚ ਰਹੀ ਸੀ ਤੇ ਮਹਿਫਲ ਭਖੀ ਹੋਈ ਸੀ। ਉਘੇ ਸ਼ਹਿਰੀ ਅੰਦਰ ਬੈਠੇ ਨਾਚ ਗਾਣੇ ਦਾ ਸਰੂਰ ਲੈ ਰਹੇ ਸਨ। ਰੰਘੜ ਨਸ਼ੇ ਵਿਚ ਧੁਤ ਮੰਜੇ ਤੇ ਬੈਠਾ ਸੀ। ਪਲ ਕੁ ਪਿਛੋਂ ਪਲੰਘ ਤੋਂ ਸਿਰ ਹੇਠਾਂ ਝੁਕਾ ਕੇ ਹੱਥ ਨਾਲ ਟੋਹ ਕੇ ਵੇਖਣ ਲੱਗਾ ਕਿ ਬੋਰੀਆਂ ਵਿਚ ਕੀ ਹੈ। ਬੱਸ ਏਸੇ ਸਮੇਂ ਦੀ ਉਡੀਕ ਵਿਚ ਸਨ। ਸ: ਮਤਾਬ ਸਿੰਘ ਨੇ ਇਕ ਐਸਾ ਹੱਥ ਤਲਵਾਰ ਦਾ ਮਾਰਿਆ ਕਿ ਵਢਿਆ ਸਿਰ ਨੱਚਦੀ ਕੰਜਰੀ ਦੇ ਪੈਰਾਂ ਲਾਗੇ ਜਾ ਡਿਗਾ। ਜੋ ਸਰੋਤੇ ਬੈਠੇ ਸਨ, ਉਨ੍ਹਾਂ ਨੂੰ ਵੀ ਮੌਤ ਦੇ ਜਾਮ ਛਕਾ ਦਿਤੇ। ਜ਼ਨਾਨੀ ਕਰਕੇ ਵੇਸਵਾ ਨੂੰ ਕੁਝ ਨਹੀਂ ਕਿਹਾ। ਸਿਰ ਚੁਕ ਕੇ ਭੂਰੇ ਵਿਚ ਲਪੇਟ ਲਿਆ। ਹਰਿਮੰਦਰ ਸਾਹਿਬ ਦਾ ਦਰਵਾਜ਼ਾ ਬੰਦ ਕਰ ਕੇ ਲਾਚੀ ਬੇਰੀ ਨਾਲੋਂ ਘੋੜੇ ਖੋਲ੍ਹ ਸਵਾਰ ਹੋ ਕੇ ਆਹ ਗਏ, ਔਹ ਗਏ। ਜਦ ਛੋਟੇ ਅਫ਼ਸਰਾਂ ਨੂੰ ਪਤਾ ਲੱਗਾ ਕਿ ਕੀ ਘਟਨਾ ਵਾਪਰ ਗਈ ਹੈ, ਓਦੋਂ ਤਕ ਕਰਨੀ ਕਰਨ ਵਾਲੇ ਬਹੁਤ ਦੂਰ ਜਾ ਚੁਕੇ ਸਨ। [**ਚਲਦਾ**

## ਹਵਾਲੇ ਤੇ ਫ਼ੁਟ-ਨੋਟ

(੧) ਬਾਬਰ ਤੋਂ ਲੈ ਕੇ ਔਰੰਗਜ਼ੇਬ ਤੱਕ ਅਫ਼ਗਾਨਿਸਤਾਨ, ਜੋ ਕਾਬਲ, ਕੰਧਾਰ, ਹਿਰਾਤ, ਜਲਾਲਾਬਾਦ ਨਾਮਕ ਸੂਬਿਆਂ ਦੇ ਨਾਮ ਨਾਲ ਜਾਣਿਆ ਜਾਂਦਾ ਸੀ, ਇਸਨੂੰ ਇਕ ਜੁਦਾ ਮੁਲਕ ਦੀ ਸ਼ਕਲ ਵਿਚ ਜੋੜ ਕੇ ਇਸ ਖਿਤੇ ਦਾ ਨਾਉਂ "ਅਫ਼ਗਾਨਿਸਤਾਨ" ਰਖਣ ਵਾਲਾ ਅਹਿਮਦ ਸ਼ਾਹ ਅਬਦਾਲੀ ਸੀ। ਨਾਦਰ ਦੇ ਹਿੰਦੁਸਤਾਨ ਉਤੇ ਹਮਲੇ ਵੇਲੇ ਅਹਿਮਦ ਸ਼ਾਹ (ਉਸ ਵੇਲੇ ਕੇਵਲ ਅਹਿਮਦ ਖਾਨ), ਨਾਦਰ ਸ਼ਾਹ ਦੇ ਬਾਡੀ-ਗਾਰਡ ਵਜੋਂ ਉਸ ਦੇ ਨਾਲ ਆਇਆ ਸੀ। ਨਾਦਰ ਸ਼ਾਹ ਜਦ ਈਰਾਨ ਵਿਚ ਉਸ ਦੇ ਆਪਣੇ ਫ਼ੌਜੀ ਅਫਸਰਾਂ ਹੱਥੋਂ ਕਤਲ ਹੋ ਗਿਆ ਤਾਂ ਅਹਿਮਦ ਖਾਨ ਬੜੀ ਚਤਰਾਈ ਨਾਲ ਨਾਦਰ ਸ਼ਾਹ ਦੇ ਬਾਡੀ ਗਾਰਡ ਦਸਤੇ, ਜੋ ਸਾਰੇ ਦੇ ਸਾਰੇ ਅਫ਼ਗਾਨ ਸਨ ਤੇ ਇਸ ਦੇ ਮਾਤਹਿਤ ਸਨ, ਨੂੰ ਈਰਾਨੀ ਫੌਜ ਤੋਂ ਬਚਾ ਕੇ ਹਿਰਾਤ ਵਲ ਨੱਸ ਆਇਆ ਸੀ। ਅਫ਼ਗਾਨ ਸਰਦਾਰਾਂ ਇਸ ਨੂੰ ਆਪਣਾ ਮੁਖੀ ਚੁਣ ਲਿਆ ਤੇ ਪਿਛੋਂ ਜਦ ਬਾਦਸ਼ਾਹ ਚੁਣੇ ਜਾਣ ਦਾ ਸਮਾਂ ਆਇਆ ਤਾਂ ਇਸ ਦੀ ਲਿਆਕਤ, ਬਹਾਦਰੀ ਤੇ ਖ਼ਾਨਦਾਨੀ ਉੱਚਿਤਾ ਨੂੰ ਧਿਆਨ ਵਿਚ



www.AKJ.Org

ਰਖ ਕੇ ਸਾਰੇ ਅਫ਼ਗਾਨ ਕਬੀਲਿਆਂ ਨੇ ਇਸ ਨੂੰ ਆਪਣਾ ਬਾਦਸ਼ਾਹ ਪਰਵਾਨ ਕਰ ਲਿਆ। ਸਮੇਂ ਨਾਲ ਜਦ ਇਸ ਨੇ ਲਗ ਪਗ ਚਹੁੰ ਉਪਰਲੇ ਸ਼ਹਿਰਾਂ ਨੇ ਉਨ੍ਹਾਂ ਨਾਲ ਦੇ ਇਲਾਕਿਆਂ ਤੇ ਕਬਜ਼ਾ ਕਰ ਲਿਆ ਤਾਂ ਇਸ ਤਰ੍ਹਾਂ ਬਣੀ ਇਕਾਈ ਦਾ ਨਾਉਂ "ਅਫ਼ਗਾਨਿਸਤਾਨ" ਇਸ ਨੇ ਹੀ ਰਖਿਆ ਸੀ। ੧੭੪੭ ਈਸਵੀ ਤੋਂ ਪਹਿਲਾਂ ਅਫ਼ਗਾਨਿਸਤਾਨ ਦੇ ਨਾਮ ਨਾਲ ਜਾਣਿਆ ਜਾਣ ਵਾਲਾ ਕੋਈ ਵੀ ਮੁਲਕ ਨਹੀਂ ਸੀ। ਇਹ ਸਭ ਇਸ ਤੋਂ ਪਿਛੋਂ ਹੀ ਪ੍ਰਸਿਧ ਹੋਇਆ।

ਤੁਜ਼ਕ-ਇ-ਬਾਬਰੀ, ਤੁਜ਼ਕ-ਇ-ਜਹਾਂਗੀਰੀ, ਬਾਬਰ-ਨਾਮਾ (ਅਬੁਲ ਫ਼ਜ਼ਲ ਦੀ ਲਿਖਤ) ਵਿਚ ਕਾਬਲ, ਕੰਧਾਰ, ਹਿਰਾਤ ਦਾ ਨਾਮ ਤਾਂ ਆਉਂਦਾ ਹੈ, ਪਰ ਅਫ਼ਗਾਨਿਸਤਾਨ ਸ਼ਬਦ ਦੀ ਵਰਤੋਂ ਨਹੀਂ। ਅਸਲ ਵਿਚ ਕਾਬਲ ਦਾ ਅਰਥ ਹੀ ਅਜੋਕਾ ਅਫ਼ਗਾਨਿਸਤਾਨ ਸਮਝਿਆ ਜਾਂਦਾ ਸੀ। ਹਿੰਦੁਸਤਾਨ ਵਿਚ ਆਉਣ ਵਾਲੇ ਅਫ਼ਗਾਨਾਂ ਨੂੰ ਕਾਬਲੀ ਹੀ ਕਿਹਾ ਜਾਂਦਾ ਸੀ, ਉਹ ਭਾਵੇਂ ਹਿਰਾਤ, ਜਾਂ ਕੰਧਾਰੋਂ ਹੀ ਕਿਉਂ ਨਾ ਆਏ ਹੋਣ।

ਮਹਾਰਾਜਾ ਰਣਜੀਤ ਸਿੰਘ ਤੇ ਪਿਛੋਂ ਅੰਗਰੇਜ਼ਾਂ ਦੇ ਰਾਜ-ਕਾਲ ਵਿਚ ਇਸ ਦਾ ਨਾਮ ਅਫ਼ਗਾਨਿਸਤਾਨ ਪ੍ਰਸਿਧ ਹੁੰਦਾ ਗਿਆ।

ਉਨ੍ਹੀਵੀਂ ਸਦੀ ਦੇ ਅੰਤ ਵਿਚ ਲਿਖੀ ਗਈ ਕਿਤਾਬ "ਦਰਬਾਰਿ-ਅਕਬਰੀ" (ਉਰਦੂ ਵਿਚ) ਮੌਲਵੀ ਮੁਹੰਮਦ ਹੁਸੈਨ "ਅਜ਼ਾਦ" ਦੀ ਲਿਖਤ ਹੈ ਤੇ ਅਕਬਰ ਦੇ ਰਾਜ-ਕਾਲ ਤੇ ਖ਼ਾਸ ਕਰ ਪਠਾਣਾਂ ਨਾਲ ਉਸ ਦੀਆਂ ਲੜਾਈਆਂ, ਜਿਸ ਇਕ ਵਿਚ ਬੀਰਬਲ, ਅਕਬਰ ਦਾ ਚਹੇਤਾ, ਵੀ ਮਾਰਿਆ ਗਿਆ ਸੀ, ਦੇ ਹਾਲਾਤ ਬੜੇ ਵਿਸਥਾਰ ਨਾਲ ਦਿਤੇ ਹਨ। ਉਹ ਵਾਰ ਵਾਰ ਇਸ ਮੁਲਕ ਦਾ ਨਾਉਂ ਅਫ਼ਗਾਨਿਸਤਾਨ ਲਿਖਦਾ ਹੈ। ਪਰ ਅਕਬਰ ਦੇ ਆਪਣੇ ਸਮੇਂ, ਜੋ ਸੋਲ੍ਹਵੀਂ ਸਦੀ ਦੇ ਪਿਛਲੇ ਅਧ ਤੇ ਸਤਾਰ੍ਹਵੀਂ ਸਦੀ ਦੇ ਚੜ੍ਹਾਅ ਦੇ ਪਹਿਲੇ ਚਾਰ ਸਾਲਾਂ ਤਕ ਫੈਲਿਆ ਹੋਇਆ ਹੈ, ਵਿਚ ਲਿਖੇ ਜਾਣ ਵਾਲੀਆਂ ਫ਼ਾਰਸੀ ਤੇ ਹਿੰਦੀ ਪੁਸਤਕਾਂ ਵਿਚ ਕਿਤੇ ਵੀ ਅਫ਼ਗਾਨਿਸਤਾਨ ਦਾ ਲਫ਼ਜ਼ ਨਹੀਂ ਲਿਖਿਆ ਮਿਲਦਾ।

(੨) ਮੁਗਲ ਫ਼ੌਜ ਦੀ ਗਿਣਤੀ ੧,੫੦,੦੦੦ ਘੋੜ ਸਵਾਰ ਤੇ ੫੦੦ ਤੋਪਾਂ, ਅਨਗਿਣਤ ਪ੍ਰਾਈਵੇਟ ਤੇ ਇਕ-ਰੈਗੂਲਰ (ਮੁਲਖੱਈਆ ਟਾਈਪ) ਤੇ ਹਾਥੀਆਂ ਉਤੇ ਸਵਾਰ ਹੋ ਕੇ ਲੜਨ ਵਾਲਿਆਂ ਦੀ ਇਕ ਤਕੜੀ ਕੋਰ, ਜਿਸ ਵਿਚ ਹਜ਼ਾਰਾਂ ਹੀ ਹਾਥੀ ਸਨ। ਮੁਗਲ ਫੌਜਾਂ ਦਾ ਕਮਾਂਡਰ ਖਾਨ-ਇ-ਦੌਰਾਨ ਖਾਨ ਸੀ। ਨਾਦਰ ਸ਼ਾਹ ਦੀ ਫ਼ੌਜ ਦੀ ਗਿਣਤੀ ਕਈ ਗੁਣਾ ਘਟ ਸੀ। ਪਰ ਸੀ ਫੌਜ ਜੰਗਾਂ ਯੁੱਧਾਂ ਵਿਚ ਗੁੜ੍ਹੀ ਹੋਈ ਤੇ ਸਿਖਲਾਈ ਵਿਚ ਨਿਪੁੰਨ।

ਲੜਾਈ ਦੇ ਪਹਿਲੇ ਦੋ ਘੰਟਿਆਂ ਵਿਚ ਮੁਗਲ ਸਿਪਾਹ ਸਾਲਾਰ ਖਾਨ-ਇ-ਦੌਰਾਨ ਖਾਨ ਮਾਰਿਆ ਗਿਆ, ਅਵਿਧ ਦਾ ਵਾਇਸਰਾਏ ਸਾਅਦਾਤ ਖਾਨ ਫੜਿਆ ਗਿਆ, ੧੦ ਉਘੇ ਰਾਜੇ ਤੇ ਨਵਾਬ ਮਾਰੇ ਗਏ। ਬਾਕੀ ਮਰਨ ਵਾਲਿਆਂ ਦੀ ਗਿਣਤੀ ੩੦ ਹਜ਼ਾਰ ਸੀ। ਏਨੀ ਕੁ ਗਿਣਤੀ ਜ਼ਖਮੀਆਂ ਦੀ ਸੀ।

(੩) ਮੁਹੰਮਦ ਸ਼ਾਹ ਰੰਗੀਲਾ ਆਪਣੇ ਕੁਝ ਚੋਣਵੇਂ ਦਰਬਾਰੀਆਂ ਨੂੰ ਨਾਲ ਲੈ ਕੇ ਨਾਦਰ ਸ਼ਾਹ ਪਾਸ ਰੌਸ਼ਨ-ਦੌਲਾ ਦੀ ਸੁਨਹਿਰੀ ਮਸਜਿਦ, ਜੋ ਗੁਰਦਵਾਰਾ ਸ਼ਹੀਦ ਗੰਜ ਦੇ ਬਿਲਕੁਲ ਲਹਿੰਦੇ ਪਾਸੇ ਹੈ ਤੇ ਦੋਹਾਂ ਦੀ ਦੀਵਾਰ ਸਾਂਝੀ ਹੈ, ਵਿਖੇ ਗਿਆ, ਜਿਥੇ ਨਾਦਰ ਸ਼ਾਹ ਤਲਵਾਰ ਸੂਤੀ ਬੈਠਾ ਸੀ। ਸਾਰਿਆਂ ਉਸ ਦੇ ਸਾਹਮਣੇ ਗੋਡਿਆਂ ਪਰਨੇ ਹੋ ਕੇ, ਸਜਦੇ ਵਤ, ਨੱਕ ਨਾਲ ਲਕੀਰਾਂ ਕੱਢੀਆਂ ਤੇ ਦੁਹਾਈ ਪਾਈ ਕਿ ਅੱਲ੍ਹਾ ਦੇ ਨਾਮ ਤੇ ਰਹਿਮ ਕੀਤਾ ਜਾਵੇ, ਸ਼ਹਿਰ ਤਾਂ ਸਾਰਾ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਹੈ। ਸ਼ਹਿਨਸ਼ਾਹ ਸਲਾਮਤ ਰਹਿਮ ਕਰੋ। ਨਾਦਰ ਨੇ ਤਲਵਾਰ ਮਿਆਨ ਵਿਚ ਕਰ ਲਈ। ਕਤਲਾਮ ਬੰਦ ਹੋ ਗਿਆ, ਪਰ ਕੁਝ ਦੇਰ ਬਾਅਦ ਕਿਸੇ ਮਾਮੂਲੀ ਗਲੋਂ ਉਸ ਦਾ ਗੁੱਸਾ ਭੜਕ ਪਿਆ। ਮੁਗਲਪੁਰਾ ਦੇ ੬ ਹਜ਼ਾਰ ਆਦਮੀ ਮੌਤ ਦੇ ਘਾਟ ਉਤਾਰ ਦਿਤੇ। ਦਿਲੀ ਦੇ ਚੁਫੇਰੇ ਦੇ ਪਿੰਡਾਂ ਦੇ ਆਦਮੀ ਇਕ ਵਢਿਓਂ ਕਤਲ ਕੀਤੇ ਗਏ। ਸ਼ਾਹੀ ਬਾਜ਼ਾਰ, ਜਿਥੇ

 [ਬਾਕੀ ਸਫ਼ਾ ੪੧ ਹੇਠ] 

www.AKJ.Org

# ਮਹਾਨ ਗਤੀਆਤਮਿਕ ਸ਼ਖ਼ਸੀਅਤ

[ਪ੍ਰਿੰਸੀਪਲ ਸੱਜਣ ਸਿੰਘ ਜੀ, 618/6-ਗੋਬਿੰਦਪੁਰੀ, ਨਵੀਂ ਦਿਲੀ-19]

ਜਿਵੇਂ ਲਹੂ-ਚੱਕਰ ਵਿਚ ਵਿਘਨ ਪੈਣ ਨਾਲ ਸਰੀਰ ਦੀ ਹੋਂਦ ਖ਼ਤਮ ਹੋ ਜਾਂਦੀ ਹੈ, ਤਿਵੇਂ ਹੀ ਅਣਖ ਤੇ ਹਿੰਮਤ ਦੀ ਜੀਵਨ-ਰੌ ਨਿਕਾਰੀ ਹੋ ਜਾਣ ਕਰਕੇ ਦੇਸ਼ ਦਾ ਸਰੂਪ ਨਿਰਜਿੰਦ ਹੋ ਜਾਂਦਾ ਹੈ । ਹਰਕਤ ਜ਼ਿੰਦਗੀ ਦੀ ਨਿਸ਼ਾਨੀ ਹੈ। ਜਿਹੜਾ ਮਨੁੱਖ ਸ੍ਵੈਮਾਨ ਭਰੇ ਜਜ਼ਬਾਤ ਤੋਂ ਸੱਖਣਾ ਹੈ, ਚੜ੍ਹਦੀ ਕਲਾ ਦੀ ਭਾਵਨਾ ਤੋਂ ਕੋਰਾ ਹੈ, ਤੇ ਆਪਣੀ ਹੀਣ-ਭਾਵਨਾ ਤੋਂ ਅਭਿੱਜ ਹੈ, ਉਹ ਐਸੀ ਜੜ੍ਹ ਵਸਤੂ ਨਿਆਈਂ ਹੈ ਜਿਸ ਦੀ ਵੱਧਣ-ਫੁਲਣ ਦੀ ਕ੍ਰਿਆ ਸਦਾ ਲਈ ਖ਼ਤਮ ਹੋ ਗਈ ਹੋਵੇ। ਕੌਮ ਦੀ ਕਿਸਮਤ ਦਾ ਸੋਮਾ ਵੀ ਤਾਂ ਇਨਸਾਨ ਹੀ ਹੁੰਦੇ ਹਨ। ਜਿਸ ਕੌਮ ਦੇ ਬੰਦੇ ਆਪਣੇ ਬਜ਼ੁਰਗਾਂ ਦੀ ਬਹਾਦਰੀ ਦੇ ਕਾਰਨਾਮੇ ਵਿਸਾਰ ਦੇਣ, ਸ਼ਕਤੀ ਦੇ ਪੁੰਜ ਤੋਂ ਸੰਬੰਧ ਤੋੜ ਲੈਣ, ਤੇ ਦੁਸ਼ਮਣਾਂ ਦੇ ਦੁਹਕਰਮ ਚੁੱਪ ਚਾਪ ਜਰੀ ਜਾਣ, ਉਹ ਕੌਮ ਜੀਣ ਦਾ ਅਧਿਕਾਰ ਨਹੀਂ ਰੱਖਦੀ। ਜੇ ਸਾਡੀਆਂ ਨਜ਼ਰਾਂ ਵਿਚ ਉਹ ਜੀਉਂਦੀ ਹੈ ਤਾਂ ਵਾਸਤਵ ਵਿਚ ਉਹ ਇਕ ਚੱਲਦੀ ਫਿਰਦੀ ਲਾਸ਼ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਅਜਿਹੀ ਦਸ਼ਾ ਭਾਰਤ ਦੇ ਹਿੰਦੂਆਂ ਦੀ ਸੀ, ਜਿਨ੍ਹਾਂ ਦੀ ਆਪਸੀ ਫੁੱਟ ਨੇ ਵਿਦੇਸ਼ੀ ਮੁਸਲਮਾਨਾਂ ਨੂੰ ਸੱਦਾ ਦਿੱਤਾ। ਭਾਰਤ-ਵਾਸੀਆਂ ਉੱਤੇ ਬੁੱਤ-ਪ੍ਰਸਤੀ ਤੇ ਦੇਵ-ਪੂਜਾ ਦਾ ਜਿਹੜਾ ਰੰਗ ਚੜ੍ਹਿਆ ਹੋਇਆ ਸੀ, ਉਸ ਨੇ ਹਰੇਕ ਜੀਵ ਨੂੰ, ਉਸ ਦੇ ਜਨਮ ਤੋਂ ਹੀ, ਜਾਗਦੀ ਜੋਤਿ ਦੀ ਰੌਸ਼ਨੀ ਤੋਂ ਦੁਰਾਡੇ ਰਖਿਆ ਤੇ ਨਿਰਭਉ ਨਿਰੰਕਾਰ ਦੇ ਅਭੇਦਾਨ ਤੋਂ ਮਹਿਰੂਮ ਰਖਿਆ । ਢਹਿੰਦੀਆਂ ਕਲਾਂ ਵਿਚ ਲਿਜਾਣ ਵਾਲੀ ਇਹ ਸੋਚਣੀ ਤੇ ਕਰਣੀ ਹਾਕਮਾਂ ਦੇ ਬਹੁਤ ਰਾਸ ਆਈ। ਉਨ੍ਹਾਂ ਰੱਜ ਕੇ ਮਨ-ਮਾਨੀਆਂ ਕੀਤੀਆਂ। ਔਰੰਗਜ਼ੇਬ ਦੇ ਰਾਜ ਵਿਚ ਅੱਤਿਆਚਾਰ ਸਿਖਰ ਤੱਕ ਜਾ ਪਹੁੰਚਿਆ । ਉਸ ਦੀ ਜਬਰਨ ਧਰਮ-ਪ੍ਰੀਵਰਤਨ ਦੇ ਜ਼ੁਲਮ ਦੀ ਚੱਕੀ ਨੇ ਕਹਿਰ ਦਾ ਭਿਆਨਕ ਰੂਪ ਇਖ਼ਤਿਆਰ ਕੀਤਾ ਤੇ ਹਿੰਦੂਆਂ ਦੀ ਹਸਤੀ ਨੂੰ ਪੀਹਣ ਤੇ ਦਰੜਨ ਵਿਚ ਕੋਈ ਕਸਰ ਨਹੀਂ ਛੱਡੀ। ਸਤਿਗੁਰੂ ਜੀ ਦਾ ਫੁਰਮਾਨ ਹੈ :-

ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪਤੇ ॥
ਬਿਪਰੀਤ ਬੁਧੰ ਮਾਰਤ ਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ ॥੨੪॥

(ਸਲੋਕ ਸਹਸਕ੍ਰਿਤੀ ਮ: ੫—੧੩੫੬)

ਅਰਥਾਤ, ਇਹ ਦੁਨਿਆਵੀ ਰਾਜੇ ਪਿਛਲੇ ਜਨਮਾਂ ਦੇ ਦਾਨ-ਪੁੰਨਾਂ ਦਾ ਫਲ ਭੋਗਦੇ ਹਨ, ਪਰ ਰਾਜ-ਮਦ ਉਨ੍ਹਾਂ ਦੀ ਬੁੱਧੀ ਨੂੰ ਉਲਟੀ ਤੇ ਮਲੀਨ ਕਰ ਦਿੰਦਾ ਹੈ। ਨਿਰਦੋਸ਼ ਲੋਕਾਂ ਤੇ ਜ਼ੁਲਮ ਕਮਾਉਣ ਵਾਲੇ ਅੰਤ ਨੂੰ ਖੁਆਰ ਹੁੰਦੇ ਹਨ ਤੇ ਦੇਰ ਤੱਕ ਕਸ਼ਟ ਭੋਗਦੇ ਹਨ। ਨਿਰਸੰਦੇਹ ਬਾਦਸ਼ਾਹੀ ਤੇ ਵਡਿਆਈ ਪੂਰਬਲੇ ਕਰਮਾਂ ਤੇ ਖ਼ੁਦਾਈ ਬਖਸ਼ਸ਼ ਦੁਆਰਾ ਪ੍ਰਾਪਤ ਹੁੰਦੀ ਹੈ, ਪਰ ਇਹ 'ਬਖਸ਼ਸ਼' ਰਾਜ-ਸੱਤਾ ਦੀ ਅਯੋਗ ਵਰਤੋਂ ਕਰਨ ਲਈ ਨਹੀਂ, ਬੇਇਨਸਾਫ਼ੀ ਤੇ ਵਿਤਕਰਾ ਕਰਨ ਲਈ ਨਹੀਂ, ਸਗੋਂ ਆਪਣੇ ਰਾਜਸੀ ਕਰਤੱਵ ਨੂੰ ਬਖੂਬੀ ਨਿਭਾਅ ਕੇ, ਸਗਲ ਪਰਜਾ ਨੂੰ ਸੁੱਖ ਪਹੁੰਚਾਉਣ ਲਈ, ਤੇ ਅੰਦਰਲੀਆਂ ਬਾਹਰਲੀਆਂ ਸਭ ਸ਼ਕਤੀਆਂ ਦੀ ਧਿੰਗਾ-ਜੋਰੀ ਤੋਂ ਸੁਰੱਖਿਅਤ ਰੱਖਣ ਲਈ ਹੈ। ਜਿਹੜਾ ਬਾਦਸ਼ਾਹ ਆਪਣੇ ਅਧਿਕਾਰ ਦੀ ਕੁਵਰਤੋਂ ਕਰਦਾ ਹੈ, ਉਹ ਰੱਬੀ ਹੁਕਮ ਦੀ ਉਲੰਘਣਾ ਕਰਦਾ ਹੈ। ਐਸੇ ਦੋਸ਼ੀ ਨੂੰ ਸੋਧਣ ਲਈ ਪ੍ਰਭੂ ਨੂੰ ਕਈ ਵਾਰ ਅੰਸ਼-ਅਵਤਾਰ ਦੇ ਤੌਰ ਤੇ ਸੰਸਾਰ ਵਿਚ ਆਉਣਾ ਪਿਆ। ਹਰਣਾਕਸ਼ ਦੇ ਸੰਘਾਰ ਲਈ ਨਰਸਿੰਘ ਦਾ ਰੂਪ ਧਾਰਨ ਕਰਨਾ ਤੇ ਪ੍ਰਹਿਲਾਦ ਭਗਤ ਦੀ ਰੱਖਿਆ ਕਰਨਾ ਦੈਵੀ ਫ਼ਰਜ਼ ਨਿਬਾਹੁਣ ਦਾ ਸੁੰਦਰ ਚਿਤਰ ਹੈ। ਪਰ ਬੇਵਜ਼ੀਰ ਅਕਾਲ ਪੁਰਖ ਦਾ ਇਹ ਆਪਣਾ ਫ਼ੈਸਲਾ ਹੈ, ਨਿੱਜੀ ਨਿਰਣਾ ਹੈ ਕਿ ਉਹ ਕਿਸ ਸਮੇਂ ਤੇ ਕਿਸ ਰੂਪ ਵਿਚ ਪ੍ਰਗਟ ਹੋ ਕੇ ਦੁਸ਼ਟਾਂ ਨੂੰ ਖੰਡ ਖੰਡ ਕਰੇ।

ਜ਼ਾਲਮ ਤੇ ਮਜ਼ਲੂਮ ਵਿਚਕਾਰ ਬਹੁਤ ਡੂੰਘਾ ਪਾੜਾ ਸੀ । ਰਸਮ ਰਿਵਾਜਾਂ ਦੀ ਭਿੰਨਤਾ, ਸਮਾਜਕ


www.AKJ.Org

ਵੱਖਵਾਦ, ਧਾਰਮਕ ਵਿਸ਼ਵਾਸ ਦਾ ਟਕਰਾਉ, ਨਿਰਗੁਨ ਤੇ ਸਰਗੁਨ ਪਰਮਾਤਮਾ ਦੀ ਪੂਜਾ ਦਾ ਵਿਰੋਧਾਤਮਕ ਅਕੀਦਾ, ਆਦਿਕ ਤਾਂ ਕੁਦਰਤੀ ਸਨ, ਪਰ ਹਿੰਦੂਆਂ ਲਈ ਸਭ ਤੋਂ ਵੱਧ ਹਾਨੀਕਾਰਕ ਕਰਮ ਸੀ—ਜ਼ੁਲਮ ਵਿਰੁੱਧ ਆਵਾਜ਼ ਉਠਾਉਣ ਦੀ ਕਮਜ਼ੋਰੀ। ਇਕ ਵਰਗ ਦਾ ਮੰਤਵ ਸੀ ਰਾਜ ਕਰਨਾ ਤੇ ਇਸਲਾਮ ਦਾ ਪਰਚਾਰ ਕਰਨਾ। ਉਸ ਦੀ ਨਜ਼ਰ ਵਿਚ ਹਕੂਮਤ ਕਰਨ ਤੇ ਮੁਸਲਮਾਨ ਬਣਾਉਣ ਲਈ ਭਾਵੇਂ ਕਿੰਨੇ ਵੀ ਕੁਕਰਮ ਕਰਨੇ ਪੈਣ, ਸਭ ਜਾਇਜ਼ ਸਨ। ਤਲਵਾਰ, ਉਸ ਲਈ ਸ਼ਕਤੀ ਦਾ ਸੋਮਾ ਸੀ, ਤਕਦੀਰ ਘੜਨ ਦਾ ਸਾਧਨ ਸੀ। ਦੂਸਰਾ ਵਰਗ ਇਉਂ ਸੀ ਜਿਉਂ ਛੱਪੜ ਤੇ ਉਸ ਦਾ ਜਲ, ਸੀਮਤ ਘੇਰੇ ਵਿਚ ਅਟਕਿਆ, ਖੜੋਤਾ, ਹਰਕਤ ਹੀਨ, ਰੀਤਾਂ ਰਿਵਾਜਾਂ ਦੀ ਮੈਲ ਵਿਚ ਸੜਿਆਂਦਾ, ਅਨੰਤ ਸਾਗਰ ਤੋਂ ਵਿਛੜਿਆ, ਅਸੀਮ ਸੱਤਾ ਤੋਂ ਖ਼ਾਲੀ, ਕਰਮ-ਹੀਨ, ਪ੍ਰਤੀਕਰਮ-ਹੀਨ, ਜਿੱਧਰ ਤੋਰੋ, ਤੁਰਨ ਵਾਲਾ, ਭੇਡਾਂ, ਬੱਕਰੀਆਂ ਤੇ ਗਊਆਂ ਵਾਂਗਰ, ਜਿੱਥੇ ਰਖੋ, ਰਹਿਣ ਵਾਲਾ। ਜੇ ਅੱਤਿਆਚਾਰ ਦੀ ਗਰਮੀ ਨੇ, ਭਾਪ ਬਣਾ ਕੇ ਖ਼ਤਮ ਕਰਨਾ ਚਾਹਿਆ ਤਾਂ ਆਪਣੀ ਹਸਤੀ ਬਰਕਰਾਰ ਰੱਖਣ ਲਈ ਕੋਈ ਢੁੱਕਵਾਂ ਉਪਰਾਲਾ ਨਹੀਂ ਕੀਤਾ, ਸਗੋਂ ਬੇਬਸੀ ਤੇ ਮਜਬੂਰੀ ਅਪਣਾਈ। ਇਹ ਮਿਥਿਹਾਸਕ ਤਸਵੀਰ ਨਹੀਂ, ਮਨ-ਘੜਤ ਕਹਾਣੀ ਨਹੀਂ, ਇਤਿਹਾਸਕ ਕਸੌਟੀ ਦੁਆਰਾ ਪਰਖੀ ਕੌੜੀ ਹਕੀਕਤ ਹੈ।

ਇਕ ਸਾਧਾਰਨ ਨੇਤਾ ਲਈ ਭਾਰਤ-ਵਾਸੀਆਂ ਦੇ ਇਸ ਸਮਾਜਕ ਢਾਂਚੇ ਵਿਚ ਸੁਧਾਰ ਲਿਆਉਣਾ ਸੌਖਾ ਨਹੀਂ ਸੀ। ਉਨ੍ਹਾਂ ਦੇ ਧਾਰਮਕ ਵਿਸ਼ਵਾਸ ਵਿਚ ਤਬਦੀਲੀ ਲਿਆਉਣੀ ਅਤੀ ਕਠਨ ਸੀ। ਮਾਨਸਕ ਕਮਜ਼ੋਰੀ ਦੇ ਖੇਤਰ ਵਿਚ ਮਨੋ-ਬਲ ਦੇ ਜਜ਼ਬੇ ਦਾ ਬੀਜ ਬੀਜਣਾ, ਤੇ ਨਿਡਰਤਾ ਸਹਿਤ ਤਨ, ਮਨ, ਧਨ ਵਾਰਨ ਲਈ ਤੱਤਪਰ ਕਰਨਾ ਹੋਰ ਵੀ ਔਖਾ ਸੀ। ਬੀਰ-ਰਸੀ ਭਾਵਨਾ ਨੂੰ ਅਮਲ ਵਿਚ ਲਿਆਉਣ ਲਈ ਕੋਈ ਸੂਰਬੀਰ ਮੈਦਾਨ ਵਿਚ ਨਹੀਂ ਆਇਆ; ਜੇ ਆਇਆ ਤਾਂ ਆਪਣੀ ਇਰਾਦਾ-ਸ਼ਕਤੀ ਦੀ ਢਿੱਲ ਤੇ ਨੈਤਿਕ ਗੁਣਾਂ ਦੀ ਘਾਟ ਕਰਕੇ ਸਫਲ ਨਹੀਂ ਹੋ ਸਕਿਆ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਰਬ-ਪੱਖੀ ਦੈਵੀ ਗੁਣਾਂ ਨੂੰ ਚੀਨਣਾ ਤੇ ਬਖਾਨਣਾ ਕਠਨ ਹੀ ਨਹੀਂ, ਅਸੰਭਵ ਹੈ। ਨਦੀਆਂ ਤੇ ਨਾਲੇ ਸਾਗਰ ਵਿਚ ਬੇਸ਼ਕ ਲੀਨ ਹੁੰਦੇ ਹਨ, ਪਰ ਅਥਾਹ ਗਹਿਰ-ਗੰਭੀਰਤਾ ਨੂੰ ਜਾਨਣ ਤੇ ਦਰਸਾਉਣ ਲਈ ਅਸਮਰੱਥ ਹਨ—

ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥੨੩॥ (ਜਪੁ ਜੀ ਸਾਹਿਬ)

ਅਸੀਂ ਤਾਂ ਨਦੀਆਂ ਨਾਲਿਆਂ ਤੁੱਲ ਵੀ ਨਹੀਂ, ਖੂਹ ਦੇ ਜਲ ਵਾਂਗਰ ਆਪਣੀ ਡੂੰਘਾਈ ਤੇ ਮਾਣ ਕਰਦੇ ਹਾਂ ਤੇ ਡੱਡੂ ਦੀ ਝੂਠੀ ਪ੍ਰਸੰਸਾ ਸੁਣ ਕੇ ਫੁੱਲੇ ਨਹੀਂ ਸਮਾਉਂਦੇ। ਅਸਾਂ ਕੀ ਸਾਰ ਪਾਉਣੀ ਹੈ। ਪਰ ਆਪਣੀ ਸਮਰੱਥਾ ਦੁਆਰਾ—"ਆਪੁ ਆਪਨੀ ਬੁਧਿ ਹੈ ਜੇਤੀ ॥ ਬਰਨਤ ਭਿੰਨ ਭਿੰਨ ਤੁਹਿ ਤੇਤੀ ॥"

(ਕਬਿਯੋ ਬਾਚ ਬੇਨਤੀ ਚੌਪਈ ਪਾ: ੧੦)

ਗੁਰਦੇਵ ਪਿਤਾ ਜੀ ਜਿੱਥੇ ਸਰਬ ਗੁਣ ਪ੍ਰਬੀਨ (ਪੂਰਨ ਗਿਆਨੀ) ਸਨ, ਉਥੇ ਸਰਬ ਕਲਾ ਸਮਰੱਥ ਤੇ ਅਨਿਕ ਗੁਣਾਂ ਵਿਚ ਨਿਪੁੰਨ ਵੀ ਹਨ। ਕੋਈ ਐਸਾ ਰੱਬੀ ਗੁਣ ਨਹੀਂ, ਜਿਸ ਵਿਚ ਹਜ਼ੂਰ ਦੀ ਮੁਹਾਰਤ ਨਾ ਹੋਵੇ, ਕੋਈ ਐਸਾ ਪਰਉਪਕਾਰੀ ਕਾਰਜ ਨਹੀਂ, ਜਿਸ ਵਿਚ ਹਜ਼ੂਰ ਦਾ ਕਮਾਲ ਨਾ ਹੋਵੇ।

ਇਸ ਨਿਗੂਣੀ ਵਿਚਾਰਧਾਰਾ ਵਿਚ ਉਹਨਾਂ ਗੁਣਾਂ ਵਲ ਸੰਕੇਤ ਹੈ, ਜਿਹੜੇ ਗੁਰਦੇਵ ਜੀ ਦੀ ਗਤੀਆਤਮਕ ਸ਼ਖਸੀਅਤ ਨਾਲ ਸੰਬੰਧਤ ਹਨ। ਬਾਲ ਅਵਸਥਾ ਤੋਂ ਹੀ ਮਾਨਸਕ ਅਡੋਲਤਾ ਤੇ ਫੁਰਤੀਲੇ ਸਰੀਰ ਦਾ ਸੁਜੋੜ ਰਿਹਾ ਹੈ। ਪਟਨਾ ਸਾਹਿਬ ਵਿਚ ਆਪਣੇ ਹਮ-ਉਮਰ ਸਾਥੀਆਂ ਦੀਆਂ ਟੋਲੀਆਂ ਬਣਾ ਕੇ ਖੇਡਣਾ, ਤੀਰ-ਅੰਦਾਜ਼ੀ ਕਰਨੀ, ਜੁੱਧ ਕਰਨਾ ਆਪ ਦਾ ਨਿੱਤ-ਕਰਮ ਸੀ। ਆਪ ਜੀ ਦੇ ਅੰਗ ਅੰਗ ਵਿਚੋਂ ਚੁਸਤੀ, ਉਤਸ਼ਾਹ ਤੇ ਜੁਰੱਅਤ ਦਾ ਐਸਾ ਪ੍ਰਭਾਵ ਪੈਂਦਾ ਸੀ ਕਿ ਤੱਕਣ ਵਾਲੇ ਦੇ ਨਿਕਟ ਆਲਸ, ਦਲਿੱਦਰ ਤੇ ਅਸੱਭਯ ਵਿਚਾਰਾਂ ਦਾ ਨਾਮ-ਨਿਸ਼ਾਨ ਸੀ ਰਹਿੰਦਾ।


www.AKJ.org

ਆਪ ਜੀ ਦੇ ਸਾਹਮਣੇ ਚਨੌਤੀ ਭਰਿਆ ਕਾਰਜ ਸੀ। ਜ਼ੁਲਮ ਦੇ ਹੜ੍ਹ ਨੂੰ ਠੱਲ੍ਹ ਪਾਉਣੀ ਸੀ। ਪਹਾੜੀ ਰਾਜਿਆਂ ਨੇ ਡਰ ਦੇ ਮਾਰੇ, ਜ਼ਾਲਮ ਦਾ ਸਾਥ ਦਿੱਤਾ। ਹਰੇਕ ਜੀਵ, ਬੇਬਸੀ ਤੇ ਲਾਚਾਰੀ ਵਿੱਚ, ਜ਼ੁਲਮ ਦੇ ਤੂਫ਼ਾਨੀ ਵੇਗ ਦੇ ਨਾਲ ਨਾਲ ਵਹਿ ਰਿਹਾ ਸੀ। ਇਸ ਵੇਗ ਦਾ ਮੂੰਹ ਮੋੜਨ ਲਈ ਹਜ਼ੂਰ ਨੇ ਇਤਿਹਾਸਕ ਫੈਸਲੇ ਕੀਤੇ। ਹਰੇਕ ਵਿਚ ਇਨਕਲਾਬ ਲਿਆਂਦਾ, ਤਾਂਕਿ ਹਰੇਕ ਪਿਆਰੇ ਗੁਰਸਿੱਖ ਨੂੰ ਇਨਕਲਾਬੀ ਰਾਹ ਤੇ ਚਲਣ ਵਿਚ ਕੋਈ ਔਕੜ ਨ ਪਵੇ; ਜੇ ਪਵੇ ਤਾਂ ਉਸ ਦਾ ਟਾਕਰਾ ਸ਼ੇਰ ਬਣ ਕੇ ਕਰ ਸਕੇ। ਗੁਰਦੇਵ ਜੀ ਨੇ ਸੰਗਤ ਬਦਲੀ (ਗੁਰ ਸੰਗਤ ਕੀਨੀ ਖਾਲਸਾ), ਸਰੂਪ ਬਦਲਿਆ, ਵਿਚਾਰ ਬਦਲੇ, ਕਰਮ ਬਦਲੇ, ਰਿਸ਼ਤੇ ਬਦਲੇ, ਨਿਸ਼ਾਨ ਬਦਲਿਆ। ਇਸੇ ਕਾਰਨ ਆਪ ਜੀ ਨੂੰ ਵਿਸ਼ਵ ਭਰ ਵਿਚ ਇਕ ਮਹਾਨ ਪਰਿਵਰਤਣ-ਕਰਤਾ ਹੋਣ ਦਾ ਸੁਭਾਗ ਪ੍ਰਾਪਤ ਹੈ। ਭਾਵੇਂ ਪਰਤੱਖ ਨੂੰ ਪਰਮਾਣ ਦੀ ਲੋੜ ਨਹੀਂ ਹੁੰਦੀ, ਫਿਰ ਵੀ ਸੱਚ-ਬਿਆਨੀ ਇਕ ਮਾਣ ਭਰੀ ਹਕੀਕਤ ਹੁੰਦੀ ਹੈ। ਵਰਤਮਾਨ ਦੇ ਭੌਤਿਕਵਾਦੀ ਯੁਗ ਵਿਚ ਸਗਲ ਸ੍ਰਿਸ਼ਟੀ ਦੀ ਬਹੁ-ਗਿਣਤੀ ਪੁਰਾਤਨ ਅਧਿਆਤਮਕ ਰੀਤਾਂ ਤੇ ਸਦਾਚਾਰਕ ਖ਼ੂਬੀਆਂ ਤਿਆਗ ਕੇ ਤਾਮਸੀ ਗੁਣਾਂ ਵਿਚ ਗ੍ਰਸਦੀ ਜਾ ਰਹੀ ਹੈ, ਪਰ ਦਸਮੇਸ਼ ਪਿਤਾ ਦਾ ਖਾਲਸਾ ਆਪਣੀ ਗੁਰਮੁਖੀ ਚਾਲ ਨੂੰ ਵਿਗਿਆਨਕ ਯੁਗ ਦੇ ਨਿਯਮਾਂ ਦੇ ਅਨੁਕੂਲ ਰੱਖਦਿਆਂ ਵੀ ਆਪਣੇ ਅਸਲੀ ਸਰੂਪ ਵਿਚ ਸੁਸ਼ੋਭਿਤ ਹੋ ਤੇ ਪਦਾਰਥਵਾਦੀ ਵਾਤਾਵਰਨ ਦੇ ਨਿਤਾਪ੍ਰਤੀ ਬਦਲਦੇ ਹਾਲਾਤ ਤੋਂ ਸੁਤੰਤਰ, ਨਿਰਲੇਪ ਤੇ ਨਿਆਰਾ ਹੈ।

ਇਕ ਉਹ ਵੀ ਸਮਾਂ ਸੀ ਜਦ ਕਿ ਪਗੜੀ ਇਨਸਾਨ ਦੀ ਇੱਜ਼ਤ ਦਾ ਪ੍ਰਤੀਕ ਸੀ। ਉਹ ਇੱਜ਼ਤ ਮਾਨ-ਮਤੀਆਂ ਨੇ ਆਪਣੇ ਆਪ ਪੈਰਾਂ ਵਿਚ ਰੋਲ ਦਿੱਤੀ। ਪਰ ਗੁਰਦੇਵ ਜੀ ਨੇ: 'ਸਾਬਤ ਸੂਰਤਿ ਦਸਤਾਰ ਸਿਰਾ।''* ਅਰਥਾਤ, ਸਾਬਤ ਸੂਰਤ ਤੇ ਦਸਤਾਰ ਸਿਰਾ, ਦੋਹਾਂ ਨੂੰ ਸਿੱਖੀ ਦਾ ਅਤੁੱਟ ਅੰਗ ਬਣਾਇਆ, ਚਰਨ-ਪਾਹੁਲ ਦੇ ਥਾਂ ਖੰਡੇ ਦੇ ਅੰਮ੍ਰਿਤ ਦੀ ਦਾਤਿ ਬਖਸ਼ੀ ਤੇ ਬਾਣੀ ਦੇ ਨਾਲ ਸ਼ੇਰ ਦਾ ਬਾਣਾ ਦਿੱਤਾ, ਜਿਸ ਦੇ ਫਲ-ਸਰੂਪ ਹਰੇਕ ਗੁਰਸਿੱਖ ਸਰਦਾਰ ਜੀ ਦੇ ਨਾਮ ਨਾਲ ਸਨਮਾਨਿਆ ਜਾਂਦਾ ਹੈ। ਅੰਮ੍ਰਿਤ ਨੇ ਐਸੀ ਅਦਭੁਤ ਕਲਾ ਵਰਤਾਈ, ਜਿਵੇਂ ਬਹਾਰ ਦੇ ਮੌਸਮ ਨੇ ਕਣ ਕਣ ਵਿਚ ਨਵਾਂ ਰੰਗ ਭਰ ਦਿੱਤਾ ਹੋਵੇ। ਮਨ ਸਰਸੋਂ ਦੇ ਖਿੜੇ ਫੁੱਲਾਂ ਵਾਂਗਰ ਸਰਸੇ ਗਏ, ਖਿੜ ਗਏ ਤੇ ਪ੍ਰਫੁੱਲਤ ਹੋ ਗਏ। ਸਿੱਖਾਂ ਸੰਤਾਂ ਦੇ ਹਿਰਦਿਆਂ ਵਿਚ ਸਦਾ-ਬਹਾਰ ਦੇ ਬੂਟੇ ਉਗਮ ਪਏ। ਦਰਦਾਂ, ਪੀੜਾਂ, ਰੋਗਾਂ ਦਾ ਘਾਣ ਹੋ ਗਿਆ।

ਬੇਦਨ ਸਤਿਗੁਰਿ ਆਪਿ ਗਵਾਈ ॥
ਸਿਖ ਸੰਤ ਸਭਿ ਸਰਸੇ ਹੋਏ ਹਰਿ ਹਰਿ ਨਾਮੁ ਧਿਆਈ ॥ਰਹਾਉ॥੭੦॥ ( ਸੋਰਠਿ ਮ: ੫ -੬੨੬

ਨਾਮ ਰਸ ਨਾਲ ਸਰਸ਼ਾਰ (ਮਗਨ) ਹਿਰਦਿਆਂ ਵਿਚ ਰਿਸ਼ੀਆਂ, ਮੁਨੀਆਂ ਦੀ ਰੂਹਾਨੀਅਤ ਤੇ ਕਸ਼ੱਤਰੀਆਂ ਦੀ ਬਹਾਦਰੀ ਦੇ ਸੋਮੇ ਫੁੱਟ ਪਏ। ਖਾਲਸਈ ਸੰਗਤ ਮਿਲੀ, ਨਾਸ਼ਵਾਨ ਸੰਸਾਰਕ ਨਾਤੇ ਸਥਿਰ ਰਿਸ਼ਤਿਆਂ ਵਿਚ ਤਬਦੀਲ ਹੋ ਗਏ। ਉਨ੍ਹਾਂ ਦੇ ਵਿਚਾਰਾਂ ਵਿਚ ਨਿਡਰਤਾ ਤੇ ਪਰਉਪਕਾਰੀ ਭਾਵਨਾਵਾਂ ਨੇ ਸਦੀਵੀ ਅਸਥਾਨ ਬਣਾ ਲਿਆ।

ਇਹ ਗੁਰਦੇਵ ਜੀ ਦੇ ਅੰਮ੍ਰਿਤ-ਨਾਮ ਦੇ ਮਜੀਠੇ ਰੰਗ ਦੀ ਰੰਗਣ ਸੀ, ਬਚਨਾਂ ਦੇ ਅਣਿਆਲੇ ਤੀਰ ਸਨ, ਨੇਤਰਾਂ ਦੀ ਅਗੰਮੀ ਕਸ਼ਸ਼ ਦੀ ਤਾਸੀਰ ਸੀ ਜਾਂ ਸਮੁੱਚੀ ਸ਼ਖਸੀਅਤ ਦਾ ਜਾਦੂਮਈ ਪ੍ਰਭਾਵ ਸੀ ਕਿ ਸਮਾਜਕ, ਧਾਰਮਕ, ਨੈਤਿਕ ਤੇ ਰਾਜਨੀਤਕ ਖੇਤਰਾਂ ਵਿਚ ਇਨਕਲਾਬ ਦਾ ਸਥਾਈ ਰੰਗ ਚੜ੍ਹ ਗਿਆ, ਜਿਹੜਾ ਆਪ ਜੀ ਦੇ ਜੋਤੀ ਜੋਤਿ ਸਮਾਉਣ ਬਾਅਦ ਵੀ ਫਿੱਕਾ ਨਹੀਂ ਪਿਆ, ਸਗੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਤਾਂ ਸਿਖਰ ਦੀਆਂ ਮੰਜ਼ਲਾਂ ਤੱਕ ਪਹੁੰਚ ਗਿਆ ਸੀ। ਪੁਰਾਣੀਆਂ ਵਿਸ਼ਵਾਸ ਦੀਆਂ ਨਦੀਆਂ ਸੁੱਕ ਗਈਆਂ, ਇਸ ਦੇ ਥਾਂ ਬਾਰ੍ਹਾਂ ਮਹੀਨੇ ਚਲੰਤ ਦਰਿਆ, ਅਸਗਾਹ ਵਲ ਵਹਿਣ ਲਈ ਪ੍ਰਗਟ ਹੋ ਗਏ। ਇਨ੍ਹਾਂ ਅੱਗੇ ਅਤਿਆਚਾਰ ਦੇ ਪਹਾੜ ਟੁੱਟ ਕੇ ਚੂਰ ਹੋ ਗਏ। ਸਹਜ, ਟਿਕਾਉ ਤੇ ਇਕ-ਰਸ ਦੇ ਨਾਲੇ ਵਿਚ ਸ਼ਾਮਲ ਹੋ ਗਏ, ਜਿਨ੍ਹਾਂ ਨੇ ਨਾ-ਕੇਵਲ

*ਮਾਰੂ ਸੋਲਹੇ ਮ: ੫, ਅੰਕ ੧੨, ਪੰਨਾ ੧੦੮੩-੮੪


www.AKJ.Org

ਦਰਿਆਵਾਂ ਨੂੰ ਸੂਤ ਵਿਚ ਰੱਖ ਕੇ ਕੰਧੀ ਢਾਹੁਣ ਤੋਂ ਵਰਜਿਆ, ਸਗੋਂ ਚੁਗਿਰਦੇ ਦੀਆਂ ਸੁੱਕੀਆਂ ਧਰਤੀਆਂ ਦੀਆਂ ਕੁਮਲਾਈਆਂ ਖੇਤੀਆਂ ਹਰੀਆਂ ਤੇ ਫਲ-ਭਰੀਆਂ ਬਣਾ ਦਿੱਤੀਆਂ। ਲਹਿਰਾਂ ਦੇ ਪ੍ਰਬਲ ਵੇਗ ਨੇ ਰਵਾਇਤੀ ਜੰਮੀਆਂ ਚਟਾਨਾਂ ਨੂੰ ਮੋਮ ਬਣਾ ਕੇ ਢਾਲ ਦਿੱਤਾ। ਇਉਂ ਗੁਰਦੇਵ ਜੀ ਨੂੰ ਮਹਾਨ ਪਰਿਵਰਤਨ-ਕਰਤਾ ਦੇ ਰੂਪ ਵਿਚ ਸਨਮਾਨਤ ਕਰਨਾ ਅੱਤਕਥਨੀ ਨਹੀਂ, ਇਕ ਜੀਊਂਦੀ ਜਾਗਦੀ ਸਚਾਈ ਹੈ।

ਜੇ ਉਸ ਨਾਜ਼ਕ ਸਮੇਂ ਦੇ ਵਾਤਾਵਰਨ ਨੂੰ ਧਿਆਨ ਵਿਚ ਰੱਖੀਏ ਤਾਂ ਗੁਰਦੇਵ ਜੀ ਦੀ ਅਤਿ ਅਨੂਠੀ ਕਰਾਮਾਤੀ ਕਲਾ ਹੋਰ ਵੀ ਨਿੱਖਰ ਕੇ ਦਿਖਾਈ ਦਿੰਦੀ ਹੈ। ਇਸ ਤਹਰੀਕ ਦੀ ਬੁਨਿਆਦ ਜੋਤਿ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖੀ, ਜਿਨ੍ਹਾਂ ਦਾ ਹਿਰਦਾ ਭਾਰਤ-ਵਾਸੀਆਂ ਦੀ ਕਰੁਣਾ ਭਰੀ ਦਸ਼ਾ ਤੱਕ ਕੇ ਦ੍ਰਵ ਗਿਆ ਸੀ। ਇਸ ਤੋਂ ਅਗਲਾ ਕਾਰਜ ਜਿਹੜਾ ਅਕਾਲ ਪੁਰਖ ਦੇ ਬਿਰਦ ਨਾਲ ਸੰਬੰਧਤ ਹੈ, ਦਸਵੇਂ ਜਾਮੇ ਵਿਚ ਸੰਗਠਤ ਸੰਸਥਾ ਦੀ ਸਥਾਪਨਾ ਕਰ ਕੇ ਪੂਰਾ ਕੀਤਾ। ਗੁਰਦੇਵ ਜੀ ਦਾ ਫ਼ੁਰਮਾਨ ਹੈ—

ਕਰੁਣਾਲਯ ਹੈਂ ॥ ਅਰਿ ਘਾਲਯ ਹੈਂ ॥੧੭੧॥ (ਜਾਪੁ ਸਾਹਿਬ)

ਗੁਰਦੇਵ ਜੀ ਨੇ ਦੁਸ਼ਟਾਂ, ਦੁਸ਼ਮਨਾਂ ਦੇ ਵਿਨਾਸ਼ ਲਈ ਗੁਹ-ਦੀਖਿਆ ਦੀ ਐਸੀ ਧਾਰਮਕ ਪਰੰਪਰਾ ਚਾਲੂ ਕੀਤੀ, ਜਿਸ ਦੇ ਕਲਾਤਮਿਕ ਪ੍ਰਭਾਵ ਨੂੰ ਅੱਜ ਤਕ ਹਕੂਮਤਾਂ ਸਵੀਕਾਰ ਕਰਦੀਆਂ ਆਈਆਂ ਹਨ। ਤੇ ਕਹਿੰਦੀਆਂ ਹਨ ਕਿ ਖੰਡੇ ਦਾ ਅੰਮ੍ਰਿਤ ਪਾਨ ਕਰਨ ਵਾਲੇ ਗੁਰਸਿੱਖ ਵਿਚ ਏਨੀ ਜੁਰਅਤ, ਦਲੇਰੀ ਤੇ ਦ੍ਰਿੜ੍ਹਤਾ ਉਤਪੰਨ ਹੁੰਦੀ ਹੈ ਕਿ ਉਹ ਨਿਸਚਿਤ ਮਿਸ਼ਨ ਜਾਂ ਕਾਰਜ ਨੂੰ ਪੂਰਾ ਕਰ ਕੇ ਰਹਿੰਦਾ ਹੈ, ਭਾਵੇਂ ਉਸ ਨੂੰ ਆਪਣੀ ਜਾਨ ਤਲੀ ਤੇ ਵੀ ਕਿਉਂ ਨ ਰੱਖਣੀ ਪਵੇ।

ਗ਼ੁਲਾਮੀ ਦੇ ਜੂਲੇ ਨੇ ਭਾਰਤ ਦੇ ਸਰੂਪ ਨੂੰ ਮਹਿਮਿਆ ਤੇ ਨਕਾਰਾ ਬਣਾ ਕੇ ਅਪਾਹਜ ਰੋਗੀ ਬਣਾ ਰੱਖਿਆ ਸੀ। ਇਸ ਦੇ ਗੁੱਝੇ ਰੋਗ ਸਾਧਾਰਨ ਹਕੀਮਾਂ ਦੀ ਬੁੱਧੀ ਦੇ ਘੇਰੇ ਤੋਂ ਬਾਹਰ ਹੀ ਰਹੇ। ਰੋਗ-ਰਹਿਤ ਸਤਿਗੁਰ ਜੋਗੀ ਨੇ ਪੂਰਨ ਵੈਦ ਦੇ ਰੂਪ ਵਿਚ ਨਾ-ਕੇਵਲ ਰੋਗਾਂ ਦੀ ਪਛਾਣ ਕੀਤੀ, ਬਲਕਿ ਰੋਗੀਆਂ ਦਾ ਯੋਗ ਇਲਾਜ ਕਰ ਕੇ, ਉਨ੍ਹਾਂ ਨੂੰ ਸਦਾ ਲਈ ਬਿਮਾਰੀਆਂ ਤੋਂ ਮੁਕਤ ਕਰਾਇਆ। ਗੁਰ ਫ਼ੁਰਮਾਨ ਹੈ—

ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ ॥
ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥੨॥੨੨॥ (ਮ: ੨, ਵਾਰ ਮਾਝ, ਪੰਨਾ ੧੪੮)

ਭਾਰਤ-ਮਾਤਾ ਭਾਂਤ ਭਾਂਤ ਦੇ ਰੋਗਾਂ ਵਿਚ ਗ੍ਰਸਤ ਸੀ, ਉਨ੍ਹਾਂ ਵਿਚੋਂ ਤਨ ਤੇ ਮਨ ਦਾ ਸੋਕੜਾ, ਦਰਦਾਂ ਤੇ ਅਣਖੀ ਖ਼ੂਨ ਦੀ ਕਮੀ ਪਰਤੱਖ ਵਿਆਪਕ ਸਨ। ਆਲਸ ਤੇ ਨਿਰਬਲਤਾ ਦਾ ਲੱਛਣ ਨਬਜ਼ ਦੀ ਧੀਮੀ ਗਤੀ ਤੋਂ ਪਰਤੱਖ ਸੀ। ਉਸ ਦੇ ਪਿਆਰੇ ਸਪੂਤਾਂ ਦੀ ਸ਼ੇਰ-ਦਿਲੀ ਬੁਜ਼-ਦਿਲੀ ਵਿਚ ਬਦਲੀ ਹੋਈ ਸੀ। ਗੁਰਦੇਵ ਜੀ ਦੀ ਜੁਗਤੀ ਸਰਬ-ਪੱਖੀ ਤੇ ਸੰਪੂਰਨ ਸੀ। ਹਜ਼ੂਰ ਨੇ ਹੀਣ ਭਾਵਨਾ ਤੇ ਆਤਮ-ਨਿਰਬਲਤਾ ਦਾ ਅਹਿਸਾਸ ਕਰਵਾਇਆ। ਇਨ੍ਹਾਂ ਰੋਗਾਂ ਦੀ ਨਵਿਰਤੀ ਲਈ ਖੰਡੇ ਦਾ ਅੰਮ੍ਰਿਤ ਪਾਨ ਕਰਵਾਇਆ, ਸਤਿਸੰਗਤ ਬਖਸ਼ੀ, ਖਾਲਸਾ ਪ੍ਰਗਟਾਇਆ। ਨਾਮ ਸਿਮਰਨ ਅਭਿਆਸ ਨੇ ਜੰਮੇ ਹੋਏ ਖ਼ੂਨ ਵਿਚ ਗਰਮੀ ਤੇ ਹਰਕਤ ਲਿਆਂਦੀ। ਸ਼ਸਤਰ ਅਭਿਆਸ ਤੇ ਸਰੀਰਕ ਕਸਰਤ ਲਾਜ਼ਮੀ ਕਰਾਰ ਕੀਤੇ, ਇਸ ਦਾ ਸਿੱਟਾ ਇਹ ਨਿਕਲਿਆ ਕਿ ਗੁਰਸਿੱਖ ਬੱਚੇ ਤੇ ਨੌਜਵਾਨ ਦੀ ਕਾਇਆਂ, ਸੁੰਦਰ ਸੁਡੌਲ ਤੇ ਬਲਵਾਨ ਬਣ ਗਈ।

ਮੁਗਲ ਸੈਨਾ ਦਾ ਜ਼ਬਰਦਸਤ ਹੱਲਾ ਹੋਵੇ, ਜਾਂ ਅੱਖੀਆਂ ਦੇ ਸਾਹਮਣੇ ਵਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਹੋਵੇ, ਹਜ਼ੂਰ ਦਾ ਦਿਲ ਕਦੇ ਵੀ ਢਹਿੰਦੀਆਂ ਕਲਾ ਵਿਚ ਨਹੀਂ ਗਿਆ, ਚਿਹਰੇ ਤੇ ਗ਼ਮ ਤੇ ਮਲਾਲ ਨਹੀਂ ਆਇਆ। ਬੇਸਰੋ-ਸਾਮਾਨ, ਇਕੱਲੇ, ਨੰਗੀ ਪੈਰੀਂ, ਅੰਧੇਰੀ ਰਾਤ ਵਿਚ ਸਫਰ ਕੀਤਾ, ਪਰ ਪਿਆਰੇ 'ਸੱਜਣ ਯਾਰ' ਦੀ ਰਜ਼ਾ ਨੂੰ ਅੰਮ੍ਰਿਤ ਸਮਝ ਕੇ ਮੰਨਿਆ। ਪਹਾੜੀ ਰਾਜਿਆਂ ਨੇ ਨਾ-ਮਿਲਵਰਤਣ ਤੇ ਵਿਰੋਧਤਾ ਕੀਤੀ, ਪਰ ਹਜ਼ੂਰ ਨੇ ਸੰਕਟ ਵਿਚ ਉਨ੍ਹਾਂ ਦੀ ਸਹਾਇਤਾ ਕਰਨੀ ਨਹੀਂ ਤਿਆਗੀ, ਪਰਉਪਕਾਰੀ ਕਾਰਜ ਵਿਚ ਵਿਘਨ ਨਹੀਂ ਪਾਇਆ, ਹਮਦਰਦੀ ਦੇ ਜਜ਼ਬਾਤ ਨੂੰ ਠੇਸ ਨਹੀਂ ਲਗਣ ਦਿੱਤੀ। ਐਨ ਮੌਕੇ ਤੇ ਤਨਖ਼ਾਹਦਾਰ ਪਠਾਣਾਂ


www.AKJ.Org

ਨੇ ਧੋਖਾ ਕੀਤਾ ਤੇ ਵੈਰੀ ਨਾਲ ਮਿਲ ਕੇ ਜੁੱਧ ਕੀਤਾ, ਪਰ ਹਜ਼ੂਰ ਦਾ ਮਨ ਪਛਤਾਵੇ ਦੀ ਅਗਨੀ ਤੋਂ ਨਿਰਲੇਪ ਰਿਹਾ ਤੇ ਜੰਗ ਕਰਨ ਦਾ ਉਤਸ਼ਾਹ ਠੰਢਾ ਨਹੀਂ ਪਿਆ। ਆਪ ਜੀ ਨੇ ਛੋਟੇ ਮਾਸੂਮ ਬੱਚਿਆਂ ਦੀ ਬੇਮਿਸਾਲ ਤੇ ਰੌਂਗਟੇ ਖੜੇ ਕਰਨ ਵਾਲੀ ਕੁਰਬਾਨੀ ਦੀ ਘਟਨਾ ਸੁਣ ਕੇ ਅਕਾਲ ਪੁਰਖ ਦੇ ਕਰਜ਼ੇ ਉਤਾਰਨ ਦੇ ਬਚਨ ਕੀਤੇ ਤੇ ਭਾਣੇ ਵਿਚ ਫਿੱਕ ਨਹੀਂ ਪੈਣ ਦਿੱਤਾ। ਹੋਰ ਕਿਸੇ ਨੇ ਰੁਕਾਵਟ ਪਾਈ, ਸ਼ਿਕਾਇਤ ਕੀਤੀ, ਈਰਖਾ ਕੀਤੀ, ਚੁਗਲੀ ਖਾਧੀ, ਮਜਾਲ ਹੈ ਕਿ ਗੁਰਦੇਵ ਜੀ ਨੇ ਚਿੰਤਾ, ਫ਼ਿਕਰ, ਪ੍ਰੇਸ਼ਾਨੀ ਨੂੰ ਨਿਕਟ ਫਟਕਣ ਦਿੱਤਾ। ਸਤਿਗੁਰੂ ਜੀ ਦੇ ਪ੍ਰਤੀਕਰਮ ਦੀ ਦਾਸਤਾਨ ਵਾਹਦ ਹੈ, ਅਨੋਖੀ ਹੈ।

ਗੁਰਦੇਵ ਜੀ ਨੇ ਖਾਲਸੇ ਨੂੰ "ਖਾਲਸਾ ਮੇਰੋ ਰੂਪ ਹੈ ਖਾਸ" ਬਖਾਨਿਆ ਤੇ ਆਪਣੇ ਸਾਰੇ ਰੱਬੀ ਗੁਣਾਂ ਦਾ ਅਟੁੱਟ ਭੰਡਾਰ, ਖਾਲਸੇ ਦੀ ਝੋਲੀ ਪਾਇਆ। ਇਉਂ ਕਹੋ ਕਿ ਹਜ਼ੂਰ ਨੇ ਆਪਣੀ ਆਯੂ ਦਾ ਇਕ-ਇਕ ਪਲ ਅਧਿਆਤਮਕ ਗੁਣ ਪ੍ਰਗਟਾਉਣ, ਗੈਰਤ ਦੀ ਭਾਵਨਾ ਜਗਾਉਣ ਤੇ ਸਰੀਰਕ ਸ਼ਕਤੀ ਵਧਾਉਣ ਦੇ ਲੇਖੇ ਲਾਇਆ। ਜਿਸ ਜਿਸ ਪ੍ਰਾਣੀ ਨੇ ਹਜ਼ੂਰ ਦੇ ਹੱਥੋਂ ਅੰਮ੍ਰਿਤ ਪਾਨ ਕੀਤਾ, ਉਹ ਜੀ ਉੱਠਿਆ; ਨਵੀਂ ਨਰੋਈ ਜ਼ਿੰਦਗੀ ਜੀਊਣ ਦਾ ਹੱਕਦਾਰ ਬਣਿਆ। ਜੋ ਜ਼ਾਲਮ ਦੇ ਪੱਥਰ-ਦਿਲ ਦ੍ਰਵੇ ਨਹੀਂ ਤਾਂ ਸਿੰਘਾਂ ਨੇ ਤੋੜ ਕੇ ਚੂਰ ਕਰ ਦਿੱਤੇ। ਇਹ ਕਹਾਵਤ ਸਚਾਈ ਤੇ ਨਿਰਭਰ ਹੈ ਕਿ "ਜੋ ਲੜਿਆ ਸੋ ਝੜਿਆ, ਜੋ ਸ਼ਰਨ ਪਿਆ ਸੋ ਤਰਿਆ।"

ਵੈਸਾਖੀ ਦਾ ਪੁਰਬ ਸਾਨੂੰ ਸੰਨ ੧੬੯੯ ਦੇ ਉਸ ਪਾਵਨ ਦਿਹਾੜੇ ਦੀ ਯਾਦ ਦਿਵਾਉਂਦਾ ਹੈ, ਜਿਸ ਦਿਨ ਕਲਾਧਾਰੀ ਦਸਮੇਸ਼ ਪਿਤਾ ਨੇ ਸਰਬ-ਕਾਲੀ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ, ਅਕਾਲ ਪੁਰਖ ਦੇ ਰਚੇ ਹੋਏ ਇਨਸਾਨੀ ਜਾਮਿਆਂ ਨੂੰ, ਇਹ ਅਨੋਖਾ ਆਬੇ-ਹਯਾਤ ਪਿਲਾ ਕੇ ਖਾਲਸਾ ਸਾਜਿਆ ਤੇ ਫਰਸ਼ ਤੋਂ ਉਠਾ ਕੇ ਅਰਸ਼ ਉੱਚ ਸਿੰਘਾਸਣ ਤੇ ਬਿਠਾਇਆ।

---

[ਸਫ਼ਾ ੩੬ ਦੀ ਬਾਕੀ]

ਸਭ ਤੋਂ ਪਹਿਲਾਂ ਈਰਾਨੀ ਫੌਜ ਵਿਰੁਧ ਹੰਗਾਮਾ ਉਠ ਖੜਾ ਹੋਇਆ ਸੀ, ਵਿਚੋਂ ੭੦੦ ਕੈਦ ਕੀਤੇ ਆਦਮੀਆਂ ਦੇ ਨੱਕ ਕੰਨ ਵਢਵਾ ਦਿਤੇ।

(੪) ਨਾਦਰ ਸ਼ਾਹ ਵਲੋਂ ਕੀਤੀ ਲੁਟ ਦੇ ਵੇਰਵੇ ਤੇ ਅੰਕੜੇ ਇਸ ਪ੍ਰਕਾਰ ਹਨ: ਤਖਤੇ ਤਾਊਸ, ਹੀਰੇ ਜਵਾਹਰਾਤ, ਸੋਨਾ ਚਾਂਦੀ, ਜ਼ੇਵਰ ਆਦਿ, ਜੋ ਮਣਾ-ਮੂੰਹੀ ਸੀ, ਤੋਂ ਬਿਨਾਂ ੭੦ ਕਰੋੜ ਨਕਦ, ਕੀਮਤੀ ਫਰਨੀਚਰ, ਕਾਲੀਨ, ਗਲੀਚੇ, ਕੀਮਤੀ ਪਰਦੇ, ਰੇਸ਼ਮੀ ਸ਼ਾਹੀ ਕਪੜੇ, ਜਿਨ੍ਹਾਂ ਦਾ ਕੋਈ ਹਿਸਾਬ ਹੀ ਨਹੀਂ ਸੀ। ਬਾਦਸ਼ਾਹ ਦੇ ਮਹਲ ਤੇ ਹਿਰਮ ਦੀ ਦਿਲ ਖੋਲ੍ਹ ਕੇ ਲੁਟ ਕੀਤੀ। ਸੋਨੇ ਚਾਂਦੀ ਦੇ ਸਭ ਭਾਂਡੇ ਉਠਾ ਲਏ। ਮੋਤੀ ਮਸਜਿਦ ਵਿਚ ਪਏ ਵੁਜ਼ੂ ਵਾਲੇ ਸੋਨੇ ਚਾਂਦੀ ਦੇ ਲੋਟੇ ਵੀ ਚੁੱਕ ਲਏ। ਜੋ ਨਜ਼ਰ ਪਿਆ, ਛਡਿਆ ਨਹੀਂ।

ਸ਼ਾਹੀ ਅਸਤਬਲਾਂ ਵਿਚੋਂ ੧੦੦੦ ਹਾਥੀ ਸਮੇਤ ਹੁਮਾਰੀਆਂ, ੭੦੦੦ ਵਧੀਆ ਨਸਲ ਦੇ ਘੋੜੇ, ੧੦,੦੦੦ ਊਠ ਖੋਲ੍ਹ ਲਏ। ਨਾਦਰ ਦਿਆਂ ਅਫ਼ਸਰਾਂ ੧੦ ਕਰੋੜ ਦੀ ਮਾਲੀਅਤ ਦੇ ਸਾਮਾਨ ਤੇ ਹੱਥ ਸਾਫ਼ ਕੀਤਾ। ਉਸ ਨੇ ਆਪਣੀ ਫੌਜ ਦੀ ਤਨਖਾਹ ਦਾ ਕਈ ਸਾਲਾਂ ਦਾ ਬਕਾਇਆ ੨੦ ਕਰੋੜ ਦੇ ਕੇ ਚੁਕਤਾ ਕੀਤਾ। ਲੁਟ ਦਾ ਮਾਲ ਸਿੱਕੇ ਦੀ ਅੱਜ ਦੀ ਕੀਮਤ ਦੇ ਹਿਸਾਬ ਨਾਲ ਕਈ ਮਾਂ ਖਰਬਾਂ ਦਾ ਬਣਦਾ ਹੈ। ਇਸ ਮਾਲ-ਮਤਾਅ ਤੋਂ ਬਿਨਾਂ ਉਸ ਨੇ ਹਜ਼ਾਰਾਂ ਦੀ ਗਿਣਤੀ ਵਿਚ ਮੁਸਲਮਾਨ ਤੇ ਹਿੰਦੂ ਖੂਬਸੂਰਤ ਲੜਕੀਆਂ ਤੇ ਮੁੰਡੇ ਢਕਾਂ ਬਣਾ ਲਏ। ੧੦੦ ਹੀਜੜੇ, ੧੩੦ ਉੱਚ ਕੋਟੀ ਦੇ ਲਿਖਾਰੀ, ੨੦੦ ਲੁਹਾਰ ਤੇ ਠਠਿਆਰ, ੩੦੦ ਆਲ੍ਹਾ ਦਰਜੇ ਦੇ ਰਾਜ ਮਿਸਤਰੀ, ੧੦੦ ਪੱਥਰ-ਘਾੜੇ, ਅਤੇ ੨੦੦ ਲਕੜੀ ਦਾ ਕੰਮ ਕਰਨ ਵਾਲੇ ਵੀ ਕੈਦ ਕਰ ਕੇ ਈਰਾਨ ਨੂੰ ਤੋਰ ਲਏ।

(੫) ਮੱਸੇ ਰੰਘੜ ਨੇ ਜੋ ਕੁਕਰਮ ਕੀਤੇ ਤੇ ਸਿੰਘਾਂ ਉਸ ਨੂੰ ਕਿਵੇਂ ਕਰਨੀ ਦਾ ਫਲ ਭੁਗਤਾਇਆ, ਵਿਸਥਾਰ ਸਹਿਤ "ਸੂਰਾ" ਵਿਚ ਦਾਸ ਵਲੋਂ ਪਹਿਲਾਂ ਹੀ ਦਿਤਾ ਜਾ ਚੁਕਾ ਹੈ। ਹੁਣ ਏਥੇ ਸੰਖੇਪ ਇਸ਼ਾਰਾ ਹੀ ਕਾਫ਼ੀ ਹੈ।



www.AKJ.Org

# ਇਕਨਾ ਨੋ ਸਭ ਸੋਝੀ ਆਈ

[ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ, 162-ਹਾਊਸਿੰਗ ਬੋਰਡ ਕਲੋਨੀ, ਅੰਮ੍ਰਿਤਸਰ]

"ਮਰਨਾ ਸੱਚ ਤੇ ਜੀਊਣਾ ਝੂਠ" ਗੁਰੂ ਨਾਨਕ ਸਾਹਿਬ ਜੀ ਨੇ ਦ੍ਰਿੜ੍ਹ ਕਰਵਾਇਆ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਕਥਨ ਹੈ :

ਬਚੈਗੋ ਨ ਕਿਉਹੂੰ ਕਰੈ ਕਾਲ ਚੋਟੰ ॥ ਲਿਖੰ ਜੰਤ੍ਰ ਕੇਤੇ ਪੜ੍ਹੰ ਮੰਤ੍ਰ ਕੋਟੰ ॥੬੧॥

[ਬਚਿਤ੍ਰ ਨਾਟਕ, ਅਧਿ: ੧

ਅਥਵਾ—ਜਿਤੇ ਅਉਲੀਆ ਅੰਬੀਆ ਹੋਇ ਬੀਤੇ ॥ ਤਿਤਿਓ ਕਾਲ ਜੀਤਾ ਨਾ ਤੇ ਕਾਲ ਜੀਤੇ ॥
ਜਿਤੇ ਰਾਮ ਸੇ ਕ੍ਰਿਸਨ ਹੁਇ ਬਿਸਨ ਆਏ ॥ ਤਿਤਿਓ ਕਾਲ ਖਾਪਿਓ ਨ ਤੇ ਕਾਲ ਘਾਏ ॥੨੮॥

[ਬਚਿਤ੍ਰ ਨਾਟਕ, ਅਧਿ: ੧

ਫਰੇਂਕਲਿਨ ਨੇ ਆਖਿਆ ਹੈ ਕਿ ਇਸ ਸੰਸਾਰ ਵਿਚ ਸਿਵਾਏ ਮੌਤ ਦੇ ਹੋਰ ਕੁਝ ਵੀ ਯਕੀਨੀ ਨਹੀਂ। ਗੁਰੂ ਤੇਗ ਬਹਾਦਰ ਸਾਹਿਬ ਦਾ ਵੀ ਫ਼ੁਰਮਾਨ ਹੈ :

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥੫੨॥ (ਪੰਨਾ ੧੪੨੮)

ਜਿਸ ਦਾ ਭਾਵ ਹੈ ਕਿ ਜੋ ਜੰਮਿਆ ਹੈ ਉਸ ਮਰਨਾ ਅਵੱਸ਼ ਹੈ, ਅੱਜ ਮਰ ਜਾਏ ਜਾਂ ਕਲ੍ਹ। ਮੌਤ ਇਕ ਐਸੀ ਕ੍ਰਿਆ ਹੈ ਜਿਸ ਅਵੱਸ਼ ਵਾਪਰਨਾ ਹੈ ਤੇ ਕੋਈ ਵੀ ਇਸ ਕਾਲ ਦੇ ਪੰਜੇ ਤੋਂ ਬੱਚ ਨਹੀਂ ਸਕਦਾ। ਸਿਰਫ਼ ਪਰਮਾਤਮਾ ਹੀ "ਅਕਾਲ" ਹੈ। ਸਭ ਰਿਸ਼ੀ-ਮੁਨੀ, ਅਵਤਾਰ, ਪੀਰ-ਪੈਗੰਬਰ, ਔਲੀਆ ਮੌਤ ਦੇ ਜਬਾੜੇ ਹੇਠ ਆ ਕੇ ਚਲੇ ਗਏ, ਕੋਈ ਵੀ ਬੱਚ ਨਹੀਂ ਸਕਿਆ। ਜਿਨ੍ਹਾਂ ਇਸ ਗੱਲ ਦਾ ਦਾਅਵਾ ਕੀਤਾ ਕਿ ਕਾਲ ਭਾਵ ਮੌਤ ਨੂੰ ਅਸਾਂ ਪਾਵੇ ਨਾਲ ਬੰਨ੍ਹਿਆ ਹੋਇਆ ਹੈ, ਉਹ ਵੀ ਉਸ ਦੀ ਲਪੇਟ ਵਿਚ ਆ ਗਏ। ਜਿਨ੍ਹਾਂ ਪਰਮੇਸ਼ਰ ਦੀ ਥਾਂ ਆਪਣਾ ਨਾਮ ਜਪਾਇਆ, ਉਹ ਵੀ ਮੌਤ ਤੋਂ ਬੱਚ ਨਾ ਸਕੇ। ਮੌਤ ਅਟੱਲ ਸਚਾਈ ਹੈ, ਇਸ ਨੂੰ ਟਾਲਿਆ ਨਹੀਂ ਜਾ ਸਕਦਾ। ਇਸ ਲਈ ਆਤਮਕ ਸੂਝ ਵਾਲੇ ਲੋਕ ਸੰਸਾਰਕ ਜੀਵਨ ਨੂੰ "ਸੁਪਨਾ", "ਧੂੰਏ ਦਾ ਪਹਾੜ" ਅਥਵਾ "ਰੇਤ ਦੀ ਕੰਧ" ਕਹਿੰਦੇ ਹਨ। ਗੁਰਬਾਣੀ ਵਿਚ ਇਸ ਸੰਸਾਰਕ ਜੀਵਨ ਨੂੰ "ਝੂਠ" ਅਥਵਾ "ਮਿਥਿਆ" ਮੰਨਿਆ ਗਿਆ ਹੈ। ਗੁਰੂ ਨਾਨਕ ਸਾਹਿਬ ਦਾ ਕਥਨ ਹੈ :

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥੧॥੧੦॥ (ਪੰਨਾ ੪੬੮)

ਇਸੇ ਵਿਚਾਰ ਨੂੰ ਮੁੱਖ ਰਖ ਕੇ ਫ਼ਰੀਦ ਜੀ ਨੇ ਸੰਸਾਰਕ ਹੋਂਦ ਦੀ ਨਾਸ਼ਮਾਨਤਾ ਉਤੇ ਜ਼ੋਰ ਦਿਤਾ ਹੈ। ਉਨ੍ਹਾਂ ਦੇ ਸਲੋਕਾਂ ਵਿਚ ਜੀਵਨ ਦੀ ਨਾਸ਼ਮਾਨਤਾ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟਾਈ ਗਈ ਹੈ। ਬਾਬਾ ਫ਼ਰੀਦ ਜੀ ਨੇ ਮੌਤ ਵਰਗੀ ਅਟੱਲ ਸਚਾਈ ਦਾ ਵਰਣਨ ਆਪਣੀ ਰਚਨਾ ਵਿਚ ਕੇਵਲ ਇਸ ਲਈ ਨਹੀਂ ਕੀਤਾ ਕਿ ਉਹ ਲੋਕਾਂ ਵਿਚ ਨਿਰਾਸ਼ਾ ਫੈਲਾਉਣਾ ਚਾਹੁੰਦੇ ਸਨ, ਸਗੋਂ ਉਹ ਤਾਂ ਜਗਿਆਸੂਆਂ ਨੂੰ ਇਸ ਤੱਥ ਦੀ ਸਚਾਈ ਤੋਂ ਜਾਣੂ ਕਰਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਇਸ ਤੱਥ ਦਾ ਵਰਣਨ ਬੜੇ ਮੰਤਕੀ ਢੰਗ ਨਾਲ ਕੀਤਾ ਹੈ। ਦਲੀਲ ਨਾਲ ਸਮਝਾਇਆ ਹੈ ਕਿ ਮਨੁਖ ਕਿਧਰੇ ਇਸ ਸੰਸਾਰ ਨੂੰ ਸਥਿਰ ਸਮਝਣ ਦੀ ਭੁਲ ਨਾ ਕਰ ਬੈਠੇ।

"ਉਨ੍ਹਾਂ ਦੇ ਸਲੋਕਾਂ ਵਿਚ ਸੰਸਾਰ-ਨਾਸ਼ਮਾਨਤਾ ਦਾ ਵਰਣਨ ਵੇਖ ਕੇ ਕਈ ਆਲੋਚਕਾਂ ਨੇ ਉਨ੍ਹਾਂ ਨੂੰ ਨਿਰਾਸ਼ਾਵਾਦੀ ਕਹਿਣ ਦੀ ਗਲਤੀ ਕੀਤੀ ਹੈ। ਅਸਲ ਵਿਚ ਫਰੀਦ ਜੀ ਦੀ ਫ਼ਿਲਾਸਫ਼ੀ ਨੂੰ ਪੱਛਮੀ ਪਦਾਰਥਕ ਫ਼ਿਲਾਸਫ਼ੀ ਦੀ ਕਸਵੱਟੀ ਤੋਂ ਪਰਖਣਾ ਹੀ ਭੁੱਲ ਹੈ। ਇਹ ਫ਼ਿਲਾਸਫ਼ੀ ਅੰਤਰੀਵ, ਅੰਤਰਮੁਖੀ ਜਾਂ ਰਹੱਸਵਾਦੀ ਹੈ।" (ਬਾਬਾ ਫਰੀਦ ਦਰਸ਼ਨ, ਪੰਨਾ ੩੨)

ਬਿਰਹਾ ਨੂੰ ਸੁਲਤਾਨ ਆਖਣ ਵਾਲੇ ਤੇ "ਬਾਰਿ ਪਰਾਇਐ ਬੈਸਣਾ ਸਾਂਈ ਮੁਝੇ ਨ ਦੇਹਿ" ਕਹਿਣ ਵਾਲੇ ਅਤੇ "ਬੁਰੇ ਦਾ ਭਲਾ ਕਰਨ ਵਾਲੇ", "ਪਾਤਣੀ ਨੂੰ ਸੁਚੇਤ ਰਹਿਣ" ਦਾ ਉਪਦੇਸ਼ ਕਰਨ ਵਾਲੇ ਫ਼ਰੀਦ ਸਾਹਿਬ



www.AKJ.Org

ਨਿਰਾਸ਼ਾਵਾਦੀ ਕਦੀ ਨਹੀਂ ਹੋ ਸਕਦੇ।

"ਮਨੁੱਖ ਜੰਮਦਾ ਤੇ ਮਰਦਾ ਹੈ", ਇਸ ਤੱਥ ਨੂੰ ਸਮਝਾਉਣ ਲਈ ਫ਼ਰੀਦ ਜੀ ਨੇ "ਜਿੰਦ ਵਹੁਟੀ ਮਰਣੁ ਵਰੁ" ਦੇ ਰੂਪਕ ਰਾਹੀਂ ਬੜੇ ਯਥਾਰਥਕ ਢੰਗ ਨਾਲ ਸਮਝਾਇਆ ਹੈ ਕਿ ਜਿੰਦ ਰੂਪੀ ਵਹੁਟੀ ਨੂੰ ਮੌਤ ਰੂਪੀ ਵਰ ਨੇ ਅਵੱਸ਼ ਪ੍ਰਣਾ ਕੇ ਲੈ ਜਾਣਾ ਹੈ। ਕਥਨ ਹੈ :

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥੧॥ (ਪੰਨਾ ੧੩੭੭)

ਜਿਥੇ ਉਹ ਮੌਤ ਦੇ ਹੱਥੋਂ ਮਨੁੱਖੀ ਜੀਵਨ ਦਾ ਅੰਤ ਹੋਣਾ ਦਰਸਾਉਂਦੇ ਹਨ, ਉਥੇ ਸਵਾਸਾਂ ਨੂੰ ਸੰਭਾਲ ਕੇ ਵਰਤਣਾ ਵੀ ਦਸਦੇ ਹਨ, ਤਾਕਿ ਜੋ ਗਿਣਵੇਂ ਦਿਨ ਮਿਲੇ ਹਨ, ਨਾਮ ਜਪਣ ਬਿਨਾਂ ਅੰਞਾਈਂ ਨ ਚਲੇ ਜਾਣ :

ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ ॥
ਜੇ ਜਾਣਾ ਸਹੁ ਨੰਢੜਾ ਤਾਂ ਥੋੜਾ ਮਾਣੁ ਕਰੀ ॥੪॥

ਜੀਵਨ-ਯਾਤਰਾ ਸਹਜ ਭਾਵ ਨਾਲ ਹੀ ਸਫਲ ਹੋ ਸਕਦੀ ਹੈ। ਇਸ ਜੀਵਨ-ਯਾਤਰਾ ਵਿਚ ਕੋਈ ਮਾਅਰਕੇ ਦਾ ਕੰਮ ਕੀਤਾ ਜਾਣਾ ਚਾਹੀਦਾ ਹੈ। ਸ਼ੈਰੀਡਾਨ ਲਿਖਦਾ ਹੈ :—

"A life spent worthily should be measured by deeds, not years.

ਜਨਮ, ਬਚਪਨ, ਜੁਆਨੀ, ਬੁਢੇਪਾ ਤੇ ਮੌਤ ਜੀਵਨ ਦੇ ਪੜਾਅ ਮੰਨੇ ਗਏ ਹਨ। ਵੈਸੇ ਤਾਂ ਮੌਤ ਦਾ ਕੋਈ ਖ਼ਾਸ ਸਮਾਂ ਨਿਸਚਿਤ ਨਹੀਂ, ਪਰ ਆਮ ਕਰਕੇ ਮੰਨਿਆ ਜਾਂਦਾ ਹੈ ਕਿ ਬੁਢੇਪੇ ਪਿਛੋਂ ਮੌਤ ਅਵੱਸ਼ ਹੋਣੀ ਹੀ ਹੈ। ਇਸ ਲਈ ਫ਼ਰੀਦ ਸਾਹਿਬ ਪੈਰ ਪੈਰ ਤੇ ਮਨੁੱਖ ਨੂੰ ਬੁਢੇਪੇ ਦੀ ਤਸਵੀਰ ਵਿਖਾ ਕੇ ਉਸ ਨੂੰ ਉਸ ਦਾ ਅੰਤ ਯਾਦ ਕਰਾਉਂਦੇ ਹਨ, ਜਿਵੇਂ ਤਾੜਨਾ ਕਰ ਰਹੇ ਹੋਣ ਕਿ ਐ ਭੁੱਲੇ ਜੀਵ! ਜ਼ਿੰਦਗੀ ਵਿਚ ਹੁਣ ਹੋਰ ਕੋਈ ਮੌਕਾ ਬਾਕੀ ਨਹੀਂ ਬਚਿਆ। ਉਹ ਆਪਣੇ ਆਪ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ—

ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ ॥
ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ ॥੪੧॥ (ਪੰਨਾ ੧੩੮੦)

ਜ਼ੋਰ "ਤਨੁ ਹੋਸੀ ਖੇਹ" ਉਤੇ ਹੈ, ਜਿਵੇਂ ਹੋਰ ਸਲੋਕਾਂ ਵਿਚ ਕਹਿੰਦੇ ਹਨ :—

(੧) ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ ॥
ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ ॥੧੬॥ (ਪੰਨਾ ੧੩੭੮)

(੨) ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥੯॥

(੩) ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ ॥
ਸਾਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ ॥੧੦॥

(੪) ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ ॥੧੧॥ (ਪੰਨਾ ੧੩੭੮)

ਇਨ੍ਹਾਂ ਸਾਰਿਆਂ ਸਲੋਕਾਂ ਦਾ ਭਾਵ ਬੁਢੇਪੇ ਦੀ ਤਸਵੀਰ ਵਿਖਾਉਣੀ ਹੈ ਤੇ ਮੌਤ ਦੀ ਚਿਤਾਉਣੀ ਕਰਾਉਣੀ ਹੈ। ਸ਼ਾਇਦ ਕਿਸੇ ਨੂੰ ਭੁਲੇਖਾ ਹੋਵੇ ਕਿ ਧਨਾਢ ਪੁਰਸ਼ ਮਾਇਆ ਦੇ ਜ਼ੋਰ ਨਾਲ ਮੌਤ ਤੋਂ ਬੱਚ ਰਹਿਣਗੇ। ਪਰ ਜਦ ਸ਼ਦਾਦ, ਨਮਰੂਦ, ਸਿਕੰਦਰ, ਰਾਵਣ ਆਦਿ ਨਾ ਬਚੇ ਤਾਂ ਹੋਰ ਕੌਣ ਇਸ ਦੇ ਪੰਜੇ ਤੋਂ ਸੁਰੱਖਿਅਤ ਰਹਿ ਸਕਦਾ ਹੈ। ਮਣਾ-ਮੂੰਹੀਂ ਧਨ-ਦੌਲਤ ਰਖਣ ਵਾਲੇ, ਕਿਲ੍ਹੇ, ਕੋਟ ਤੇ ਮੰਡਪ-ਮਾੜੀਆਂ ਦੇ ਮਾਲਕ ਵੀ ਗੋਰਾਂ


www.AKJ.Org

ਵਿਚ ਜਾ ਪਏ :

ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥
ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥੪੬॥

ਨਾ-ਸਿਰਫ ਬਾਦਸ਼ਾਹ, ਅਮੀਰ, ਖ਼ਾਨ, ਉਮਰਾਵ ਹੀ ਇਸ ਮੌਤ ਦਾ ਸ਼ਿਕਾਰ ਹੋਏ, ਸਗੋਂ ਬੜੇ ਬੜੇ ਸ਼ੇਖ, ਫ਼ਕੀਰ, ਔਲੀਆ, ਨੱਬੀ, ਰਿਸ਼ੀ, ਮੁਨੀ, ਭਗਤ, ਸੰਤ, ਸਭ ਆਪੋ ਆਪਣੀ ਵਾਰੀ ਚਲ ਵੱਸੇ । ਕਥਨ ਹੈ—

ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ ॥੪੭॥

ਇਸੇ ਲਈ ਫ਼ਰੀਦ ਜੀ ਉਪਦੇਸ਼ ਦੇਂਦੇ ਹਨ : ਕੋਠੇ, ਮੰਡਪ, ਮਾੜੀਆਂ ਵਿਚ ਚਿਤ ਨਾ ਲਗਾਅ, ਕਿਉਂਕਿ ਇਹ ਸਭ ਕੁਝ ਏਥੇ ਹੀ ਰਹਿ ਜਾਣਾ ਹੈ, ਸਗੋਂ ਉਸ ਥਾਂ ਦਾ ਫਿਕਰ ਕਰ, ਜਿਥੇ ਤੂੰ ਅੰਤ ਪੱਕਾ ਡੇਰਾ ਜਾ ਲਾਣਾ ਹੈ :—

—ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥
ਮਿਟੀ ਪਈ ਅਤੋਲਵੀ ਕੋਈ ਨ ਹੋਸੀ ਮਿਤੁ ॥੫੭॥
—ਫਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ ॥
ਸਾਈ ਜਾਇ ਸਮ੍ਹਾਲਿ ਜਿਥੈ ਹੀ ਤਉ ਵੰਞਣਾ ॥੫੮॥

ਕੁਝ ਵੀ ਸਥਿਰ ਨਹੀਂ, ਸਭ ਕੁਝ ਨਾਸ਼ਮਾਨ ਹੈ । ਇਹ ਸੰਸਾਰ ਛਿਨ-ਭੰਗਰੀ ਹੈ । ਏਥੇ ਕਿਸੇ ਨੇ ਸਦਾ ਬੈਠ ਨਹੀਂ ਰਹਿਣਾ । ਜਿਸ ਠਿਕਾਣੇ ਤੇ ਅੱਜ ਅਸੀਂ ਬੈਠੇ ਹਾਂ, ਏਥੇ ਪਤਾ ਨਹੀਂ ਕਿੰਨੇ ਲੋਕ ਪਹਿਲੋਂ ਬੈਠ ਬੈਠ ਕੇ ਚਲੇ ਗਏ :—

ਸੇਖ ਹਯਾਤੀ ਜਗਿ ਨ ਕੋਈ ਥਿਰੁ ਰਹਿਆ ॥
ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥੫॥੨॥ (ਪੰਨਾ ੪੮੮)

ਜਿਨ੍ਹਾਂ ਸਰੋਵਰਾਂ ਕੰਢੇ ਬੈਠ ਕੇ ਪੰਛੀਆਂ ਨੇ ਰੌਣਕਾਂ ਲਾਈਆਂ, ਨਾ ਉਹ ਸਰੋਵਰ ਰਹੇ, ਨਾ ਪੰਛੀ । ਸਭ ਕੁਝ ਬਿਨਸਣਹਾਰ ਹੈ :—

ਚਲਿ ਚਲਿ ਗਈਆਂ ਪੰਖੀਆਂ ਜਿਨੀ ਵਸਾਏ ਤਲ ॥
ਫਰੀਦਾ ਸਰੁ ਭਰਿਆ ਭੀ ਚਲਸੀ ਥਕੇ ਕਵਲ ਇਕਲ ॥੬੬॥

ਸਰੀਰ ਰੂਪੀ ਭਾਂਡਾ ਭੱਜ ਗਿਆ ਤੇ ਸੁਆਸਾਂ ਰੂਪੀ ਲੱਜ ਟੁਟ ਗਈ, ਜਦੋਂ ਕਿਸੇ ਦੇ ਘਰ ਮੌਤ ਦਾ ਫ਼ਰਿਸ਼ਤਾ ਪ੍ਰਾਹੁਣਾ ਆ ਬਣਿਆ । ਮੌਤ ਦੀ ਆਵੱਸ਼ਕਤਾ ਪ੍ਰਗਟ ਕਰਦੇ ਹੋਏ ਫਰੀਦ ਸਾਹਿਬ ਕਹਿੰਦੇ ਹਨ :—

ਫਰੀਦਾ ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲਜੁ ॥
ਅਜਰਾਈਲੁ ਫਰੇਸਤਾ ਕੈ ਘਰਿ ਨਾਠੀ ਅਜੁ ॥੬੮॥

ਜਦੋਂ ਫ਼ਰੀਦ ਸਾਹਿਬ ਕਹਿੰਦੇ ਹਨ ਕਿ ਤੈਨੂੰ ਜਨਮ ਦੇਣ ਵਾਲੇ ਮਾਪੇ ਤੇਰੇ ਵੇਖਦਿਆਂ ਵੇਖਦਿਆਂ ਤੇਰੇ ਕੋਲੋਂ ਚਲ ਵਸੇ, ਪਰ ਕੀ ਤੈਨੂੰ ਅਜੇ ਵੀ ਮੌਤ ਦਾ ਯਕੀਨ ਨਹੀਂ ਹੋਇਆ ? ਤਾਂ ਕਿਤਨੀ ਤਰਕ ਤੇ ਦਲੀਲ ਨਾਲ ਸਮਝਾਂਦੇ ਹਨ :—

ਫਰੀਦਾ ਕਿਥੈ ਤੈਡੇ ਮਾਪਿਆ ਜਿਨੀ ਤੂ ਜਣਿਓਹਿ ॥
ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥੭੩॥

ਕਰਮ-ਇੰਦਰੀਆਂ ਦੇ ਕਮਜ਼ੋਰ ਪੈ ਜਾਣ ਨਾਲ, ਸਰੀਰਕ ਨਿਰਬਲਤਾ ਦਾ ਜ਼ਿਕਰ ਕਰਦੇ ਹੋਏ ਬੁਢਾਪੇ ਤੇ ਮੌਤ ਦੀ ਚਿਤਾਵਣੀ ਦੇਂਦੇ ਹੋਏ (ਫ਼ਰੀਦ ਸਾਹਿਬ) ਫ਼ੁਰਮਾਂਦੇ ਹਨ :—

ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥
ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥੭੭॥

ਮੌਤ ਪੁਕਾਰ ਪੁਕਾਰ ਕੇ ਮਨੁੱਖ ਨੂੰ "ਨਾਸ਼ਮਾਨਤਾ" ਦਾ ਅਹਿਸਾਸ ਕਰਾ ਰਹੀ ਹੈ । ਅਸਲ ਟਿਕਾਣਾ, ਜਿਥੇ


www.AKJ.Org

ਹਰ ਹਾਲਤ ਵਿਚ ਪੁਜਣਾ ਹੈ, ਉਹ ਹੈ ਕਬਰ, ਭਾਵ ਮਨੁਖ ਦੀ ਸਥਾਈ ਥਾਂ। ਬੇ-ਘਰੇ ਜੀਵ ਨੂੰ ਘਰ ਪਰਤਣ ਲਈ ਆਵਾਜ਼ਾਂ ਪੈ ਰਹੀਆਂ ਹਨ :—

ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ ॥
ਸਰਪਰ ਮੈਥੈ ਆਵਣਾ ਮਰਣਹੁ ਨਾ ਡਰਿਆਹੁ ॥੯੩॥

ਪਰ ਮਹਾਂ ਪੁਰਸ਼ ਉਪਦੇਸ਼ ਦੇ ਰਹੇ ਹਨ "ਮਰਨ ਤੋਂ ਨਾ ਡਰ", ਮਰਨਾ ਤਾਂ ਸੂਰਮਿਆਂ ਦਾ ਹੱਕ ਹੈ, ਤਾਂ ਜੁ ਉਹ ਮਰ ਕੇ ਵਾਹਿਗੁਰੂ ਦੀ ਦਰਗਾਹ ਵਿਚ ਪਰਵਾਨ ਹੋ ਸਕੇ। ਗੁਰੂ ਨਾਨਕ ਸਾਹਿਬ ਦਾ ਕਥਨ ਹੈ :—

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥੩॥ (ਪੰਨਾ ੫੭੯-੮੦)

ਗੁਰੂ ਅਰਜਨ ਸਾਹਿਬ ਦਾ ਪ੍ਰੇਰਨਾ ਭਰਿਆ ਕਥਨ ਹੈ ਕਿ ਜੋ ਚੀਜ਼ ਛੱਡ ਕੇ ਅਵੱਸ਼ ਜਾਣੀ ਹੈ, ਉਸ ਨੂੰ ਅਸਥਿਰ ਕਰ ਕੇ ਨਾ ਸਮਝੋ। ਕੇਵਲ ਪ੍ਰਭੂ ਹੀ ਸਦਾ ਸਥਿਰ ਹੈ। ਪਰ ਇਹ ਮਨੁੱਖ ਇਨ੍ਹਾਂ ਬਿਨਸਨਹਾਰ ਪਦਾਰਥਾਂ ਨੂੰ ਸਥਿਰ ਸਮਝੀ ਬੈਠਾ ਹੈ :—

ਜੋ ਛਡਨਾ ਸੁ ਅਸਥਿਰੁ ਕਰਿ ਮਾਨੈ ॥ ਜੋ ਹੋਵਨੁ ਸੋ ਦੂਰਿ ਪਰਾਨੈ ॥
ਛੋਡਿ ਜਾਇ ਤਿਸ ਕਾ ਸ੍ਰਮੁ ਕਰੈ ॥ ਸੰਗਿ ਸਹਾਈ ਤਿਸੁ ਪਰਹਰੈ ॥੪॥੪॥
(ਸੁਖਮਨੀ ਸਾਹਿਬ, ਪੰਨਾ ੨੬੭)

ਭੁਲੇਖਾ ਉਸ ਗੱਲ ਦਾ ਹੁੰਦਾ ਹੈ ਜੋ ਪਰਤੱਖ ਤੇ ਪ੍ਰਗਟ ਨਾ ਹੋਵੇ, ਪਰ 'ਪਰਤੱਖ ਨੂੰ ਕੀ ਪ੍ਰਮਾਣ' ਅਨੁਸਾਰ ਜਦੋਂ ਸਾਡੇ ਸਾਹਮਣੇ ਲੋਕ ਇਸ ਨਾਸ਼ਮਾਨ ਸੰਸਾਰ ਨੂੰ ਛੱਡ ਕੇ ਤੁਰਦੇ ਚਲੇ ਜਾ ਰਹੇ ਹਨ ਤਾਂ ਭਰਮ-ਭੁਲੇਖੇ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ। ਇਸੇ ਲਈ ਫਰੀਦ ਜੀ ਕਹਿੰਦੇ ਹਨ ਕਿ ਮੈਨੂੰ ਆਪਣਾ ਫ਼ਿਕਰ ਹੈ ਕਿ ਮੌਤ ਆ ਜਾਣੀ ਹੈ ਤੇ ਮੈਂ ਕੁਝ ਵੀ ਕੀਤਾ ਨਹੀਂ :—

ਏਨੀ ਲੋਇਣੀ ਦੇਖਦਿਆ ਕੇਤੀ ਚਲਿ ਗਈ ॥
ਫਰੀਦਾ ਲੋਕਾਂ ਆਪੋ ਆਪਣੀ ਮੈ ਆਪਣੀ ਪਈ ॥੯੪॥

ਜੀਵਨ ਦੀ ਸਾਰਥਕਤਾ ਉਤੇ ਬਿਲਕੁਲ ਭਰੋਸਾ ਨਹੀਂ, ਕਿਉਂਕਿ ਜੀਵਨ ਤਾਂ ਨਦੀ-ਕਿਨਾਰੇ-ਰੁੱਖ ਅਤੇ ਕੱਚੇ ਘੜੇ ਵਾਂਗ ਹੈ। ਨਾ ਉਸ ਰੁੱਖ ਦਾ ਪਤਾ ਹੈ ਕਿ ਕਦੋਂ ਕਿਨਾਰੇ ਨੂੰ ਢਾਅ ਲਗੇ ਤੇ ਰੁੱਖ ਨਦੀ ਵਿਚ ਜਾ ਡਿੱਗੇ ਤੇ ਨਾ ਉਸ ਕੱਚੇ ਭਾਂਡੇ ਦਾ ਵਿਸਾਹ ਹੈ, ਪਤਾ ਨਹੀਂ ਕਦੋਂ ਪਾਣੀ ਨਾਲ ਗਲ ਕੇ ਉਸ ਦੀ ਹਸਤੀ ਖਤਮ ਹੋ ਜਾਵੇ। ਫ਼ਰੀਦ ਸਾਹਿਬ ਇਸ ਸਚਾਈ ਨੂੰ ਬੜੇ ਸੁਹਣੇ ਰੂਪਕਾਂ ਰਾਹੀਂ ਸਮਝਾਂਦੇ ਹਨ :

ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰ ॥
ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈਂ ਨੀਰੁ ॥੯੬॥

ਮਨੁੱਖ ਜ਼ਿੰਦਗੀ ਵਿਚ ਬੜੇ ਅਡੰਬਰ ਖਿਲਾਰਦਾ ਹੈ ਤੇ ਇਸ ਤਰਾਂ ਪਸਰ ਕੇ ਬੈਠਦਾ ਹੈ ਜਿਵੇਂ ਇਥੋਂ ਕਦੇ ਜਾਣਾ ਹੀ ਨਾ ਹੋਵੇ। ਪਰ ਮੌਤ ਤਾਂ ਅਚਣਚੇਤ ਇਸ ਤਰ੍ਹਾਂ ਆ ਦਬੋਚਦੀ ਹੈ, ਜਿਸ ਤਰ੍ਹਾਂ ਦਰਿਆ-ਕੰਢੇ ਬੈਠੇ ਮੱਛੀਆਂ ਡੱਡੀਆਂ ਦੇ ਸ਼ਿਕਾਰੀ ਬਗਲੇ ਨੂੰ ਉਤੋਂ ਹੀ ਬਾਜ਼ ਆ ਪਵੇ ਤੇ ਉਸ ਬਗਲੇ ਨੂੰ ਆਪਣੀਆਂ ਸਾਰੀਆਂ ਚਲਾਕੀਆਂ ਭੁੱਲ ਜਾਣ, ਤਿਵੇਂ ਹੀ ਮਨੁੱਖ ਦੀ ਹਾਲਤ ਹੈ। ਮੌਤ ਦੇ ਆਇਆਂ ਉਸ ਦੀਆਂ ਸਾਰੀਆਂ ਖੇਡਾਂ ਖਿੱਲਰੀਆਂ ਹੀ ਰਹਿ ਜਾਂਦੀਆਂ ਹਨ। ਫਰੀਦ ਸਾਹਿਬ ਦੇ ਸ਼ਬਦਾਂ ਵਿਚ—

ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥
ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥
ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥੯੯॥

ਫਰੀਦ ਸਾਹਿਬ ਦੀ ਰਚਨਾ ਵਿਚ ਦਲੀਲ ਹੈ, ਮੰਤਕ ਹੈ। ਨਿਰਾ ਹੀ ਜਜ਼ਬਾ ਨਹੀਂ, ਹਰ ਗੱਲ ਨੂੰ ਕਹਿਣ



www.AKJ.Org

ਲਗਿਆਂ ਉਹ ਉਸ ਨੂੰ ਆਪਣੇ ਜੀਵਨ-ਤਜਰਬੇ ਵਿਚ ਸਮੋ ਕੇ ਕਹਿੰਦੇ ਹਨ। ਜਿਵੇਂ ਰੁੱਤਾਂ ਇਕ-ਸਮਾਨ ਨਹੀਂ ਰਹਿੰਦੀਆਂ, ਪ੍ਰਕਿਰਤੀ ਵਿਚ ਤਬਦੀਲੀ ਹੋਣੀ ਆਵੱਸ਼ਕ ਹੈ, ਤਬਦੀਲੀ ਕੁਦਰਤ ਦਾ ਨਿਯਮ ਹੈ। ਜੀਵ-ਜੰਤੂ, ਬਨਸਪਤੀ ਵੀ ਸਦਾ ਲਈ ਜ਼ਿੰਦਾ ਨਹੀਂ ਰਹਿੰਦੇ। ਹਰ ਚੀਜ਼ ਦਾ ਨਿਕਾਸ ਤੇ ਵਿਨਾਸ਼ ਹੁੰਦਾ ਹੈ, ਹਰ ਜੀਵ ਨੇ ਮੌਤ ਦਾ ਸ਼ਿਕਾਰ ਹੋਣਾ ਹੈ। ਫ਼ਰੀਦ ਸਾਹਿਬ ਦਾ ਇਹ ਕਥਨ ਹੈ :—

ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ ॥
ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ ਨਾਹਿ ॥੧੦੨॥

ਇਸ ਸਾਰੀ ਵਿਚਾਰ ਦਾ ਸਿੱਟਾ ਇਹ ਨਿਕਲਦਾ ਹੈ ਕਿ ਸੰਸਾਰਕ-ਜੀਵਨ ਨਾਸ਼ਮਾਨ ਹੈ। ਮਨੁੱਖ ਨੇ ਸਦਾ ਏਥੇ ਬੈਠ ਨਹੀਂ ਰਹਿਣਾ। ਇਸ ਲਈ ਉਸ ਨੂੰ ਆਪਣੀ ਜ਼ਿੰਦਗੀ ਭਰਮ-ਭੁਲੇਖੇ ਤੇ ਗ਼ਫ਼ਲਤ ਵਿਚ ਨਹੀਂ ਗੁਆ ਦੇਣੀ ਚਾਹੀਦੀ। ਸਗੋਂ ਜੋ ਗਿਣਵੇਂ ਦਿਹਾੜੇ ਮਨੁੱਖਾ-ਜਨਮ ਦੇ ਪ੍ਰਾਪਤ ਹੋਏ ਹਨ, ਉਨ੍ਹਾਂ ਨੂੰ ਨੇਕ ਕੰਮਾਂ ਵਿਚ ਲਗਾ ਕੇ ਸਾਰਥਕ ਕਰਨਾ ਚਾਹੀਦਾ ਹੈ। ਜਿਹੜੇ ਲੋਕ ਇਹ ਸਮਝਦੇ ਹਨ ਕਿ ਫ਼ਰੀਦ ਜੀ ਨੇ ਮੌਤ ਦਾ ਬਾਰ ਬਾਰ ਜ਼ਿਕਰ ਕਰ ਕੇ ਮਨੁੱਖ ਨੂੰ ਡਰਾਇਆ ਹੈ, ਉਹ ਉਨ੍ਹਾਂ ਦੇ ਜੀਵਨ-ਸਿਧਾਂਤ ਨੂੰ ਸਮਝ ਹੀ ਨਹੀਂ ਸਕੇ। ਫਰੀਦ ਸਾਹਿਬ ਤਾਂ ਜੀਵਨ ਸਹੀ ਅਰਥਾਂ ਵਿਚ ਗੁਜ਼ਾਰਨ ਦੀ ਪ੍ਰੇਰਨਾ ਦਿੰਦੇ ਹਨ। ਜਿਨ੍ਹਾਂ ਨੂੰ ਇਸ ਭੇਦ ਦਾ ਪਤਾ ਲਗ ਗਿਆ, ਉਹ ਸੋਝੀਵਾਨ ਹਨ। ਉਹ ਲੋਕ ਮੌਤ ਨਾਲ ਮਖ਼ੌਲਾਂ ਕਰਦੇ ਹਨ, ਉਸ ਤੋਂ ਡਰਦੇ ਨਹੀਂ। ਜੋ ਮੌਤ ਤੋਂ ਬੇਪਰਵਾਹ ਹੋ ਕੇ ਵਿਚਰਦੇ ਹਨ ਉਨ੍ਹਾਂ ਲਈ ਮੌਤ ਇਕ ਭਿਅੰਕਰ ਕਾਰਾ ਹੈ। ਫਰੀਦ ਸਾਹਿਬ ਇਸ ਭੇਦ ਨੂੰ ਇਸ ਤਰ੍ਹਾਂ ਸਮਝਾਂਦੇ ਹਨ :—

ਫਰੀਦ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ॥
ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ ॥੯੮॥

ਜਿਨ੍ਹਾਂ ਨੂੰ ਇਹ ਸੋਝੀ ਆ ਗਈ ਤੇ ਇਸ ਅਟੱਲ ਸਚਾਈ ਨੂੰ ਸਮਝ ਗਏ, ਉਹ ਫੇਰ ਹੱਸ ਹੱਸ ਚਰਖੜੀਆਂ ਤੇ ਚੜ੍ਹ ਜਾਂਦੇ ਹਨ, ਖੋਪਰੀਆਂ ਉਤਰਵਾ ਲੈਂਦੇ ਹਨ, ਦੇਗਾਂ ਵਿਚ ਉਬਲ ਜਾਂਦੇ ਹਨ, ਫਾਂਸੀਆਂ ਦੇ ਰੱਸੇ ਗਲਾਂ ਵਿਚ ਪਾ ਲੈਂਦੇ ਹਨ, ਬੰਦ ਬੰਦ ਕਟਵਾ ਲੈਂਦੇ ਹਨ।


# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਅਣਡਿੱਠੀ ਦੁਨੀਆ | ੨੫-੦੦ | ਗੁਰਮਤਿ ਨਾਮ ਅਭਿਆਸ ਕਮਾਈ | ੨੦-੦੦ |
| ਗੁਰਮਤਿ ਲੇਖ | ੨੦-੦੦ | ਨਾਮ ਤੇ ਨਾਮ ਦਾ ਦਾਤਾ | ੨੦-੦੦ |
| ਗੁਰਮਤਿ ਵਿਚਾਰ | ੨੦-੦੦ | ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ ? | ੧੨-੦੦ |
| ਗੁਰਮਤਿ ਪ੍ਰਕਾਸ਼ | ੧੫-੦੦ | ਗੁਰਮਤਿ ਸੱਚ ਨਿਰਣੈ | ੧੫-੦੦ |
| ਗੁਰਮਤਿ ਬਿਬੇਕ | ੨੦-੦੦ | ਰੰਗਲੇ ਸੱਜਣ | ੨੦-੦੦ |
| ਜੇਲ੍ਹ ਚਿੱਠੀਆਂ | ੩੫-੦੦ | ਗੁਰਮਤਿ ਗੌਰਵਤਾ | ੩੨-੦੦ |
| ਅਨਹਦ ਸ਼ਬਦ ਦਸਮ ਦੁਆਰ | ੧੫-੦੦ | ਸਚਖੰਡ ਦਰਸ਼ਨ | ੭-੫੦ |
| ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ | ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ |
| ਅੰਮ੍ਰਿਤ ਕੀ ਹੈ ? | ੩-੦੦ | ਨਾਮ ਸੰਬੰਧੀ ਵਿਚਾਰ | ੧-੭੫ |
| ਗੁਰਮਤਿ ਰਮਜ਼ਾਂ | ੨-੫੦ | ਬਾਬਾ ਵੈਦ ਰੋਗੀਆਂ ਦਾ | ੧-੦੦ |
| ਪਰਤੱਖ ਦਰਸ਼ਨ | ੧-੦੦ | ਤਿਮਰ ਅਗਿਆਨ ਤੋਂ ਉਜਿਆਰਾ | ੧-੦੦ |
| ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ | ਹਉਮੈ ਨਾਵੈ ਨਾਲਿ ਵਿਰੋਧ ਹੈ | ੧-੦੦ |
| ਵਾਹਿਗੁਰੂ ਸਿਮਰਨ | ੦-੭੫ | ਆਸਤਕ ਤੇ ਨਾਸਤਕ | ੦-੭੫ |





www.AKJ.Org

# "ਗੁਰਸਿਖੀ ਅੰਮ੍ਰਿਤੁ ਬੀਜਿਆ"

[ਗਿਆਨੀ ਹਰਿਬੰਸ ਸਿੰਘ ਜੀ 'ਤੇਗ', ਸਿੰਘ ਸਭਾ ਸਲੌਅ, ਯੂ. ਕੇ.]

ਅੰਮ੍ਰਿਤ ਦੇ ਅਖਰੀ ਅਰਥ ਤਾਂ 'ਮੌਤ ਤੋਂ ਰਹਿਤ' 'ਅਮਰ' ਹੈ, ਭਾਵ ਅਮਰ ਜੀਵਨ ਬਖਸ਼ਣ ਵਾਲੀ ਵਸਤੂ। ਹਿੰਦੂ ਗ੍ਰੰਥਾਂ ਅਨੁਸਾਰ ਖੀਰ ਸਮੁੰਦਰ ਨੂੰ ਦੇਵਤਿਆਂ ਤੇ ਰਾਖਸ਼ਾਂ ਵਲੋਂ ਰਿੜਕਣ ਸਮੇਂ ਜੋ ਚੌਦ੍ਹਾਂ ਰਤਨ ਨਿਕਲੇ ਮੰਨੇ ਜਾਂਦੇ ਹਨ, ਉਨ੍ਹਾਂ ਵਿਚ ਇਕ ਰਤਨ ਅੰਮ੍ਰਿਤ ਭੀ ਸੀ। ਦਸਿਆ ਗਿਆ ਕਿ ਇਸ ਅੰਮ੍ਰਿਤ-ਰਤਨ ਦੇ ਕਾਰਨ ਰਾਖਸ਼ਾਂ ਅਤੇ ਦੇਵਤਿਆਂ ਵਿਚ ਹੋਈ ਖੋਹਾ-ਖਾਹੀ ਵਿਚ ਅੰਮ੍ਰਿਤ ਦਾ ਇਹ ਘੜਾ ਚਾਰ ਥਾਵਾਂ ਉਤੇ ਡੁਲ੍ਹ ਗਿਆ। ਇੰਦਰ ਨੇ ਆਪਣੇ ਪੁਤਰ ਜੈਯੰਤ ਨੂੰ ਇਹ ਅੰਮ੍ਰਿਤ-ਘੜਾ ਸਵਰਗ ਨੂੰ ਲਿਜਾਣ ਲਈ ਕਿਹਾ ਸੀ ਤਾਂ ਸ਼ੁਕਰ-ਪ੍ਰੋਹਤ ਦੇ ਇਸ਼ਾਰੇ ਉਤੇ ਰਾਖਸ਼ਾਂ ਨੇ ਖੋਹਣਾ ਚਾਹਿਆ ਸੀ, ਜੋ ਹਰਿਦੁਆਰ, ਨਾਸਕ, ਪ੍ਰਾਗ ਤੇ ਉਜੈਨ ਦੇ ਥਾਵਾਂ 'ਤੇ ਡੁਲ੍ਹਣ ਕਾਰਨ, ਇਹ ਚਾਰ ਅਸਥਾਨ ਅੰਮ੍ਰਿਤ-ਕੁੰਡ ਬਣ ਗਏ, ਤੀਰਥ ਬਣ ਗਏ। ਸਵਰਗ ਵਿਚ ਤਾਂ ਇਹ ਚੌਦ੍ਹਵਾਂ ਰਤਨ ਨਹੀਂ ਜਾ ਸਕਿਆ, ਪਰ ਇਸ ਲੋਕ ਵਿਚ ਚਾਰ ਤੀਰਥ ਅੰਮ੍ਰਿਤ-ਕੁੰਡ ਤਾਂ ਬਣ ਹੀ ਗਏ। ਸਵਰਗ ਵਿਚ ਪਹਿਲਾਂ ਅੰਮ੍ਰਿਤ ਸੀ ਜਾਂ ਨਹੀਂ, ਫਿਰ ਅੰਮ੍ਰਿਤ ਸਵਰਗ ਨੂੰ ਕਦੋਂ ਗਿਆ ਤੇ ਕੌਣ ਲੈ ਕੇ ਗਿਆ, ਇਸ ਬਾਰੇ ਭੀ ਹਿੰਦੂ ਗ੍ਰੰਥ ਕੋਈ ਟੋਹ ਨਹੀਂ ਦਿੰਦੇ। ਇਸ ਡੁਲ੍ਹੇ ਅੰਮ੍ਰਿਤ ਕਾਰਨ ਚਿੰਤਾ ਅਤੇ ਭਟਕਣਾ ਭੀ ਹੋਈ, ਹਾਂ, ਇਨ੍ਹਾਂ ਕੁੰਡਾਂ ਚੋਂ ਵਗਦੇ ਜਲ ਵਿਚੋਂ ਅੰਮ੍ਰਿਤ ਦੀ ਭਾਲ ਅਜ ਤੀਕ ਹਿੰਦੂ ਲੋਕ ਸ਼ਰਧਾ ਨਾਲ ਕਰ ਰਹੇ ਹਨ।

ਵੇਦਾਂ ਵਿਚ ਭੀ ਵੈਦਿਕ ਰਿਸ਼ੀ-ਮੁਨੀਆਂ ਨੇ "ਸੋਮ-ਰਸ" ਨੂੰ ਪੀ ਕੇ ਅਮਰ (ਸੁਰਜੀਤ) ਹੋਣਾ ਮੰਨਿਆ ਹੈ। ਇਵੇਂ ਹੀ ਤਾਂਤਰਕ-ਮੱਤ ਵਾਲੇ ਐਸੇ ਰਸੀਲੇ ਪਦਾਰਥ ਦੀ ਖੋਜ ਵਿਚ ਹਨ, ਜਿਸ ਨੂੰ ਪੀ ਕੇ ਮਨੁਖ ਮੌਤ ਤੋਂ ਰਹਿਤ ਹੋ ਜਾਵੇ।

ਅਧਿਆਤਮਵਾਦੀ ਸਿਧ, ਜੋਗੀ, ਹੱਠੀ, ਜਪੀ ਅਤੇ ਤਪੀ ਲੋਕਾਂ ਨੇ ਦਸਮ ਦੁਆਰ ਤੋਂ ਝਰਦੇ ਅੰਮ੍ਰਿਤ ਦੀ ਬੂੰਦ ਨੂੰ ਪੀਣਾ ਅਤੇ ਅਮਰ ਹੋਣਾ ਮੰਨਿਆ ਹੈ। ਪਰੰਤੂ ਪਛਮੀ ਵਿਦਵਾਨ ਅਤੇ ਧਾਰਮਿਕ ਆਗੂਆਂ ਨੇ ਅੱਕ ਵਰਗੀ ਇਕ ਦੁਧੇਲੀ ਬੂਟੀ ਨੂੰ "ਸੰਜੀਵਨੀ" ਬੂਟੀ ਕਿਹਾ ਹੈ, ਭਾਵੇਂ ਇਹ ਬੂਟੀ ਅਜ ਤੀਕ ਕਿਸੇ ਵਿਅਕਤੀ ਨੂੰ ਲੱਭੀ ਨਹੀਂ।

ਯੂਨਾਨੀ ਫਿਲਾਸਫ਼ਰ-ਅਫ਼ਲਾਤੂਨ ਬਾਰੇ ਆਮ ਚਰਚਾ ਹੈ ਕਿ ਉਹ ਮੁਰਦੇ ਨੂੰ ਮੁੜ ਜੀਉਂਦਾ ਕਰ ਦਿੰਦਾ ਸੀ, ਪਰ ਅਮਰ ਉਹ ਭੀ ਨਹੀਂ ਸੀ ਕਰ ਸਕਦਾ। ਦੁਨੀਆ ਦਾ ਸਭ ਤੋਂ ਵਿਦਵਾਨ ਹਕੀਮ (ਡਾਕਟਰ) ਜੋ ਜੜ੍ਹੀ ਬੂਟੀਆਂ ਰਾਹੀਂ ਮੁਰਦੇ ਵਿਚ ਮੁੜ ਜਾਨ ਪਾਉਣ ਦੇ ਸਮਰੱਥ ਸੀ, ਪੰਤੂ ਉਹ ਵੀ ਆਪਣੇ ਗ੍ਰੰਥਾਂ (ਵੈਦਕ) ਵਿਚ ਐਸੀ ਬੂਟੀ ਬਾਰੇ ਨਹੀਂ ਲਿਖ ਸਕਿਆ, ਜਿਸ ਦੇ ਨਾਂ ਤੋਂ ਕੋਈ ਜਾਣੂ ਹੋ ਸਕੇ।

ਈਸਾਈਅਤ ਵਿਚ ਭੀ ਇਕ ਐਸੀ ਕਹਾਣੀ ਹੈ ਕਿ ਈਸਾ ਮਹਾਤਮਾ ਜੀ ਨੇ ਆਪਣੀ ਮਾਤਾ ਮਰੀਅਮ ਦੇ ਭਰਾ ਆਪਣੇ ਮਾਮੇ ਲਾਜ਼ਰਸ ਨੂੰ ਕਬਰ ਚੋਂ ਕਢ ਕੇ ਮੁੜ ਸੁਰਜੀਤ ਕਰ ਦਿਤਾ ਸੀ। ਬਾਈਬਲ ਵਿਚ ਐਸੀ ਔਸ਼ਧੀ ਭਾਵ ਅੰਮ੍ਰਿਤ ਦਾ ਜ਼ਿਕਰ ਭੀ ਆਉਂਦਾ ਹੈ।

ਮੁਸਲਮਾਨਾਂ ਦੇ ਕੁਰਾਨ ਮਜੀਦ ਵਿਚ ਭੀ "ਆਬਿ-ਹਯਾਤ" ਜ਼ਿੰਦਗੀ ਦੇਣ ਵਾਲੇ ਪਾਣੀ ਦਾ ਜ਼ਿਕਰ ਹੈ। ਸੰਸਾਰ-ਜੇਤੂ ਸਿਕੰਦਰ ਇਸੇ ਆਬਿ-ਹਯਾਤ (ਅੰਮ੍ਰਿਤ) ਨੂੰ ਢੂੰਡਦਾ ਢੂੰਡਦਾ ਹੀ ਇਸ ਸੰਸਾਰ ਚੋਂ ਕੂਚ ਕਰ ਗਿਆ। ਦਸਿਆ ਜਾਂਦਾ ਹੈ ਕਿ ਅੰਮ੍ਰਿਤ ਦੇ ਕੁੰਡ ਚੋਂ ਜਦੋਂ ਉਹ ਬੁਕ ਭਰ ਕੇ ਪੀਣ ਲਗਾ ਤਾਂ ਇਕ ਬਿਰਧ ਕਾਂ ਨੇ ਕੁਰਲਾ ਕੁਰਲਾ ਕੇ ਕਿਹਾ ਕਿ ਨਾ ਪੀਵੀਂ, ਮੇਰੀ ਤਰਸ ਯੋਗ ਹਾਲਤ ਦੇਖ, ਮੈਂ ਭੀ ਇਥੋਂ ਪਾਣੀ ਪੀਤਾ, ਮੈਂ ਮਰ ਭੀ ਨਹੀਂ ਰਿਹਾ, ਪਰੰਤੂ ਜੀਉਂਦਾ ਭੀ ਦੁਖੀ ਹਾਂ, ਮੇਰੀ ਜਾਨ ਨਹੀਂ ਨਿਕਲ ਰਹੀ। ਇਹ ਦੇਖ ਸਿਕੰਦਰ ਨੇ ਉਸ ਅੰਮ੍ਰਿਤ ਦਾ ਭਰਿਆ ਬੁਕ ਡੋਲ੍ਹ ਦਿਤਾ, ਪੀਤਾ ਨਾ।



www.AKJ.Org

ਹਿੰਦੂ ਮਿਥਿਹਾਸ ਜਾਂ ਇਤਿਹਾਸ ਵਿਚ ਗਰੁੜ ਨੂੰ ਭੀ ਅੰਮ੍ਰਿਤ ਦਾ ਰਖਿਅਕ ਮੰਨਿਆ ਗਿਆ ਹੈ, ਜੋ ਕਸ਼ਪ ਰਿਸ਼ੀ ਦਾ ਪੁਤਰ ਵਿਨਾਤਾ ਦੇ ਪੇਟੋਂ ਅਰੁਣ ਦਾ ਛੋਟਾ ਭਾਈ ਸੀ। ਇਸ ਨੂੰ ਵਿਨਾਤਾ ਦੀ ਸੌਂਕਣ ਕਦਰੂ ਦੇ ਪੁਤਰਾਂ (ਸੱਪਾਂ) ਦਾ ਦੁਸ਼ਮਣ ਕਿਹਾ ਜਾਂਦਾ ਹੈ। ਇਸ ਨੇ ਜਦੋਂ ਸਵਰਗ ਚੋਂ ਦੇਵਤਿਆਂ ਪਾਸੋਂ ਅੰਮ੍ਰਿਤ ਦਾ ਛੰਨਾ ਲਿਆਂਦਾ, ਇੰਦਰ ਨੇ ਖੋਹਣਾ ਚਾਹਿਆ ਸੀ ਤਾਂ ਗਰੁੜ ਨੇ ਸੰਭਾਲ ਲਿਆ ਸੀ। ਇਸੇ ਕਰਕੇ ਸੱਪਾਂ ਦੀ ਜ਼ਹਿਰ ਨੂੰ ਦੂਰ ਕਰਨ ਵਾਲੇ ਮੰਤਰ ਦਾ ਨਾਮ "ਗਰੁੜ ਮੰਤਰ" ਕਿਹਾ ਜਾਂਦਾ ਹੈ।

ਗੁਰਬਾਣੀ ਵਿਚ ਨਾਮ ਨੂੰ ਹੀ ਗਰੁੜ ਮੰਤਰ ਕਿਹਾ ਗਿਆ ਹੈ, "ਸ਼ਬਦ" ਨੂੰ ਹੀ ਗਰੁੜ ਕਿਹਾ ਹੈ, ਜੋ ਹਉਮੈ ਦੀ ਜ਼ਹਿਰ ਨੂੰ ਦੂਰ ਕਰਨ ਦੇ ਸਮਰੱਥ ਹੈ–

ਹਉਮੈ ਬਿਖੁ ਮਨੁ ਮੋਹਿਆ, ਲਦਿਆ ਅਜਗਰ ਭਾਰੀ ॥
ਗਰੁੜੁ ਸਬਦੁ ਮੁਖਿ ਪਾਇਆ, ਹਉਮੈ ਬਿਖੁ ਹਰਿ ਮਾਰੀ ॥੧॥੯॥ [ਮਲਾਰ ਮ: ੩,ਪੰਨਾ ੧੨੬੦

ਮਾਇਆ ਰੂਪੀ ਨਾਗਣੀ (ਸਪਣੀ) ਦੀ ਜ਼ਹਿਰ ਨੇ ਸਾਰੇ ਸੰਸਾਰ ਨੂੰ ਡਸਿਆ ਹੋਇਆ ਹੈ। ਇਸ ਜ਼ਹਿਰ ਨੂੰ ਦੂਰ ਕਰਨ ਲਈ ਹਰੀ ਦਾ ਨਾਮ, ਪ੍ਰਭੂ ਦਾ ਨਾਮ ਹੀ ਗਰੁੜ ਮੰਤਰ ਗੁਰਬਾਣੀ ਨੇ ਦਰਸਾਇਆ ਹੈ ਅਤੇ ਪੂਰਬਲੇ ਕਰਮਾਂ ਦੇ ਪ੍ਰਗਟ ਹੋਣ ਤੇ, ਸਤਿਗੁਰੂ ਦੇ ਮਿਲਣ ਨਾਲ ਇਹ ਨਾਮ-ਅੰਮ੍ਰਿਤ ਪ੍ਰਾਪਤ ਹੁੰਦਾ ਹੈ। ਨਾਮ ਹੀ ਸਹੀ ਅਰਥਾਂ ਵਿਚ ਅੰਮ੍ਰਿਤ ਹੈ, ਐਸੇ ਅਨੇਕਾਂ ਪ੍ਰਮਾਣਾਂ ਚੋਂ ਇਕ ਪ੍ਰਮਾਣ ਹੈ :–

ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ ॥
ਬਿਖੁ ਕਾ ਮਾਰਣੁ ਹਰਿਨਾਮੁ ਹੈ ਗੁਰ ਗਰੁੜ ਸਬਦੁ ਮੁਖਿ ਪਾਇ ॥
ਜਿਨ ਕਉ ਪੂਰਬਿ ਲਿਖਿਆ ਤਿਨ ਸਤਿਗੁਰੁ ਮਿਲਿਆ ਆਇ ॥
ਮਿਲਿ ਸਤਿਗੁਰ ਨਿਰਮਲੁ ਹੋਇਆ ਬਿਖੁ ਹਉਮੈ ਗਇਆ ਬਿਲਾਇ ॥
(ਸਲੋਕ ਮ: ੩, ਪੰਨਾ ੧੪੧੫)

ਅੰਮ੍ਰਿਤ ਦੀ, ਕਿਸੇ ਨਾ ਕਿਸੇ ਪ੍ਰਕਾਰ ਹਰੇਕ ਧਰਮ ਜਾਂ ਮਜ਼੍ਹਬ ਨੇ, ਹਰੇਕ ਆਸਤਕ ਨੇ ਹੋਂਦ ਨੂੰ ਮੰਨਿਆ ਅਤੇ ਖੋਜ ਭੀ ਕੀਤੀ ਹੈ। ਅੰਮ੍ਰਿਤ ਦਾ ਚਰਚਾ ਸਾਰਿਆਂ ਧਰਮ-ਗ੍ਰੰਥਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਕੀਤਾ ਗਿਆ ਹੈ।

ਸਿਖ ਧਰਮ ਵਿਚ ਅੰਮ੍ਰਿਤ ਦੀ ਮਹਾਨਤਾ ਅਤੇ ਅੰਮ੍ਰਿਤ ਦੀ ਲਖਤਾ ਬਾਰੇ ਬਾਰ ਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਣਨ ਕੀਤਾ ਹੋਇਆ ਹੈ। ਬੇਅੰਤ ਐਸੇ ਸ਼ਬਦੀ ਪ੍ਰਮਾਣ ਹਨ ਜਿਨ੍ਹਾਂ ਵਿਚ 'ਅੰਮ੍ਰਿਤ' ਕੀ ਹੈ? ਕਿਥੋਂ ਮਿਲਦਾ ਹੈ? ਕਿਵੇਂ ਪੀਣਾ ਹੈ? ਇਸ ਅੰਮ੍ਰਿਤ ਦਾ ਦਾਤਾ ਕੌਣ ਅਤੇ ਕਿਵੇਂ ਹੈ? ਇਹ ਸਾਰਾ ਵਿਸਥਾਰ ਸਤਿਗੁਰੂ ਪਾਤਸ਼ਾਹ ਜੀ ਨੇ ਗੁਰਬਾਣੀ ਰਾਹੀਂ ਬਾਰ ਬਾਰ ਸਪੱਸ਼ਟ ਕੀਤਾ ਹੈ।

ਉਪਰੋਕਤ ਸਾਰੇ ਪ੍ਰਸ਼ਨਾਂ ਦਾ ਉਤਰ ਬਹੁਤ ਵਿਸਥਾਰ ਅਤੇ ਵਿਆਖਿਆ ਦਾ ਮੁਥਾਜ ਹੈ। ਗੁਰਬਾਣੀ ਨੇ ਸੰਕੇਤਕ ਰੂਪ ਵਿਚ ਨਾਮ-ਅੰਮ੍ਰਿਤ, ਸਤਿਗੁਰੂ ਦੇ ਸ਼ਬਦ, ਹੁਕਮ ਅਤੇ ਜੁਗਤੀ ਵਿਚ ਭੀ ਸੱਚਾ ਅੰਮ੍ਰਿਤ ਲੁਪਤ ਫੁਰਮਾਇਆ ਹੈ। ਜਿਵੇਂ ਕਿਸੇ ਸ਼ਹਿਰ ਜਾਂ ਕਸਬੇ ਦੇ ਵਿਚਲੀ ਸੜਕ ਜਾਂ ਰਸਤਾ, ਰਸਤਾ ਭੀ ਹੈ, ਸਾਧਨ ਭੀ ਹੈ, ਜੁਗਤੀ ਭੀ ਹੈ ਅਤੇ ਉਸ ਸ਼ਹਿਰ ਦਾ ਹਿੱਸਾ ਭੀ, ਭਾਵ ਸ਼ਹਿਰ ਜਾਂ ਕਸਬਾ ਭੀ ਜਾਂ ਇਉਂ ਆਖ ਲਈਏ, ਉਹ ਆਪੇ ਹੀ ਰਸਤਾ ਹੈ, ਮਾਰਗ ਹੈ, ਆਪੇ ਹੀ ਉਹ ਕੁਝ ਹੈ ਜਿਸ ਬਾਰੇ ਟੋਹ ਦੇ ਰਿਹਾ ਹੈ। ਇਵੇਂ ਹੀ ਪੂਰਾ ਸਤਿਗੁਰੂ, ਅੰਮ੍ਰਿਤ ਦਾ ਰੁਖ ਭੀ ਹੈ, ਫਲ ਭੀ ਹੈ, ਧਰਤੀ (ਜਿਸ ਵਿਚ ਇਹ ਰੁਖ ਹੈ) ਭੀ ਆਪੇ ਹੀ ਹੈ। ਪੂਰਾ ਸਤਿਗੁਰੂ ਜਿਸ ਬ੍ਰਹਮ ਦੀ ਮਹਿਮਾ ਆਖ ਆਖ ਕੇ ਉਸ ਵਲ ਜਾਣ ਲਈ ਪ੍ਰੇਰਦਾ ਹੈ, ਆਪ ਮਾਰਗ ਬਣ ਕੇ ਵਿਚੋਲਾ ਬਣਦਾ ਹੈ, ਅਸਲ ਵਿਚ ਬ੍ਰਹਮ ਭੀ ਆਪੇ ਹੀ ਹੁੰਦਾ ਹੈ। ਇਸ ਵੀਚਾਰ ਦੀ ਪੁਸ਼ਟੀ ਲਈ ਕੁਝ ਪ੍ਰਮਾਣ ਹੇਠਾਂ ਦਿਤੇ ਜਾਂਦੇ ਹਨ—

–ਸਤਿਗੁਰ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ ॥


www.AKJ.Org

ਗੁਰਸਿਖੀ ਅੰਮ੍ਰਿਤੁ ਬੀਜਿਆ, ਤਿਨ ਅੰਮ੍ਰਿਤ ਫਲੁ ਹਰਿ ਪਾਇ ॥੧॥੭॥

[ਸਲੋਕ ਮ: ੪, ਪੰਨਾ ੩੦੨

—ਜਿਨ ਵਡਿਆਈ ਤੇਰੇ ਨਾਮ ਕੀ, ਤੇ ਰਤੇ ਮਨ ਮਾਹਿ ॥
ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥੧॥੪॥ [ਸਲੋਕ ਮਹਲ ੨, ਪੰਨਾ ੧੨੩੮

—ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥
ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥੨॥੪॥ [ਮ: ੩, ਪੰਨਾ ੬੪੪

—ਸਤਿਗੁਰੁ ਅੰਮ੍ਰਿਤ ਬਿਰਖੁ ਹੈ ਅੰਮ੍ਰਿਤ ਰਸਿ ਫਲਿਆ ॥
ਜਿਸੁ ਪਰਾਪਤਿ ਸੋ ਲਹੈ ਗੁਰ ਸਬਦੀ ਮਿਲਿਆ ॥
ਸਤਿਗੁਰ ਕੈ ਭਾਣੈ ਜੋ ਚਲੈ ਹਰਿ ਸੇਤੀ ਰਲਿਆ ॥੨੦॥ [ਵਾਰ ਸਾਰੰਗ ਮ: ੪, ਪੰਨਾ ੧੨੪੫

ਇਹ ਨਾਮ ਜਾਂ ਸ਼ਬਦ ਰੂਪੀ ਅੰਮ੍ਰਿਤੁ ਪ੍ਰਭੂ ਨੇ ਹਰੇਕ ਦੇ ਅੰਦਰ ਲੁਪਤ ਕੀਤਾ ਹੋਇਆ ਹੈ। ਜਿਸ ਨੂੰ ਪੂਰੇ ਗੁਰੂ ਦੀ ਆਗਿਆ ਵਿਚ ਚਲ ਕੇ ਹੀ ਗੁਰ-ਸ਼ਬਦ ਦੀ ਰਾਹੀਂ ਪਰਗਟ ਕੀਤਾ ਜਾ ਸਕਦਾ ਹੈ। ਇਸ ਅੰਦਰਲੇ ਅੰਮ੍ਰਿਤ-ਕੁੰਡ ਜਾਂ ਤੀਰਥ ਦੀ ਸੋਝੀ ਲਈ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਚ-ਪਰਧਾਨੀ ਜੁਗਤਿ-ਕਿਰਿਆ ਰਾਹੀਂ, ਸਦੀਵੀ ਬਖਸ਼ਿਸ਼ ਕਰ ਦਿਤੀ ਹੈ। ਇਸ ਲਈ ਖੰਡੇ ਕੀ ਪਾਹੁਲ (ਅੰਮ੍ਰਿਤ) ਦੇਣ ਸਮੇਂ ਪੰਜ-ਕਕਾਰੀ ਰਹਿਤ, ਪੰਜ-ਵਿਕਾਰੀ ਕੁਰਹਿਤ ਭਾਵ ਕੁਰਹਿਤਾਂ ਤੋਂ ਪਰਹੇਜ਼ ਭੀ ਜ਼ਰੂਰੀ ਵਿਧਾਨ ਕਰ ਦਿਤਾ। ਡਾਕਟਰ ਦੀ ਦੁਆਈ ਸਮੇਂ ਜਿਵੇਂ ਪੱਥ (ਗ੍ਰਹਿਣ ਕਰਨ ਯੋਗ) ਤੇ ਪਰਹੇਜ਼ (ਤਿਆਗਣ ਯੋਗ) ਹੁੰਦਾ ਹੈ। ਸੋ ਨਾਮ ਬੀਜ ਕੇ ਧਰਮੀ ਕਿਸਾਨ ਨੇ ਇਸ ਦੀ ਰਾਖੀ ਕਰਨੀ ਹੈ, ਗੋਡੀ ਭੀ ਕਰਨੀ ਹੈ, ਪਾਣੀ ਖ਼ੁਰਾਕ ਆਦਿ ਦੇ ਕੇ ਪਾਲਣ ਭੀ ਕਰਨੀ ਹੈ ਤਾਂ ਹੀ ਅੰਮ੍ਰਿਤ-ਫਲ ਦੀ ਪ੍ਰਾਪਤੀ ਹੋਣੀ ਹੈ। ਅੰਮ੍ਰਿਤ ਦਾ ਅਮਰ ਕਰਨ ਵਾਲਾ ਰਸ ਭੀ ਤਾਂ ਹੀ ਗੁਰੂ-ਕਿਰਪਾ ਸਦਕਾ ਮਾਨਣਾ ਹੈ। ਇਹਦੇ ਲਈ ਗੁਰ-ਸਿਖ ਨੇ ਗੁਰੂ-ਹੁਕਮਾਂ ਨੂੰ ਆਪਣੇ ਲਈ ਕਰੜਾਈ ਨਾਲ (ਕਟੜ ਹੋ ਕੇ) ਭੀ ਭਾਵੇਂ ਲਾਗੂ ਕਰਨਾ ਹੋਵੇ, ਪ੍ਰੰਤੂ ਦੂਜਿਆਂ ਪ੍ਰਤੀ ਜਾਂ ਦੂਜੇ ਅਨੁਯਾਈਆਂ ਪ੍ਰਤੀ ਕਟੜਤਾ ਨਹੀਂ ਧਾਰਨੀ, ਸਗੋਂ ਪ੍ਰੇਰਕ ਬਣਨਾ ਹੈ। ਪਖੰਡੀ ਜਾਂ ਝੂਠਾ ਦੂਜੇ ਲਈ ਕਟੜਤਾ ਦਾ ਵਿਖਾਵਾ ਕਰਦਾ ਹੈ। ਸਚਾ ਧਰਮੀ ਤਾਂ ਆਪਣੇ ਲਈ "ਸਚੀ ਰਹਤ ਸਚਾ ਸੁਖੁ ਪਾਏ ॥"* ਨੂੰ ਹੀ ਚੇਤੇ ਰਖਦਾ ਹੈ। ਗੁਰਵਾਕ ਹੈ :—

—ਨਉਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥੧॥੨੩॥

[ਸੁਖਮਨੀ ਸਾਹਿਬ

—ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ॥
ਤਿਨੀ ਪੀਤਾ ਰੰਗ ਸਿਉ ਜਿਨ ਕਉ ਲਿਖਿਆ ਆਦਿ ॥੧॥੪॥ (ਪੰਨਾ—੧੨੩੮)

ਸੋ ਇਹ ਅੰਮ੍ਰਿਤ-ਨਾਮ ਪੂਰੇ ਸਤਿਗੁਰੂ ਪਾਸੋਂ ਹੀ ਪ੍ਰਾਪਤ ਹੁੰਦਾ ਹੈ। ਤਾਂ ਹੀ ਗੁਰਸਿਖ ਦੀ ਭਟਕਣਾ ਮੁਕਦੀ ਹੈ। ਫਿਰ ਕੋਈ ਵਹਿਮ ਜਾਂ ਭਰਮ ਨਹੀਂ ਉਪਜਦਾ। ਸਤਿਗੁਰੂ ਜੀ ਦੀ ਦਸੀ ਰਹਤ ਨੂੰ ਤਨੋਂ ਮਨੋਂ ਕਮਾਉਂਦਾ ਹੋਇਆ ਇਸ ਗੁਰਵਾਕ ਅਨੁਸਾਰ ਹੋਰ ਕਿਸੇ ਦੂਜੇ ਤੀਜੇ ਦੀ ਪਰਵਾਹ ਨਹੀਂ ਕਰਦਾ—

ਅੰਮ੍ਰਿਤੁ ਪੀਆ ਸਤਿਗੁਰਿ ਦੀਆ ॥ ਅਵਰੁ ਨ ਜਾਣਾ ਦੂਆ ਤੀਆ ॥
ਏਕੋ ਏਕੁ ਸੁ ਅਪਰ ਪਰੰਪਰੁ ਪਰਖਿ ਖਜਾਨੈ ਪਾਇਦਾ ॥੧੨॥ [ਮਾਰੂ ਮ: ੧, ਪੰਨਾ ੧੦੩੪

ਇਸ ਅੰਮ੍ਰਿਤ ਨੂੰ ਹਰ ਰੋਜ਼ ਨਿਤਪ੍ਰਤਿ ਹੀ ਭੁੰਚਦਾ ਹੈ, ਕਿਉਂਕਿ ਅੰਦਰਲਾ ਅੰਮ੍ਰਿਤ-ਕੁੰਡ ਸਤਿਗੁਰੂ ਜੀ ਨੇ ਪਰਗਟ ਕਰ ਦਿਤਾ ਹੈ। ਗੁਰੂ-ਹੁਕਮਾਂ ਵਿਚ ਗੁਰੂ-ਸ਼ਬਦ ਦੀ ਕਮਾਈ ਇਸ ਨਾਮ-ਅੰਮ੍ਰਿਤ ਦੀ ਲਗਾਤਾਰਤਾ ਨੂੰ ਕਾਇਮ ਰਖਦੀ ਹੈ :—

*ਪ੍ਰਭਾਤੀ ਮ: ੧, ਅੰਕ ੭॥੨॥ ਪੰਨਾ ੧੩੪੩



www.AKJ.Org

ਅੰਤਰਿ ਖੂਹਟਾ ਅੰਮ੍ਰਿਤਿ ਭਰਿਆ, ਸਬਦੇ ਕਾਢਿ ਪੀਐ ਪਨਿਹਾਰੀ ॥੩॥੫॥

[ਵਡਹੰਸ ਮ: ੩, ਪੰਨਾ ੫੭੦

ਇਹ ਸ਼ਬਦ ਜਾਂ ਹੁਕਮ ਹੀ ਨਾਮ ਹੈ, ਅੰਮ੍ਰਿਤ ਹੈ, ਇਸ ਦੀ ਪ੍ਰਾਪਤੀ ਭੀ ਸਤਿਗੁਰੂ ਦੀ ਕਿਰਪਾ ਨਾਲ ਹੀ ਹੋਣੀ ਹੈ—

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥੧॥ (ਪੰਨਾ ੭੨)

ਸੰਸਾਰ ਰੂਪੀ ਇਸ ਰੁਖ ਨੂੰ ਪ੍ਰਭੂ ਨੇ ਦੋਵੇਂ ਫਲ—ਅੰਮ੍ਰਿਤ ਅਤੇ ਜ਼ਹਿਰ ਦੇ—ਲਾਏ ਹਨ। ਗੁਰਸਿਖ ਨੇ ਅੰਮ੍ਰਿਤ ਬੀਜ ਕੇ ਅੰਮ੍ਰਿਤ-ਫਲ (ਰਸੁ) ਮਾਨਣਾ ਹੈ। ਮਨਮੁਖ ਨੇ ਜ਼ਹਿਰ ਨੂੰ ਹੀ ਵਿਹਾਝਣਾ ਹੈ। ਇਉਂ ਨਿਗੁਰੇ ਮਨੁਖ ਨੂੰ ਰਸ ਭੀ ਕੌੜਾ ਜ਼ਹਿਰੀਲਾ ਹੀ ਮਿਲਣਾ ਹੈ। ਸੋ ਨਾਮ-ਅੰਮ੍ਰਿਤ ਨੂੰ ਗੁਰੂ ਨਾਨਕ ਜੋਤਿ ਨੇ ਗੁਰ-ਸ਼ਬਦ ਵਿਚ ਲੁਪਤ ਕਰ ਕੇ, ਸਦੀਵਕਾਲ ਲਈ ਲੁਪਤ ਕਰ ਕੇ, ਪੰਚ-ਪਰਧਾਨੀ ਸਰੀਰ ਭੀ ਅਜਿਹਾ ਦਿਤਾ ਹੈ, ਜੋ ਕਦੀ ਮਿਟਣ ਵਾਲਾ ਨਹੀਂ ਹੈ। ਇਸੇ ਲਈ ਸ਼ਬਦ (ਸ੍ਰੀ ਗੁਰੂ ਗ੍ਰੰਥ ਸਾਹਿਬ) ਅਤੇ ਦੇਹੀ (ਗੁਰੂ ਖਾਲਸਾ ਪੰਥ) ਵਿਚ ਅੰਮ੍ਰਿਤ-ਨਾਮ ਲੁਪਤ ਕਰ ਕੇ ਗੁਰੂ ਗ੍ਰੰਥ ਅਤੇ ਗੁਰੂ ਪੰਥ ਨੂੰ ਇਕ-ਮਿਕ ਕਰਕੇ ਸੰਤ-ਸਿਪਾਹੀ (ਖਾਲਸਾ) ਕਾਇਮ ਕਰ ਦਿਤਾ, ਜੋ ਕਿਸੇ ਦੇ ਮਾਰਿਆਂ ਭੀ ਨਹੀਂ ਮੁਕਣਾ। ਇਹੋ ਕਾਰਨ ਹੈ ਕਿ ਖਾਲਸਾ ਪੰਥ ਕਿਸੇ ਵਿਅਕਤੀ-ਖ਼ਾਸ ਨੂੰ ਗੁਰੂ ਨਹੀਂ, ਸਗੋਂ ਆਦਰ ਯੋਗ ਗੁਰਸਿਖ ਦੇ ਤੌਰ ਪਰ ਮਾਣ-ਸਤਿਕਾਰ ਦੇ ਸਕਦਾ ਹੈ। ਅੰਮ੍ਰਿਤ-ਅਧਾਰੀ, ਖਾਲਸਾ ਪੰਚ-ਪਰਧਾਨੀ ਹੀ ਅੰਮ੍ਰਿਤ-ਦੀਖਿਆ ਦੇਣ ਦਾ ਅਧਿਕਾਰੀ ਹੈ; ਉਹ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਵਿਚ ਹੀ।

# ਸਪੱਸ਼ਟੀਕਰਨ

ਮਿਤੀ ੫ ਜਨਵਰੀ ੧੯੯੪ ਨੂੰ ਅਖੰਡ ਕੀਰਤਨੀ ਜਥੇ ਦੇ ਪੰਜਾਂ ਪਿਆਰਿਆਂ ਵਲੋਂ ਜੋ ਸਮਾਗਮ ਲੁਧਿਆਣੇ ਵਿਖੇ ਦੁਬਿਧਾ ਦੂਰ ਕਰਨ ਸੰਬੰਧੀ ਹੋਇਆ ਸੀ, ਉਸ ਵਿਚ ਮੇਰੇ ਅਤੇ ਪੰਜਾਂ ਪਿਆਰਿਆਂ ਵਿਚਕਾਰ ਜੋ ਫ਼ੈਸਲੇ ਹੋਏ ਸਨ, ਦਾਸ ਉਸ ਉਤੇ ਇੰਨ ਬਿੰਨ ਕਾਇਮ ਹੈ ਅਤੇ ਪਾਬੰਦ ਹੈ, ਅਤੇ ਉਹਨਾਂ ਵਲੋਂ ਲਏ ਗਏ ਫ਼ੈਸਲੇ ਅਟੱਲ ਰਹਿਣਗੇ।

ਇਸ ਤੋਂ ਉਪਰੰਤ ਇਸ ਫ਼ੈਸਲੇ ਸੰਬੰਧੀ ਜਨਵਰੀ ੧੯੯੪ ਦੇ 'ਸੂਰਾ' ਮਾਸਕ ਪੱਤਰ ਵਿਚ ਛਪੀ ਸਹੀ ਖ਼ਬਰ ਨੂੰ 'ਅਜੀਤ' ਅਖ਼ਬਾਰ ਵਿਚ ਤੋੜ ਮਰੋੜ ਕੇ ਛਾਪਿਆ ਗਿਆ, ਉਹ ਖ਼ਬਰ ਮੰਦਭਾਗੀ ਅਤੇ ਗ਼ਲਤ ਸੀ। ਇਸੇ ਤਰ੍ਹਾਂ ਫ਼ਰਵਰੀ ੯੪ ਦੇ 'ਸੂਰਾ' ਮਾਸਕ ਪੱਤਰ ਵਿਚ ਜੋ ਖ਼ਬਰ ਛਪੀ ਸੀ, ਉਹ ਮੇਰੀ* ਰਜ਼ਾਮੰਦੀ ਤੋਂ ਬਗੈਰ ਛਪੀ ਸੀ। ਇਸ ਖ਼ਬਰ ਦੇ ਪ੍ਰਤੀਕਰਮ ਵਜੋਂ ਬਾਅਦ ਵਿਚ ਕੁਝ ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ ਵੀ ਮੇਰੀ ਆਗਿਆ ਤੋਂ ਬਿਨਾਂ ਛਪੀਆਂ, ਜੋ ਸਭ ਨਿਰਮੂਲ ਹਨ।

ਮੈਂ ਇਸ ਸੰਬੰਧ ਵਿਚ ਸਭ ਨੂੰ ਤਾੜਨਾ ਕਰਦਾ ਹਾਂ ਕਿ ਪੰਜ ਪਿਆਰਿਆਂ ਦੇ ਕੀਤੇ ਫ਼ੈਸਲੇ ਅਨੁਸਾਰ ਕੋਈ ਵੀ ਵਿਅਕਤੀ ਜਥੇ ਸੰਬੰਧੀ ਵਿਵਾਦ-ਗ੍ਰਸਤ ਖ਼ਬਰ ਅਖ਼ਬਾਰਾਂ ਵਿਚ ਨਾ ਦੇਵੇ। ਜਥੇ ਵਿਚ ਕੋਈ ਵੀ ਦੁਬਿਧਾ ਨਹੀਂ ਹੈ ਅਤੇ ਸਮੁੱਚਾ ਜਥਾ ਇਕ-ਮੁੱਠ ਹੈ। ਦਾਸ ਨੇ ਪੰਜਾਂ ਪਿਆਰਿਆਂ ਨੂੰ ਦਿਤਾ ਵਚਨ ਨਿਭਾ ਦਿਤਾ ਹੈ। ਜਥੇ ਸੰਬੰਧੀ ਕੋਈ ਵੀ ਪਾਲਿਸੀ-ਬਿਆਨ ਕੇਵਲ ਦਾਸ ਦੇ ਦਸਖ਼ਤਾਂ ਹੇਠ ਜਥੇ ਦੇ 'ਸੂਰਾ' ਮਾਸਕ ਪੱਤਰ ਵਿਚ ਛਾਪਿਆ ਜਾਇਆ ਕਰੇਗਾ।

ਮਿਤੀ ੧੦.੩.੯੪ — ਦਸਖਤ—ਰਾਮ ਸਿੰਘ (ਜਥੇਦਾਰ ਅਖੰਡ ਕੀਰਤਨੀ ਜਥਾ)

*'ਸੂਰਾ' ਵਿਚ ਖ਼ਬਰ, ਪੰਚਾਂ ਦੇ ਜਥੇਦਾਰ ਜੀ ਪਾਸੋਂ ਤਸੱਲੀ ਕਰ ਕੇ ਛਾਪੀ ਗਈ ਸੀ। —ਸੰਪਾਦਕ



www.AKJ.Org

# ਜਥੇਦਾਰ ਸਾਹਿਬ ਵਲੋਂ ਸੰਗਤੀ ਫ਼ੈਸਲੇ

ਅੱਜ ਮਿਤੀ ੧-੪-੬੪, ਲੁਧਿਆਣੇ ਵਖ ਵਖ ਸ਼ਹਿਰਾਂ ਤੋਂ ਪੁਜੀ ਸੰਗਤ ਦੇ ਇਕੱਠ ਵਿਚ ਹੇਠ ਲਿਖੇ ਮਤੇ ਸਰਬ-ਸੰਮਤੀ ਨਾਲ ਪਰਵਾਨ ਹੋਏ—

੧. ਅਖੰਡ ਕੀਰਤਨੀ ਜਥੇ ਵਿਚ ਕੋਈ ਮੀਤ ਜਥੇਦਾਰ ਨਹੀਂ ਹੈ।

੨. ਕੀਰਤਨ ਭਾਵੇਂ ਪੋਥੀ ਤੋਂ ਭਾਵੇਂ ਕੰਠਾਗਰ ਹੋਵੇ, ਦੋਨੋ ਪਰਵਾਨ ਹਨ। ਕੋਈ ਵੀ ਸਿੰਘ ਸਿੰਘਣੀ ਇਸ ਬਾਰੇ ਵਾਦ-ਵਿਵਾਦ ਨਾ ਕਰੇ।

੩. 'ਸੂਰਾ' ਪਰਚਾ ਅਗੇ ਤੋਂ, ਕੁਝ ਸਮੇਂ ਬਾਅਦ ਲੁਧਿਆਣੇ ਤੋਂ ਪ੍ਰਕਾਸ਼ਤ ਹੋਇਆ ਕਰੇਗਾ। ਪ੍ਰੋਫ਼ੈਸਰ ਗੁਰਮੁਖ ਸਿੰਘ ਇਸ ਦੇ ਐਡੀਟਰ ਦੀ ਸੇਵਾ ਨਿਭਾਉਣਗੇ।

੪. ਪੀੜਤ-ਫ਼ੰਡ ਸੂਰਾ-ਫ਼ੰਡ ਵਿਚ ਸ਼ਾਮਲ ਕੀਤਾ ਜਾਵੇਗਾ।

੫. ਕਿਸੇ ਵੀ ਅੰਮ੍ਰਿਤਧਾਰੀ ਰਹਿਤਵਾਨ ਸਿੰਘ ਸਿੰਘਣੀ ਨੂੰ ਲੰਗਰ ਜਾਂ ਕੀਰਤਨ ਦੀ ਸੇਵਾ ਤੋਂ ਰੋਕਿਆ ਨਾ ਜਾਵੇ।

੬. ਜਥੇ ਦੇ ਹਰ ਕਾਰਜ ਵਿਚ ਜਥੇਦਾਰ ਸਾਹਿਬ ਜੀ ਨੂੰ ਪੂਰਨ ਸਹਿਯੋਗ ਦਿਤਾ ਜਾਵੇ।

ਦਸਖਤ—ਰਾਮ ਸਿੰਘ (ਜਥੇਦਾਰ)

ਹਾਜ਼ਰ ਸਜਣਾਂ ਦੇ ਦਸਖ਼ਤ—

੧. (ਭਾ:) ਬੇਅੰਤ ਸਿੰਘ, ਦਿਲੀ। ੨. ਹਰਿਚਰਨ ਸਿੰਘ, ਚੰਡੀਗੜ੍ਹ। ੩. ਮੋਹਰ ਸਿੰਘ, ਦਿੱਲੀ। ੪. ਜੋਗਿੰਦਰ ਸਿੰਘ, ਅੰਮ੍ਰਿਤਸਰ। ੫. ਦਲਜੀਤ ਸਿੰਘ (ਕਰਨਲ), ਮਿੱਠਾਪੁਰ। ੬. ਅਰਜਨ ਸਿੰਘ, ਫਗਵਾੜਾ। ੭. ਅਵਤਾਰ ਸਿੰਘ, ਖੰਨਾ। ੮. ਹਰਸ਼ਰਨ ਕੌਰ, ਮਿੱਠਾਪੁਰ। ੯. ਦਿਆਲ ਸਿੰਘ, ਲੁਧਿਆਣਾ। ੧੦. ਸੇਵਾ ਸਿੰਘ, ਅੰਮ੍ਰਿਤਸਰ। ੧੧. ਤਾਰਾ ਸਿੰਘ, ਲੁਧਿਆਣਾ। ੧੨. ਗੁਰਬਚਨ ਸਿੰਘ, ਅੰਮ੍ਰਿਤਸਰ। ੧੩. ਜਸਬੀਰ ਸਿੰਘ ਬੀਰ, ਚੰਡੀਗੜ੍ਹ। ੧੪. ਕਰਮ ਸਿੰਘ, ਲੁਧਿਆਣਾ। ੧੫. ਭਜਨ ਸਿੰਘ, ਜਲੰਧਰ। ੧੬. ਹਰਦਿਤ ਸਿੰਘ, ਦਿਲੀ। ੧੭. ਜੋਗਿੰਦਰ ਸਿੰਘ, ਪਟਿਆਲਾ। ੧੮. ਸੁਰਜੀਤ ਸਿੰਘ, ਪਟਿਆਲਾ। ੧੯. ਹਰਬੰਸ ਸਿੰਘ, ਲੁਧਿਆਣਾ। ੨੦. ਅੰਮ੍ਰਿਤਪਾਲ ਸਿੰਘ, ਦਿਲੀ। ੨੧. ਗੁਰਮੁਖ ਸਿੰਘ, ਅੰਮ੍ਰਿਤਸਰ/ਪਟਿਆਲਾ। ੨੨. ਬਲਬੀਰ ਸਿੰਘ, ਲੁਧਿਆਣਾ। ੨੩. ਮਾਸਟਰ ਗੁਰਦਿਆਲ ਸਿੰਘ, ਫਗਵਾੜਾ। ੨੪. ਅਜੀਤ ਸਿੰਘ, ਲੁਧਿਆਣਾ। ੨੫. ਹਰਭਜਨ ਸਿੰਘ, ਲੁਧਿਆਣਾ (ਗੁਰੂ ਕੀ ਤਾਬਿਆ)। ੨੬. ਜੋਧ ਸਿੰਘ, ਦਿਲੀ।

## ਸੂਰਾ ਮਾਸਕ ਪਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਭਾ: ਬਲਦੇਵ ਸਿੰਘ ਬਹਾਦਰਗੜ੍ਹ | ੫੦-੦੦ | ਗੁਪਤ ਸੇਵਾ — — | ੨੦੦-੦੦ |
| ਸ: ਜਗਜੀਵਨ ਸਿੰਘ ਫਤਹ ਮਾਜਰੀ | ੧੦੦-੦੦ | ਬੀਬੀ ਅੰਮ੍ਰਿਤ ਕੌਰ ਖਾਲਸਾ ਮੇਰਠ | ੫੦੦-੦੦ |
| ਭਾ: ਅਵਤਾਰ ਸਿੰਘ ਜੀਵਨ ਸਿੰਘ | ੧੦,੦੦੦-੦੦ | ਭਾ। ਸੁਖਦੇਵ ਸਿੰਘ ਮਸਕਟ | ੪੦੦-੦੦ |
| ਗੁਰੂ ਕਾ ਸੇਵਾਦਾਰ ਜੋਧਪੁਰ | ੧੫੦-੦੦ | | |

# ਰਾਗਮਾਲਾ ਬਾਰੇ ਵਿਚਾਰ

ਰਾਗਮਾਲਾ ਦੀ ਅਸਲੀਅਤ ਨੂੰ ਸਮਝਣ ਲਈ ਇਸ ਟਰੈਕਟ ਵਿਚ ਦਿਤੇ ਭਾਈ ਕਾਨ੍ਹ ਸਿੰਘ ਜੀ ਨਾਭਾ, ਪ੍ਰੋ: ਪਿਆਰਾ ਸਿੰਘ ਜੀ ਪਦਮ, ਭਾ: ਸਾ: ਰਣਧੀਰ ਸਿੰਘ, ਜੀ, ਸ: ਸ਼ਮਸ਼ੇਰ ਸਿੰਘ ਅਸ਼ੋਕ, ਵੈਦਰਾਜ ਗਿ: ਅਰਜਨ ਸਿੰਘ ਜੀ ਅਤੇ ਹੋਰ ਵਿਦਵਾਨਾਂ ਦੇ ਖੋਜ-ਪੂਰਤ ਵਿਚਾਰ ਪੜ੍ਹੋ। ਇਨ੍ਹਾਂ ਲੇਖਾਂ ਨੂੰ ਪੜ੍ਹ ਕੇ ਇਹ ਤੱਥ ਸਪੱਸ਼ਟ ਤੌਰ ਤੇ ਉਘੜ ਆਉਂਦਾ ਹੈ ਕਿ 'ਰਾਗਮਾਲਾ ਗੁਰਬਾਣੀ ਹੈ' ਜਾਂ ਨਹੀਂ। ਇਸ ਨੂੰ ਆਪ ਪੜ੍ਹੋ ਅਤੇ ਹੋਰਨਾਂ ਵੀਰਾਂ ਭੈਣਾਂ ਨੂੰ ਪੜ੍ਹਾਓ। ਭੇਟਾ ਕੇਵਲ ੧-੫੦

www.AKJ.Org

# ਸ੍ਰੀ ਅੰਮ੍ਰਿਤਸਰ ਵਿਖੇ ਵੈਸਾਖੀ ਅਖੰਡ ਕੀਰਤਨ ਸਮਾਗਮ

੧੧ ਤੋਂ ੧੪ ਅਪ੍ਰੈਲ ਸਵੇਰ ਤਕ ਹੇਠ ਦਿਤੇ ਪ੍ਰੋਗਰਾਮ ਅਨੁਸਾਰ ਵੈਸਾਖੀ ਦਾ ਪੁਰਬ ਮਨਾਇਆ ਜਾ ਰਿਹਾ ਹੈ । ਰਿਹਾਇਸ਼, ਲੰਗਰ ਅਤੇ ਅੰਮ੍ਰਿਤ ਸੰਚਾਰ ਬੀ ਬਲਾਕ, ਗੁਰਦਵਾਰਾ ਸ਼ਹੀਦਗੰਜ ਵਿਖੇ ਹੋਣਗੇ ।

੧੧-੪-੯੪ ਸਵੇਰੇ ਕੀਰਤਨ ਉਪਰੰਤ ੮ ਵਜੇ ਸ੍ਰੀ ਅਖੰਡਪਾਠ ਅਰੰਭ ਗੁਰਦਵਾਰਾ ਸ਼ਹੀਦਗੰਜ ਬੀ ਬਲਾਕ ਵਿਖੇ

੧੩-੪-੯੪ ,, ੬ ਵਜੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਇਕ ਵਜੇ ਤਕ ਅਖੰਡ ਕੀਰਤਨ

**ਰੈਣ ਸਬਾਈ** ਕੀਰਤਨ ਦੀਵਾਨ ਹਾਲ ਮੰਜੀ ਸਾਹਿਬ (ਸ੍ਰੀ ਦਰਬਾਰ ਸਾਹਿਬ ਵਿਖੇ)

ਸੋਦਰ ਦੇ ਪਾਠ ਉਪਰੰਤ ਅਰੰਭ ਹੋਣਗੇ । ਅਤੇ ੧੪-੪-੯੪ ਨੂੰ ਸਵੇਰੇ ਭੋਗ ਪੈਣਗੇ ।

**ਅੰਮ੍ਰਿਤ ਸੰਚਾਰ** ਸਮਾਗਮ ੧੩.੪.੯੪ ਬੁਧਵਾਰ ਸ਼ਾਮ ੮ ਵਜੇ ਗੁਰਦਵਾਰਾ ਸ਼ਹੀਦਗੰਜ ਬੀ ਬਲਾਕ ਵਿਖੇ ਅਰੰਭ ।

**ਅਨੰਦ ਕਾਰਜ** ੧੩.੪.੯੪ ਨੂੰ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਗੁਰਦਵਾਰਾ ਸ਼ਹੀਦਗੰਜ ਵਿਖੇ ਹੋਣਗੇ ।

**ਨੋਟ**—ਸੰਗਤਾਂ ਲੋੜ ਅਨੁਸਾਰ ਬਿਸਤਰੇ ਲਈ ਆਉਣ ।

(੨) ਪੁਛ ਗਿਛ ਟੈਲੀਫੋਨ ਨੰ: 63537 ਜਥੇਦਾਰ ਭਾਈ ਸਾਹਿਬ ਭਾਈ ਸਾਹਿਬ ਰਾਮ ਸਿੰਘ ਜੀ ਅੰਮ੍ਰਿਤਸਰ

ਦਰਸ਼ਨ ਅਭਿਲਾਖੀ—ਰਾਮ ਸਿੰਘ ਜਥੇਦਾਰ, ਅਖੰਡ ਕੀਰਤਨੀ ਜਥਾ (ਕੇਂਦਰੀ ਦਫ਼ਤਰ)

**ਮਾਸਕ ਰੈਣ ਸਬਾਈ ਕੀਰਤਨ ਗੁ: ਖੂਹੀ ਸਰ ਕੋਟ ਮੰਗਲ ਸਿੰਘ(C.T.I. ਦੇ ਪਿਛੇ) ਲੁਧਿਆਣਾ, ੯ ਅਪ੍ਰੈਲ**
**ਪ੍ਰੇਮਪੁਰ (ਟਾਂਡਾ ਉੜਮੁੜ) ਭੋਲਾ ਸਿੰਘ, ਸਵੇਰੇ ਭੋਗ ਅਖੰਡਪਾਠ ਤੇ ਕੀਤਰਨ ਰੈਣ ਸਬਾਈ ੧੬ ਅਪ੍ਰੈਲ**
**ਲੁਧਿਆਣਾ ਗੁ: ਸ੍ਰੀ ਗੁਰੂ ਕਲਗੀਧਰ ਸਿੰਘ ਸਭਾ ਫ਼ੀਲਡਗੰਜ, ਰੈਣ ਸਬਾਈ ਕੀਰਤਨ, ੨੩ ਅਪ੍ਰੈਲ**
**ਪੱਟੀ ਗੁ: ਅਕਾਲਗੜ੍ਹ ਸਾਹਿਬ, (ਚੌਕ ਭਾਂਡਿਆਂ) ਰੈਣ ਸਬਾਈ ਕੀਰਤਨ, ਅੰਮ੍ਰਿਤ ਸੰਚਾਰ, ੨੩ ਅਪ੍ਰੈਲ**
**ਕਾਂਗੜਾ (ਨੇੜੇ ਹਰਿਗੋਬਿੰਦਪੁਰਾ)(ਗੁਰਦਾਸਪੁਰ)ਭਾ: ਜਗੀਰ ਸਿੰਘ, ਰੈਣ ਸਬਾਈ ਕੀਰਤਨ ੨੩ ਅਪ੍ਰੈਲ**
**ਦਸੂਆ (ਹੁਸ਼ਿਆਰਪੁਰ) ਗ੍ਰਹਿ ਭਾਈ ਪ੍ਰੀਤਮ ਸਿੰਘ, ਦਿਨ ਸੁਹੇਲਾ ਕੀਰਤਨ, ੨੪ ਅਪ੍ਰੈਲ**
**ਬਸੰਤਪੁਰਾ ਬਰਾੜਾ (ਅੰਬਾਲਾ) ਸੇਵਾ ਸਿੰਘ ਡਰਾਈਵਰ, ਭੋਗ ਅਖੰਡਪਾਠ ਦਿਨਸੁਹੇਲਾ ਕੀਰਤਨ 24.4**
**ਬਠਿੰਡਾ, ਗੁ: ਸ੍ਰੀ ਗੁਰੂ ਸਿੰਘ ਸਭਾ; ਰੈਣ ਸਬਾਈ ਕੀਰਤਨ ੩੦ ਅਪ੍ਰੈਲ**
**ਯਮਨਾ ਨਗਰ ਹਰਵਿੰਦਰ ਸਿੰਘ ਅਜੀਤ ਸਿੰਘ 507, ਰਣਜੀਤ ਗਲੀ,ਦਿਨ ਸੁਹੇਲਾ, ਰੈਣ ਸਬਾਈ 30.4.**

## ਅਖੰਡ ਕੀਰਤਨੀ ਜਥਾ ਯੂ. ਕੇ, ਵਲੋਂ ਗੁਰਮਤਿ ਸਮਾਗਮ

(1) ਇੰਟਰਨੈਸ਼ਨਲ ਪੱਧਰ ਤੇ ਸ਼ਹੀਦਾਂ ਨਮਿਤ ਸ੍ਰੀ ਅਖੰਡਪਾਠ ਅਤੇ ਰੈਣ ਸਬਾਈ ਕੀਰਤਨ ਗੁਰਦੁਆਰਾ ਲਮਿੰਗਟਨ ਸੱਪਾ ਵਿਖੇ
ਸ਼ਨੀਵਾਰ 16-4-94 ਤੇ ਵੀਰਵਾਰ 21-4-94 ਸ੍ਰੀ ਅਖੰਡਪਾਠ ਅਰੰਭ, ਭੋਗ 23-4-94 ਸ਼ਾਮ ਨੂੰ
23-4-94 ਸੋਦਰ ਉਪਰੰਤ ਰੈਣ ਸਬਾਈ ਕੀਰਤਨ ਅਰੰਭ, 24.4.94 ਸਵੇਰੇ 6 ਵਜੇ ਸਮਾਪਤੀ
ਫ਼ੋਨ ਗੁਰਦੁਆਰਾ 0926-424297, ਭਾ. ਫਲਵਿੰਦਰ ਸਿੰਘ 0926-3386, ਭਾ. ਜਰਨੈਲ ਸਿੰਘ 0926-330008

(2) 21-5-94 ਰੈਣ ਸਬਾਈ ਕੀਰਤਨ, ਗੁਰੂ ਨਾਨਕ ਗੁਰਦੁਆਰਾ, 8-ਐਡਵਰਡਜ਼ ਸਟਰੀਟ, ਵੈਸਟ ਬ੍ਰਹਮ ਵਿਚ, ਬਰਮਿੰਘਮ
ਫ਼ੋਨ ਗੁਰਦੁਆਰਾ 021-553-1242, ਭਾ; ਜੋਗਿੰਦਰ ਸਿੰਘ 021-580-1898, ਭਾ. ਕੁਲਦੀਪ ਸਿੰਘ 021-525-6015

**ਯੂ.ਕੇ. ਦੇ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਉਣ ਲਈ ਪਤਾ (ਫ਼ੋਨ 0734-267900)**

*Bhai Gurnam Singh, 10-Lambourne Gardens, Earley, Reading, Berk, U.K.*

**ਗੁਰਬਾਣੀ ਦੇ ਸਤਿਕਾਰ ਲਈ 'ਸੂਰਾ' ਪੱਤਰ ਨੂੰ ਉਚੀ ਥਾਂ ਸਤਿਕਾਰ ਨਾਲ ਰਖੋ ਜੀ ।**

ਮਨੀਆਰਡਰ, ਬੈਂਕ ਡਰਾਫਟ ਤੇ ਚਿੱਠੀ ਪੱਤਰ ਭੇਜਣ ਦਾ ਪਤਾ

**'ਸੂਰਾ' ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ-143006**

www.AKJ.Org